Digitized by Arya Samaj Foundation Chennai and eGangotri

پنجابی سورما

مصنفہ

مسٹر سنتوکھ بدل ایم اے

४९६
४

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

❁ ओ३म् ❁ ४१५/४

पुस्तक संख्या

पंजिका-संख्या 22682

पुस्तक पर सर्व प्रकार की निशानियां लगाना वर्जित है। कोई महाशय १५ दिन से अधिक देर तक पुस्तक अपने पास नहीं रख सकते। अधिक देर तक रखने के लिये पुनः आज्ञा प्राप्त करनी चाहिये।

राय बहादुर श्री लालचन्द भाटिया
रिटायर्ड असिस्टैण्ट गैरिज़न एञ्जिनियर से
गुरुकुल विश्वविद्यालय कांगड़ी पुस्तकालय को
सप्रेम भेंट

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CHECKED 1973

गुरुकुल कांगड़ी

४१५/४

22.6.८४

स्टाक प्रमाणीकरण १९८४-१९८५

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

4552

ਪੰਜਾਬੀ ਸੂਰਮਾ

ਦੂਜਾ ਭਾਗ

ਸੂਰਮੇ ਅਰ ਬਹਾਦਰ ਸਿੰਘਾਂ ਦੀ ਸੂਰਮਤਾਈ
ਅਰ ਦਲੇਰੀ ਅਤੇ ਖ਼ਾਲਸਾ ਸ਼ਹੀਦਾਂ ਦੀ
ਦਰਦ ਭਰੀ ਕਹਾਨੀ

ਕ੍ਰਿਤ
ਸ਼ਿਵਬ੍ਰਤ ਲਾਲ ਵਰਮਨ

ਜਿਸਨੂੰ
ਅਰੂੜ ਸਿੰਘ, ਤਾਇਬ
ਪ੍ਰਸਿਧ ਪੰਜਾਬੀ ਤੁਲਬਾਕਾਰ ਨੇ
ਬੜੇ ਪ੍ਰੇਮ ਨਾਲ ਉਰਦੂ ਤੋਂ ਪੰਜਾਬੀ ਵਿਚ
ਉਲਥਾ ਕੀਤਾ
ਅਤੇ

ਭਾਰਤ ਲਿਟਰੇਚਰ ਕੰਪਨੀ
ਲਿਮਿਟਿਡ ਲਾਹੌਰ ਨੇ
੧੯ ਨਵੰਬਰ ਸੰ: [illegible] ਈ: ਨੂੰ

ਖਾਲਸਾ ਪ੍ਰੇਸ [illegible] ਮੇਂ ਭਾਈ ਮਯਾ-
ਸਿੰਘ [illegible] ਛਪਵਾਯਾ

[illegible]

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

੧ ਓ ਸਤਿਗੁਰ ਪ੍ਰਸਾਦਿ

Digitized by Arya Samaj Foundation Chennai and eGangotri

ਭੂਮਿਕਾ

ਪੰਜਾਬੀ ਸਰਮੇ ਦੇ ਪਹਿਲੇ ਭਾਗ ਵਿੱਚ ਦਸਾਂ ਗੁਰੂ ਸਾਹਿਬਾਂ ਦਾ ਸੰਖੇਪ ਜੀਵਨ ਬ੍ਰਿਤਾਂਤ ਦਸਿਆ ਗਿਆ ਹੈ ਜਿਨਾਂ ਨੇ ਉਸ ਬ੍ਰਿਤਾਂਤ ਨੂੰ ਧਿਆਨ ਨਾਲ ਪੜ੍ਹਿਆ ਹੈ ਉਨਾਂ ਨੂੰ ਹੈਰਾਨੀ ਹੋਵੇਗੀ ਕਿ ਸਿਖ ਮਤ ਲੜੀ ਦੀ ਅਰੰਭਕ ਅਤੇ ਅੰਤਸ਼ ਕੜੀਆਂ ਦੇ ਵਿੱਚ ਧਰਤੀ ਤੇ ਆਕਾਸ਼ ਦਾ ਫ਼ਰਕ ਹੈ। ਸ੍ਰੀ ਗੁਰੂ ਨਾਨਕਦੇਵਜੀ ਮਹਾਰਾਜ ਨਿਰੰਕਾਰੀ ਸੰਸਾਰ ਨੂੰ ਸਰਬ ਮੈਤ੍ਰੀ ਭਾਵ ਦਾ ਸਨੇਹਾ ਸੁਨਾਉਣੇ ਆਏ ਸਨ, ਉਨਾਂ ਦੇ ਕਾਰਜ ਦਾ ਆਰੰਭ ਅਤਿ ਸ਼ੁਭਨੀਕ ਅਰ ਉਤਮ ਸਮਯ ਤੇ ਕੀਤਾ ਗਿਆ। ਅਨਜਾਏ, ਨਸ਼ਟ, ਚੇਸ਼ਟਾ ਧਾਰਿਕ, ਮਨ ਦੀ ਪਵਿਤ੍ਰਤਾ ਉਨਾਂ ਦੇ ਪੰਥ ਦਾ ਨਿਅਮ ਸਾ। ਅਰ ਇਸ ਨਿਅਮ ਦੇ ਵਰਤਨ ਵਿੱਚ ਗੁਰੂ ਮਹਾਰਾਜ ਨੇ ਸਭਯਤਾ ਦੀ ਯਾਤ੍ਰਾ ਦਾ ਵਰਨ ਦਿਤਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਰ ਭੀੜਾਂ ਦੀਆਂ ਭੀੜਾਂ ਆਦਮੀਆਂ ਦੀਆਂ ਉਨਾਂ ਦੀ ਸੇਵਾ ਅਰ ਸੰਗਤ ਤੋਂ ਮੁਕਤੀ ਪ੍ਰਾਪਤ ਕਰਨ ਲਈ ਆਉਨ ਲਗੀਆਂ। ਜੇਕਰ ਉਨਾਂ ਨੂੰ ਯਾ ਉਨਾਂ ਦੇ ਉਪ੍ਰੋਕਤ ਸਮਯ ਦੇ ਗਦੀਵਾਨਾਂ ਨਾਲ ਬਿਅਰਥ ਬਲੋੜ ਵਿਖਾਦ ਨ ਕੀਤਾ ਜਾਂਦਾ ਅਰ ਉਨਾ ਨੂੰ ਤੰਗ ਨਾ ਕੀਤਾ ਜਾਂਦਾ ਤਾਂ ਫਲ ਇਹ ਹੁੰਦਾ ਕਿ ਵਿਰੋਧ ਦੀ ਭੜਕੀ ਹੋਈ ਅੱਗ ਜੋ ਦਿਨੋ ਦਿਨ ਨਾਸ਼ ਅਰ ਉਜਾੜ ਦੇ ਕੌਤੁਕ ਦਿਖਾ ਰਹੀ ਸੀ ਬੁਝ ਜਾਂਦੀ ਕਿਉਂ ਜੋ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦਾ ਤਾਤਪਰਜ ਵਿਰੋਧ ਅਰ ਵੈਰ ਭਾਵ ਦਾ ਨਹੀਂ ਸੀ ਉਹ ਕੇਵਲ ਇਕ ਜਗਤ ਪ੍ਰਚਾਰਕ ਨਿਅਮ (ਏਕਤਾ) ਉਪਦੇਸ਼ ਸੁਨਾਉਣੇ ਆਏ ਸਨ ਜੋ ਹਰ ਪੰਥ ਅਰ ਕੌਮ ਦਾ ਪੁਰਸ਼ ਉਸ ਨੂੰ ਤਨੋਂ ਮਨੋਂ ਹੋ ਕੇ ਨ ਸੁਨਦਾ ਹੀ ਸੀ ਕਿੰਤੂ ਕਬੂਲਦਾ ਭੀ ਸੀ ਜਿਹਾ ਕ ਉਸ ਸਮਯ ਦੇ ਅਧਿਕ ਮੈਤ੍ਰੀ ਭਾਵ ਰਖਨੇ ਵਾਲੇ ਹਿੰਦੂਆਂ ਅਰ ਮੁਸਲਮਾਨ ਲੋਕਾਂ ਨੇ ਅਪਨੇ ਆਤਮਕ ਪ੍ਰਮਾਨਾਂ ਨਾਲ ਸਿਧ ਕਰ ਦਿਤਾ ਸੀ ॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਸਿਖਯਾ ਦੀ ਇਹ ਭਾਰੀ ਖੂਬੀ ਸੀ ਕਿ ਉਹ ਕਿਸੇ ਦੀਂ ਕਦਾਚਿਤ ਰਈ ਰਿਐਤ ਨਹੀਂ ਕਰਦੇ ਸੀ। ਹਿੰਦੂ ਅਰ ਮੁਸਲਮਾਨ ਦੋਹਾਂ ਨੂੰ ਪ੍ਰੀਤੀ ਭੋਜਨ ਦਿਤੇ ਜਾਂਦੇ ਸੀ। ਅਰ ਦੋਵੇਂ ਪੰਥ ਹੀ ਉਸ ਪ੍ਰੇਮਾ ਅਰ ਪਵਿਤ੍ਰ ਮਰੀਯਾ ਦੇ ਹੁਲੇਰ ਤਨੋਂ ਮਨੋਂ ਸੁਨਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੀ। ਜਿਸਤਰਾਂ ਯਾ ਜਿਸ ਵਿਚਾਰ ਨੂੰ ਲੈਕੇ ਸ੍ਰੀ ਗੁਰੂ ਨਾਨਕ ਦੇਵਮਹਾਰਾਜਨੇ ਇਹ ਕਾਰਜਪ੍ਰਚਾਲਿਤ ਕੀਤਾ ਸੀ ਉਹ ਕਬੀਰ ਜੀ ਦੇ ਹੇਠ ਲਿਖੇ ਸ਼ਬਦ ਤੋਂ ਭਲੀ ਪ੍ਰਕਾਰ ਪ੍ਰਗਟ ਹੋ ਜਾਇ ਗਾ :—

ਦੇਖੋ ਜਗ ਬਉਰਾਨਾ ਸਾਧੂ ਗੁਰ ਕਾ ਬਚਨ ਨ ਮਾਨਾ।
ਹਿੰਦੂ ਕਹਿਤ ਹੈਂ ਰਾਮ ਹਮਾਰਾ ਮੁਸਲਮਾਨ ਰਹਿਮਾਨਾ।
ਆਪਸਮੇਂ ਦੋਉ ਲੜ ਮੱਰਤ ਹੈਂ ਦੁਬਿਧਾ ਮੈਂ ਲਪਟਾਨਾ।

ਸਾਧੂ ਗੁਰ ਕਾ ਬਚਨ ਨ ਮਾਨਾ

ਬਹੁਤ ਮਿਲੇ ਮੋਹਿ ਨੇਮੀ ਧਰਮੀ ਪ੍ਰਾਤ ਕਰੇਂ ਅਸ਼ਨਾਨਾ। ਆਤਮ ਮਾਰ ਪਖਾਨੇ ਪੂਜੇਂ ਇਨਕਾ ਥੋਥਾ ਗਿਆਨਾ॥

ਸਾਧੂ ਗੁਰ ਕਾ ਬਚਨ ਨਾ ਮਾਨਾ

ਏਕ ਤੌ ਕਹੀਏ ਮੀਰ ਔਲੀਆ ਪੜ੍ਹੇਂ ਕਤੇਬ ਕੁਰਾਨਾ।
ਕਰੇਂ ਮੁਰੀਦ ਕਬਰ ਬਤਲਾਵੇਂ ਇਹ ਭੀ ਖ਼ੁਦਾ ਨ ਜਾਨਾ॥

ਸਾਧੂ ਗੁਰ ਕਾ ਬਚਨ ਨਾ ਮਾਨਾ

ਹਿੰਦੂ ਕੀ ਦਯਾ ਮਿਹਰ ਤੁਰਕਨ ਕੀ ਦੋਨੋ ਘਰ ਸੇ ਭਾਗੀ। ਉਹ ਜ਼ਿਬ੍ਹਾ ਕਰੇਂ ਇਹ ਝਟਕਾ ਮਾਰੇ ਆਗ ਦੋਊ ਘਰ ਲਾਗੀ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਧੂ ਗੁਰ ਕਾ ਬਚਨ ਨਾ ਮਾਨਾ

ਅਟ ਸਟ ਹਮਕੋ ਕਹਿਤ ਫਿਰਤ ਹੈ ਆਪ ਕਹਾਵੈਂ ਸਿਆਨਾ। ਕਹਿਤ ਕਬੀਰ ਸੁਨੋ ਭਾਈ ਸਾਧੋ ਇਨ ਮੈਂ ਕੌਨ ਦਿਵਾਨਾ॥

ਸਾਧੂ ਗੁਰ ਕਾ ਬਚਨ ਨਾ ਮਾਨਾ

....

ਇਹ ਉਨ੍ਹਾਂ ਦੀ ਸਿੱਖ੍ਯਾ ਦਾ ਢੰਗ ਸੀ। ਇਹ ਸਿਖ੍ਯਾ ਏਸ ਦੇਸ਼ ਵਿਚ ਨਵੀਂ ਨਹੀਂ ਸੀ। ਪ੍ਰੰਤੂ ਹਾਂ! ਜਿਸ ਢੰਗ ਦ੍ਵਾਰਾ ਉਸ ਦਾ ਪ੍ਰਚਾਰ ਕੀਤਾ ਜਾਂਦਾ ਸਾ, ਉਹ ਨਵੀਨ ਅਵਸ਼੍ਯ ਸੀ, ਹਜ਼ਾਰਾਂ ਵਰਖ ਬੀਤੇ ਜਦੋਂ ਉਪਨਿਸ਼ਦਾਂ ਦੇ ਅਦ੍ਭੁਤ ਭੰਡਾਰ ਵਿਚ ਈਸ਼੍ਵਰੀ ਸਿਖ੍ਯਾ ਦੇ ਬਹੁਮੁਲੇ ਅਮੋਲਕ ਰਤਨ ਜਾਇਦਾਦ ਦੀ ਨਿਆਈਂ ਸਾਡੇ ਲਈ ਖ਼ਾਸ ਕਰਕੇ ਦਿਤੇ ਜਾ ਚੁਕੇ ਸਨ। ਉਹ ਮਨਯੋਗ ਅਰ ਮਨ ਭਾਉਕ ਸਨ ਅਰ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਉਸੇ ਨੂੰ ਦੇਸ਼ ਅਰ ਪੰਥ ਦੇ ਸੁਧਾਰ ਦਾ ਵਸੀਲਾ ਬਨਾਉਨਾ ਚਾਹਿਆ॥

ਹਿੰਦੂ ਤਾਂ ਉਸ ਤੇ ਸਦਾ ਹੀ ਕੁਰਬਾਨ ਜਾਂਦੇ ਰਹੇ ਹਨ। ਪ੍ਰੰਤੂ ਮੁਸਲਮਾਨ ਭੀ, ਵੈਰ ਭਾਵ ਅਰ ਹਠ ਧਰਮੀ ਹੋਨ ਦੇ ਕਾਰਨ ਭੀ ਉਸਦੀ ਸਚਯਾਈ ਨੂੰ ਯੋਗ ਜਾਨ ਨਿਊਂਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਹੇ ਸਨ । ਜਹਾਂਗੀਰ ਪਾਤਸ਼ਾਹ ਅਪਨੇ ਪ੍ਰਸਿਧ ਰੋਜ ਨਾਮਚੇ "ਤੁਜ਼ਕ ਜਹਾਂਗੀਰੀ" ਵਿੱਚ ਇਕ ਹਿੰਦੂ ਸਾਧੂ ਜਾਦ੍ਰੂਪ ਦੀ ਬਾਬਤ ਜੋ ਈਸ਼੍ਵਰ ਭਗਤੀ ਦੇ ਭਾਵ ਵਿਚਾਰ ਦਾ ਸਚਾ ਪ੍ਰੇਮੀ ਸੀ ਇਸ ਪ੍ਰਕਾਰ ਲਿਖਦਾ ਹੈ:—

ਮੈਂ ਦੁਬਾਰਾਂ ਸੁਨਿਆ ਸੀ ਕਿ ਤਪਸਜਾ ਕਰਨ ਵਾਲਾ । ਸੰਨਿਆਸੀ ਜਦ ਰੂਪ ਨਾਮੇ ਕਈਕੁ ਵਰਿਆਂ ਤੀਕਰ ਗ੍ਰਾਮ ਵਸੋਂ ਤੋਂ ਦੂਰ ਬਨ ਵਿਚ ਉਜੈਨ ਪੁਰੀ ਦੇ ਨੇੜੇ ਉਸ ਸਚੇ ਨਿਰੰਕਾਰ ਅਕਾਲ ਪੁਰਖ ਦੇ ਭਜਨ ਵਿਚ ਸੁੰਨਸਮਾਧੀ ਲਾਏ ਹੋਏ ਮਸਤ ਹੈ । ਮੈਨੂੰ ਉਸ ਦੀ ਸੰਗਤ ਦੀ ਬੜੀ ਚਾਹ ਸੀ ॥

ਦੂਜੀ ਜਗਾਂ ਤੇ ਫੇਰ ਉਸਦੇ ਵਿਚਾਰ ਇਸ ਪ੍ਰਕਾਰ ਦੇ ਹਨ:—

ਉਹ ਬੁਧੀਮੰਤਾ ਤੋਂ ਖਾਲੀ ਨਹੀਂ ਹੈ ਵੇਦਾਂਤ ਵਿਦਜਾ ਵਿਚ ਚੰਗਾ ਪੂਰਾ ਤਾਕ ਹੈ । ਮੈਂ ਕੁਝ ਚਿਰ ਉਨਾਂ ਦੀ ਸੇਵਾ ਵਿਚ ਰਿਹਾ । ਉਨਾਂ ਨੇ ਬਹੁਤ ਉਤਮ ਗਲਾਂ ਦਸੀਆਂ ਜੋ ਮੇਰੇ ਮਨ ਵਿਚ ਚੰਗੀ ਤਰਾਂ ਖੁਭਕੇ ਅਸਰ ਕਰ ਗਈਆਂ । ਉਨਾਂਨੂੰ ਭੀ ਮੇਰੀ ਸੰਗਤ ਦਾ ਅਜੇਹੇ ਸਮਜ ਸਬੱਬ ਹੋਇਆ ਜਦੋਂ ਕਿ ਮੇਰੇ ਪਰਮ ਬ੍ਰਿਧ ਪਿਤਾ ਕਿਲਾ ਅਸੀਰ ਅਰ ਵਿਲਾਇਤ ਖ਼ਾਨ ਦੇਸ ਨੂੰ ਜਿਤ ਕਰਕੇ ਆਗਰੇ ਦੀ ਰਾਜਧਾਨੀ ਨੂੰ ਤੁਰ ਗਏ ਸੇ । ਉਹੋ ਜਗਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਨਾਂ ਨੇ ਦੇਖਿਆ ਸੀ ਸਦਾ ਇਨਾਂ ਦੀ ਬਾਬਤ ਗਲਬਾਤ ਕੀਤਾ ਕਰਦੇ ਸੇ।

ਦਾਰਾਸ਼ਕੋਹ ਜੋ ਸ਼ਹਿਨਸ਼ਾਹ ਦਾ ਵਡਾ ਬੇਟਾ ਸੀ ਅਰ ਜਿਸਨੇ ਦਿਵਾਨ ਵਲੀ ਰਾਮ ਮ੍ਰਿਤਕ, ਸਾਹਿਬ ਤੋਂ ਉਪ-ਨਿਸ਼ਦਾਂ ਦਾ ਉਲਥਾ ਕਰਵਾਯਾ ਸੀ, ਉਸਦੀ ਭੂਮਿਕਾ ਵਿਚ ਇਸ ਪ੍ਰਕਾਰ ਪ੍ਰਗਟ ਕਰਦਾ ਹੈ:—

ਬਿਨਾਂ ਸੋਚੇ ਸਮਝੇ ਉਸਦੇ ਝੋਂਪੜੇ ਦੀ ਵਲ ਨਠ ਕੇ ਸੰਗਤ ਵਿਚ ਮਿਲ ਬਹਿੰਦੇ ਬੜੀ ਉਤਮ ਅਰ ਸ੍ਰੇਸ਼ਟ ਚਰਚਾ ਹੋਈ। ਈਸ਼੍ਵਰ ਪ੍ਰਮਾਤਮਾ ਨੇ ਅਦਭੁਤ ਵਿਸਤਾਰ ਪੂਰਬਕ ਸ਼ਕਤਿ ਬਖ਼ਸ਼ੀ ਹੈ। ਅਧਿਕ ਬੁਧੀ ਸ੍ਰੇਸ਼ਟ ਦਿਮਾਗ ਅਰ ਉਚੇ ਖਿਆਲਾਂ ਸਹਿਤ ਇਕਤ੍ਰ ਸੀ ਸੰਸਾਰਕ ਸੰਬੰਧਾਂ ਤੋਂ ਨਿਡਰ ਅਰ ਆਜ਼ਾਦੀ ਪ੍ਰਾਪਤ ਸੀ ਅਰ ਸੰਸਾਰ ਦੇ ਸਰਬ ਪਦਾਰਥਾਂ ਨੂੰ ਤਿਆਗਿਆ ਹੋਯਾ ਸੀ॥

ਉਪਨਿਸ਼ਦ ਅਰ ਵੇਦਾਂਤ ਦੀ ਸਿਖਯਾ ਨ ਕੇਵਲ ਹਿੰਦੂਆਂ ਨੂੰਹੀ ਯੋਗਯ ਸਨ ਪ੍ਰੰਤੂ ਸਮਝਵਾਨ ਮੁਸਲਮਾਨ ਭੀ ਏਸ ਪਾਸੇ ਲਗ ਗਏ ਸਨ, ਕਾਰਨ ਏਹ ਹੈ ਕਿ ਮੁਸ-ਲਮਾਨੀ ਪੰਥ ਵਿੱਚ ਆਤਮਕ ਧੀਰਜੀ ਦਾ ਸਮਿਆਨ ਅਧਿਕ ਨਹੀਂ ਸੀ ਅਰ ਹਿੰਦੁਸਤਾਨ ਦੇ ਮੰਤਕੀ ਸਾਰੀ ਧਰਤੀ ਵਿਚ ਉਸਦੀ ਅਰਬੀ ਅਸਲੀਅਤ ਖ਼ਾਸ ਕਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਸ਼ਟ ਹੋਰਹੀ ਸੀ ॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਵਿਚਾਰਵਾਨੀ ਠੀਕ ਹੀ ਸ਼ੋਭਾ ਯੋਗ ਸੀ। ਪ੍ਰੰਤੂ ਸੰਸਾਰ ਵਿਚ ਅਧਿਕ ਦੇਖਣਾ ਜਾਂਦਾ ਹੈ। ਨ੍ਯਾਇ ਅਰ ਸਚ੍ਯਾਈ ਦੇ ਨਸ਼ਟ ਦੇ ਕਾਰਨਾਂ ਦੀ ਭੀ ਖੋਜਨਾ ਹੁੰਦੀ ਰਹਿੰਦੀ ਹੈ। ਮੁਸਲਮਾਨੀ ਪੰਥ ਵੈਰਭਾਵ ਵਿਰੋਧੀ ਅਰ ਵਿਖਾਂਦੀ ਪੰਥ ਸੀ। ਇਕ ਤਾਂ ਇਵੇਂ ਹੀ ਤਲਵਾਰ ਦੀ ਸਹਾਇਤਾ ਨਾਲ ਇਸਦੇ ਫੈਲਾਉਨ ਦਾ ਵਿਚਾਰ ਉਸਦੀ ਅਸਲੀ ਨਿਰਬਲਤਾਈ ਦੀ ਸਿਧਤਾ ਦਾ ਕਾਰਨ ਸੀ। ਦੂਜੇ ਉਸਦੇ ਬੁਰੇ ਅਰ ਭਲੇ ਨਿਯਮ, ਨਰਕ ਅਰ ਸ੍ਵਰਗ ਦੇ ਭਯ ਅਰ ਆਸ਼ਾ ਅਰ ਪਰੀਆਂ ਸੁੰਦ੍ਰ ਮੋਹਨੀਆਂ ਦੇ ਅਕਰਾਰ ਅਜੇਹੀਆਂ ਵਹਿਮੀ ਸਿਖ੍ਯਾਂ ਸਨ ਜੋ ਹਿੰਦੁਸਤਾਨੀਆਂ ਦੀ ਦ੍ਰਿਸ਼ਟੀ ਵਿਚ ਕੇਵਲ ਬਾਲਾਂ ਦੇ ਡਰਾਉਨੇ ਅਰ ਭਯ ਪਾਨੇ ਦੇ ਕਾਰਨਾਂ ਤੋਂ ਭੀ ਅਧਿਕ ਚੰਗੇ ਨਹੀਂ ਮਲੂਮ ਹੋਏ। ਮੁਸਲਮਾਨ ਵਿਦ੍ਵਾਨ ਅਰ ਬੁਧਿਮਾਨ ਉਸ ਗਲ ਨੂੰ ਸਮਝ ਗਏ ਅਰ ਇਸਲਈ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਦੀ ਸਿਖ੍ਯਾ ਨੂੰ ਨਸ਼ਟ ਕਰਨੇ ਅਰ ਨਾਲ ਹੀ ਨਾਲ ਹਿੰਦੂਆਂ ਦੇ ਧਿੰਙੋ ਜੋਰੀ ਹਲਿਆਂ ਅਰ ਅਤਿ ਅਧਿਕ ਸਖ਼ਤੀਆਂ ਦੇ ਨਾਲ ਮੁਸਲਮਾਨ ਬਨਾਉਨੇ ਦਾ ਪ੍ਰਣ ਉਨਾਂਦੇ ਮਨ ਵਿਚ ਅਧਿਕ ਪੱਕੀ ਤਰਾਂ ਨਾਲ ਬੈਠ ਗਿਆ ਸੀ। ਪਹਿਲੇ ਪਹਿਲ ਹਿੰਦੂ ਪੰਥ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਰਾਂ ਤਰਾਂ ਨਾਲ ਦੁਰਗਤੀ ਅਰ ਜੜ੍ਹ ਨਸ਼ਟ ਕੀਤੀ ਜਾਂਦੀ ਸੀ ਉਸਦੀ ਸਾਖੀ ਇਕ "ਤਵਾਰੀਖ ਫਰਿਸ਼ਤੇ" ਨਾਮੇ ਇਤਿਹਾਸ ਵਿਚ ਇਸ ਪ੍ਰਕਾਰ ਮਿਲਦੀ ਹੈ ਕਿ:—

ਜਦੋਂ ਕਿ ਦ੍ਰਿਸ਼ਟੀ ਅਸਲੀ ਈਸ਼੍ਵਰੀ ਜ਼ਾਤੀ ਤੇ ਸੀ ਤਾਂ ਚਾਹਿਆ ਕਿ ਇਨਾਂ ਉਪਨਿਸ਼ਦਾਂ ਦਾ ਜੋ ਵੇਦਾਂਤ ਅਰ ਈਸ਼੍ਵਰੀ ਵਿਦਿਆ ਦਾ ਸਮੂਹ ਭੰਡਾਰ ਹੈ "ਫ਼ਾਰਸੀ" ਵਿਚ ਉਲਥਾ ਕਰੇ । ਅਰ ਸ਼ਬਦ "ਉਪਨਿਸ਼ਦ" ਸੰਸਕ੍ਰਿਤ ਵਿਚ । ਅਲੁਪਤ ਭੇਦ ਦੇ ਅਰਥਾਂ ਵਿਚ ਆਉਂਦਾ ਹੈ । ਇਸ ਲਈ ਇਹ ਟੋਲਾ ਉਸਨੂੰ ਮੁਸਲਮਾਨਾਂ ਅਰ ਅਨਜ ਪੰਥ ਵਾਲੇ ਕਿੰਤੂ ਹਿੰਦੂਆਂ ਤੋਂ ਭੀ ਗੁਪਤ ਰਖਦੇ ਹਨ ਅਰ ਇਹ ਸਰਬ ਈਸ਼੍ਵਰੀ ਮਿਤ੍ਰਾਂ ਦਾ ਬਖ਼ਸ਼ਸ਼ ਤਾਰਪਰਜ ਹੈ । ਸੰਨ ੧੦੬੦ ਹਿਜਰੀ ਵਿਚ ਫ਼ੈਲੋਜ਼ਵਾਨਾਂ ਦੀ ਨਿਆਈ ਉਲਥਾ ਕੀਤਾ ਉਧਰ ਮੁਸ਼ਕਲ ਅਰ ਹਰ ਇਸ ਗੱਲ ਨੂੰ ਜਿਸਨੂੰ ਚਾਹੁੰਦਾ ਸੀ .ਅਰ ਜਿਸਦਾ ਕਿਸੇ ਤੋਂ ਪਤਾ ਨਹੀਂ ਚਲਦਾ ਸੀ । ਇਸ ਪ੍ਰਾਚੀਨੀ ਪੁਸਤਕ ਤੋਂ ਜੋ ਨਿਸਦੇਹ ਅਰ ਨਿਰਸ਼ੰਸ਼ਜ ਵੇਦਾਂਤ ਸਰਬ ਆਕਾਸ਼ੀ ਪਸਤਕਾਂ ਤੋਂ ਪਹਿਲਾਂ ਅਰ ਵੇਦਾਂਤ ਦਾ ਦਰਜਾ ਅਰ ਈਸ਼੍ਵਰੀ ਭਜਨ ਦਾ ਸਮੁੰਦ੍ਰ ਹੈ ਅਰ ਕੁਰਾਨ ਮਜੀਦ ਕਿੰਤੂ ਉਸਦੀ ਟੀਕਾ ਦੇ ਅਨੁਸਾਰ ਹੈ । ਖੁਲੇ ਤੌਰ ਤੇ ਸਿਧ ਹੋਈ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਵਿਚ ਮੁਸਲਮਾਨੀ ਈਰਖਾ ਉੱੜਕ ਦੀ ਸੀ ਜਦੋਂ ਕਿ ਸਰਬ ਵਿਰੋਧੀ ਇਸਲਾਮ ਦਿਆਂ ਨੂੰ ਖੇਹ ਵਿਚ ਮਿਲਾ ਦਿਤਾ ਸੀ । ਅਰ ਜਿਨ੍ਹਾਂ ਸਥਾਨਾਂ ਵਿੱਚ ਹਿੰਦੂ ਅਸ਼ਨਾਨ ਕੀਤਾ ਕਰਦੇ ਸੇ ਉਥੇ ਸਰਾਵਾਂ ਮਸੀਤਾਂ ਪਾਠ-ਸ਼ਾਲਾਂ ਅਰ ਬਾਜ਼ਾਰ ਬਨਾ ਦਿਤੇ ਅਰ ਉਥੇ ਪਹਿਰ ਲਗਾ ਦਿਤੇ ਕਿ ਕੋਈ ਹਿੰਦੂ ਅਸ਼ਨਾਨ ਨਾ ਕਰਨ ਪਾਵੇ । ਅਰ ਜੇਕਰ ਸ਼ਹਿਰ ਮਥਰਾ ਵਿਚ ਕੋਈ ਹਿੰਦੂ ਸਿਰ ਯਾ ਦਾੜ੍ਹੀ ਮੁਨਾਉਨ ਦੀ ਇਛਾ ਕਰਦਾ ਸੀ ਤਾਂ ਨਾਈ ਨਾਂਹ ਕਰ ਦੇਂਦਾ ਅਰ ਉਹ ਨੇਜ਼ਾ ਜੋ ਸਾਲਾਰ ਮਸਊਦ ਦੀ ਵਲ ਜਾਯਾ ਕਰਦਾ ਸੀ ਬੰਦ ਕਰਦਾ ਅਰ ਇਸਤ੍ਰੀਆਂ ਨੂੰ ਸਮਾਧਾਂ ਅਰ ਮੰਦਰਾਂ ਵਿੱਚ ਜਾਣੋਂ ਮਨੇ ਕਰ ਦਿਤਾ । ਅਰ ਬਾਲ ਅਵਸਥਾ ਵਿਚ ਜੋ ਰਾਜਧਾਨੀ ਦਾ ਸਮਯ ਸੀ ਸੁਨਿਆ ਕਿ ਸ਼ਹਿਰ ਥਾਨੇਸਰ ਦੇ ਨੇੜੇ ਇੱਕ ਪਿੰਡ ਹੈ ਕਿ ਹਿੰਦੂ ਉਥੇ ਇਕਤ੍ਰ ਹੋਕੇ ਅਸ਼ਨਾਨ ਕਰਦੇ ਹਨ ਉਸਨੇ ਕਾਜ਼ੀ-ਆਂ ਤੋਂ ਪੁਛਿਆ ਕਿ ਇਸ ਮਾਮਲੇ ਵਿਚ ਸ਼ਰਾਹ ਦੀ ਕੀ ਅਗਯਾ ਹੈ । ਇਕਨੇ ਉਨ੍ਹਾਂ ਵਿਚੋਂ ਕਿਹਾ ਕਿ ਪ੍ਰਾਚੀਨ ਬੁਤਖਾਨੇ ਉਜਾੜ ਕਰਨੇ ਠੀਕ ਨਹੀਂ ਹਨ ਅਰ ਜਿਸ ਤਲਾਉ ਵਿਚ ਕਿ ਪ੍ਰਾਚੀਨ ਸਮਯ ਤੋਂ ਅਸ਼ਨਾਨ ਕਰਦੇ ਹਨ ਅਰ ਇਹ ਉਨ੍ਹਾਂ ਦਾ ਨਿਯਮ ਹੋ ਗਿਆ ਹੈ ਉਸ ਦਾ ਆਪਨੂੰ ਮਨੇ ਕਰਨਾ ਠੀਕ ਨਹੀਂ ਬਾਦਸ਼ਾਹ ਨੇ ਤਲਵਾਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਥ ਵਿਚ ਲੈਕੇ ਕਿਹਾ ਕਿ "ਤੂੰ ਕਾਫ਼ਰਾਂ ਦਾ ਪੱਖ ਕਰਨਾ ਹੈਂ"॥

ਪ੍ਰੰਤੂ ਅਕਬਰ, ਜਹਾਂਗੀਰ ਅਰ ਸ਼ਾਹਜਹਾਂ ਦੇ ਸ਼ੁਭ ਰਾਜ ਤੀਕਰ ਮੁਸਲਮਾਨਾਂ ਨੂੰ ਵੇਲਾ ਹਥ ਨਹੀਂ ਆਇਆ ਕਿ ਉਹ ਹਿੰਦੂਆਂ ਨੂੰ ਚੰਗੀ ਤਰਾਂ ਦਬਾ ਸਕਨ ਭਾਵੇਂ ਉਸਤੋਂ ਕਿਸੇ ਨੂੰ ਨਾਂਹ ਨਹੀਂ, ਵੇਲੇ ਕੁਵੇਲੇ ਬਲ ਦੀ ਅਗਨਿ ਦੀ ਨਿਆਈਂ ਉਹ ਭੁਬਾਕਾ ਮਾਰ ਉਠਦੀ ਸੀ ਪ੍ਰੰਤੂ ਉਸਦੀ ਕਠਨਤਾਈ ਸਦੀਵ ਨਿਰਬਲਤਾਈ ਅਰ ਨਤਾਕਤੀ ਵਿਚ ਵਟਦੀ ਗਈ ਇਸ ਸਮਯ ਵਿਚ ਗੁਰੂ ਸਾਹਿਬ ਆਪਨੀ ਦ੍ਰਿੜਤਾ ਅਰ ਨਿਮ੍ਰਤਾ ਸਹਿਤ ਕਾਰਜਕਰਦੇ ਰਹੇ। ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਅਚਨਚੇਤ ਕੁਰਬਾਨੀ ਅਰ ਸ਼ੋਕਵਾਨ ਜੋਤੀ ਜੋਤ ਸਮਾਉਨਾ ਅਰ ਸ੍ਰੀ ਗੁਰੂ ਹਰਗੋਬਿੰਦ ਜੀ ਮਹਾਰਾਜ ਦੀ ਨਜ਼ਰ ਬੰਦੀ ਦੀ ਕਠਨਤਾਈ ਅਵਸ਼ਯ ਅਜੇਹੇ ਕਰਹਿਰਵਾਨ ਬ੍ਰਿਤੰਤ ਹਨ ਜੋ ਪਾਠਕਾਂ ਲਈ ਖ਼ਾਸਕਰ ਸਿੱਖਯਾ ਯੋਗ ਸਮਝੇ ਜਾਂਦੇ ਹਨ। ਪ੍ਰੰਤੂ ਉਨਾਂ ਨੂੰ ਇੰਨੀ ਅਵਸ਼ਕਤਾ ਪ੍ਰਾਪਤ ਨਹੀ ਹੈ। ਔਰੰਗਜ਼ੇਬ ਨੇ ਦਿਲੀ ਦਾ ਤਖ਼ਤ ਪੱਬਿਕ ਬਹਾਨੇ ਨਾਲ ਪ੍ਰਾਪਤ ਕੀਤਾ ਇਹੀ ਨਹੀਂ ਕਿੰਤੂ ਆਪਨੇ ਜਿਊਂਦੇ ਪਿਉ ਦੀ ਨਿਰਬਲ ਪਿਠ ਅਰ ਭਰਾਵਾਂ ਅਰ ਸੰਬੰਧੀਆਂ ਦੇ ਲਹੂ ਲਿਬੜੇ ਸਿਰਾਂ ਨੂੰ ਪੈਰਾਂ ਨਾਲ ਮਿਧਦਾ ਹੋਇਆ ਉਹ ਰਾਜਸਿੰਘਾ-

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਨ ਤੇ ਪਹੁੰਚਾ ਸੀ। ਇਸ ਲਈ ਇਹ ਜਰੂਰੀ ਗਲ ਸੀ ਕਿ ਉਸਦੇ ਸਮੇਂ ਵਿਚ ਉਹ ਧੁਖਦੀ ਹੋਈ ਅਗ ਇਕੋ ਵਾਰੀ ਭੜਕ ਉਠੇ। ਉਸਨੇ ਹਿੰਦੂਆਂ ਤੇ ਅਜੇਹੀਆਂ ਕਠਨਤਾਈਆਂ ਕਰਨੀਆਂ ਆਰੰਭ ਕੀਤੀਆਂ ਜਿਨਾਂ ਦੇ ਸੁਨਨੇ ਤੇ ਲੂੰ ਕੰਢੇ ਖੜੇ ਜਾਂਦੇ ਹਨ। ਹਿੰਦੂਆਂਵਿਚ ਇਹ ਗਲਾਂ ਹੁਨ ਤੀਕਰ ਮੌਜੂਦ ਹਨ ਕਿ ਔਰੰਗਜ਼ੇਬ ਰੋਜ ਨਿਤਪ੍ਰਤਿ ਸਵਾਮਨ ਜੇਊ ਲਾਹਕੇ ਰੋਟੀ ਖਾਂਦਾ ਸੀ। ਨਿਸੰਦੇਹ ਹੈ ਕਿ ਇਸ ਵਿਚ ਬਹੁਤ ਗਪ ਲਾਈ ਗਈ ਹੋਵੇ। ਪ੍ਰੰਤੂ ਇਸ ਵਿਚ ਭੀ ਸੰਦੇਹ ਨਹੀਂ ਕਿ ਉਸਨੇ ਹਿੰਦੂਆਂ ਦੇ ਨਾਲ ਅਤਿ ਅਨਜਾਈ ਅਰ ਦੁਸ਼ਟਤਾਈ ਦਾ ਵਰਤਾਉ ਕੀਤਾ ਇਕ ਪਾਸੇ ਮਾਮਲਾ ਲਾ ਦਿਤਾ ਦੂਜੀ ਵਲ ਨਿਤ ਦਿਨ ਪਿੰਡਾਂ ਦੇ ਪਿੰਡ ਧਿੰਙੋ ਜੋਰੀ ਮੁਸਲ-ਮਾਨ ਬਨਾਏ ਜਾਨੇ ਲਗੇ। ਹਿੰਦੂ ਫਕੀਰ ਭਾਵੇਂ ਪੰਥਿਕ ਨੇਮੀ ਸਾਧੂਆਂ ਦਾ ਤਾਂ ਕਤਲ ਕੀਤੇ ਜਾਨਾ ਇਕ ਮਮੂਲੀ ਗਲ ਸੀ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਮਹਾਰਾਜ ਭੀ ਉਸੇ ਸਮੇਂ ਸ਼ਹੀਦ ਹੋਏ ਅਰ ਉਸੇ ਸਮੇਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜਦੇ ਸਿੰਘਾਸਨੀਏ ਅਰ ਸੇਵਕਾਂ ਦੇਨਾਲ ਅਤਿ ਅਨਜਾਈ ਅਰ ਸਖਤੀ ਕੀਤੀ ਗਈ॥

ਇਨਾਂ ਦੁਸ਼ਟਤਾਈਆਂ ਅਰ ਅਨਜਾਈਆਂ ਦਾ ਗੁਪਤ ਤੇ ਪ੍ਰਗਟਿਤ ਫਲ ਇਹ ਹੋਇਆ ਕਿ ਸ੍ਰੀ ਗੁਰੂਗੋਬਿੰਦ-

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਿੰਘ ਜੀ ਮਹਾਰਾਜ ਦੇ ਸਮੇਂ ਵਿਚ ਸਿਖ ਪੰਥ ਇਕ ਜ਼ੋਰਾਵਰ ਅਤੇ ਜੰਗੀ ਮਤ ਬਨ ਗਿਆ ਜਿਹਾਕੁ ਗੁਸਾਂਈ ਤੁਲਸੀ ਦਾਸ ਜੀ ਕਥਨ ਕਰਦੇ ਹਨ:-

ਅਤਿ ਸੇ ਰਗੜ ਕਰੈ ਜੋ ਕੋਈ।

ਅਨਲ ਪ੍ਰਗਟ ਚੰਦਨ ਸੇ ਹੋਈ।

ਅਰਥ:-"ਜੇਕਰ ਜ਼ੋਰ ਦੀ ਬਹੁਤ ਕਰਕੇ ਰਗੜ ਕੀਤੀ ਜਾਂਦੀ ਹੈ ਉਥੇ ਚੰਦਨ ਤੋਂ ਭੀ ਅਗਨਿ ਨਿਕਸ ਆਉਂਦੀ ਹੈ"।

ਅਰ ਇਸ ਲਈ ਜਦੋਂ ਅਸੀਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ ਸੂਰਮੇ ਬਹਾਦਰਾਂ ਦੇਸ ਰੂਪ ਵਿਚ ਵਟੇ ਹੋਏ ਦੇਖਦੇ ਹਾਂ ਤਾਂ ਸਾਨੂੰ ਕੁਝ ਭੀ ਹੈਰਾਨੀ ਨਹੀਂ ਹੁੰਦੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਅਤਿ ਮਾਨਨੀਯ ਸੁਭਾਵ ਦੇ ਮਹਾਤਮਾ ਸਨ ਉਨ੍ਹਾਂ ਦੀ ਨਿਆਮਤਾਈ ਪੰਥ ਅਰ ਤੇਗ਼ ਦੀ ਮਜੂਨ ਮੁਰਕੱਬ ਜਾਂ ਅਰ ਉਨ੍ਹਾਂ ਨੇ ਇਸ ਪ੍ਰਕਾਰ ਆਪਣੇ ਸੇਵਕਾਂ ਨੂੰ ਸਿਖਯਾ ਦਿਤੀ ਕਿ ਤਨੋਂ ਮਨੋਂ ਦਲੇਰ ਹੋ ਗਏ॥

ਪੰਜਾਬ ਨੂੰ ਤਾਂ ਖਾਸ ਕਰਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਅਹਿਸਾਨਵੰਦ ਹੋਣਾ ਚਾਹੀਏ ਜਿਨ੍ਹਾਂ ਨੇ ਸ਼ੁਭ ਸਲਾਹ [illegible] ਸਮਝ ਕੇ ਹਿੰਦੂਆਂ ਦੇ ਮੁਰਦੇ ਦਿਲਾਂ ਵਿਚ ਇਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਵਾਂਨ ਫੂਕ ਮਾਰ ਦਿਤਾ ਅਰ ਉਨਾਂ ਨੂੰ ਕੁਝ ਦਾ ਕੁਝ ਬਨਾ ਦਿਤਾ। ਹਿੰਦੂ ਮਾਰ ਖਾਂਦੇ ਖਾਂਦੇ ਬਿਲਕੁਲ ਮੁਰਦਾ ਹੋਗਏ ਸਨ ਇਨਾਂ ਵਿਚ ਆਪਨੇ ਲਾਉਂ ਦੀ ਦਾਗੀ ਭੀ ਨਹੀਂ ਰਹੀ ਸੀ। ਇਸ ਲਈ ਜਰੂਰੀ ਲੋੜ ਪਈ ਕਿ ਇਕ ਨਵੀਨ ਸੂਰਮਾ ਪੰਥ ਪ੍ਰਗਟ ਕੀਤਾ ਜਾਵੇ। ਜੋ ਹਿੰਦੂ ਧਰਮ ਦਾ ਸ਼ਰੀਰਕ ਅਰ ਵਤਰਕ ਰੂਪ ਹੋਵੇ। ਅਰ ਇਸ ਪ੍ਰਕਾਰ ਦੇ ਛਤ੍ਰੀ ਖ਼ਾਲਸਾ ਧਰਮ ਦੇ ਨੇਮੀ ਸਿੰਘ ਸਜੇ ਜਿਨਾਂ ਨੇ ਪੰਜਾਬ ਦੇ ਇਤਿਹਾਸ ਦੇ ਪੜ੍ਹਿਆਂ ਨੂੰ ਉਥੱਲ ਦਿਤਾ॥

ਜਿਸ ਵੇਲੇ ਹਿੰਦੂਆ ਦੀ ਅਤਿ ਦੁਰਦਿਸ਼ਾ ਹੋ ਰਹੀ ਸੀ ਅਰ ਹਿੰਦੂ ਗਊਆਂ ਅਰ ਭੇਡਾਂ ਤੋਂ ਅਧਿਕ ਬੁਰੇ ਗਿਨੇ ਜਾਂਦੇ ਸਨ ਤਾਂ ਅਸਲੀ ਸ਼ੇਰ ਮੈਦਾਨ ਵਿਚ ਗੱਜਿਆ ਅਰ ਲਲਕਾਰ ਕੇ ਕਹਿਨ ਲਗਾ:—

"ਸਵਾ ਲਾਖ ਸੇ ਏਕ ਲੜਾਊਂ।
ਗਿਦੜਾਂ ਤੋਂ ਮੈਂ ਸ਼ੇਰ ਮਰਾਊਂ॥
ਚਿੜੀਅਨ ਤੇ ਮੈਂ ਬਾਜ ਤੁੜਾਊਂ।
ਤਬੈ ਗੋਬਿੰਦਸਿੰਘ ਨਾਮ ਕਹਾਊਂ"॥

ਅਰ ਇਸ ਅਦਬ ਯੋਗ ਮਹਾਤਮਾ ਦੇ ਬਚਨ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਖਰ ਅਖਰ ਸਚ ਹੋਇਆ । ਸਿਖਾਂ ਜਿਹੀ ਦਲੇਰ ਬਹਾਦਰ ਅਰ ਸੂਰਮਾ ਕੌਮ ਸੰਸਾਰ ਵਿਚ ਕੋਈ ਕਠਨ ਹੀ ਨਜਰ ਆਵੇਗੀ । ਇਨ੍ਹਾਂ ਸਿੰਘਾਂ ਨੇ ਕਿਸ ਪ੍ਰਕਾਰ ਬਿਨਾਂ ਸ਼ਸ਼ਤ੍ਰਾਂ ਸਮਿਆਨਾਂ ਦੇ ਨਾਲ ਸ਼ਤਰੂਆਂ ਦਾ ਨਸ਼ਟ ਕੀਤਾ ਕਿਹੋ ਕਸ਼ਟ ਸਹੇ, ਦੁਖ ਝੱਲੇ ਅਰ ਅੰਤ ਨੂੰ ਕਿਸੇ ਪ੍ਰਕਾਰ ਮਸਲਮਾਨ ਅਰ ਹਿੰਦੂਆਂ ਦੋਹਾਂ ਦੀ ਸ਼ਤ੍ਰੂਤਾਈ ਤੋਂ ਸਤਾਏ ਜਾਨ ਕਾਰਨ ਪੰਜਾਬ ਵਿਚ ਆਪਨਾ ਰਾਜ ਕੀਤਾ। ਇਕ ਅਜਿਹਾ ਚਰਿਤ੍ਰ ਹੈ ਕਿ ਜੋ ਮੁਰਦਾ ਦਿਲ ਹਿੰਦੂਆਂ ਦੇ ਲਈ ਜੀਵਨ ਅਰ ਆਸ਼ਾ ਦੀ ਯਾਦਗਿਰੀ ਕਰਾਉਂਦਾ ਰਹਿੰਦਾ ਹੈ।

ਪੰਜਾਬੀ ਸੂਰਮੇ ਦੇ ਇਸ ਹਿਸੇ ਵਿਚ ਕੇਵਲ ਸਿਖਾਂ ਦੀ ਸੂਰਮਤਾਈ ਬਹਾਦਰੀ ਅਰ ਦਲੇਰੀ ਦੇ ਬ੍ਰਿਤਾਂਤ ਪ੍ਰੰਤੂ ਇਕ ਪ੍ਰਕਾਰ ਤੇ ਪੂਰੇ ਪੂਰੇ ਦਸੇ ਜਾਨਗੇ ਅਰ ਉਨ੍ਹਾਂ ਦੇ ਪੜ੍ਹਨ ਕਰਨ ਤੇ ਇਸ ਪ੍ਰਸ਼ਨ ਦਾ ਪੂਰਾ ਪੂਰਾ ਉਤ੍ਰ ਭੀ ਦ੍ਰਿਸ਼ਟੀ ਯਗ ਹੋਵੇਗਾ ਕਿ "ਕਿਉਂ ਇਕ ਸਰਬ ਮੈਤ੍ਰੀ ਢੰਗ ਜੰਗੀ ਮਤ ਦੇ ਰੂਪ ਵਿਚ ਵਟਿਆ ਗਿਆ" ॥

....

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੧ ੳ ਸਤਿਗੁਰਪ੍ਰਸਾਦਿ

ਪੰਜਾਬੀ ਸੂਰਮਾ

ਦੂਜਾ ਭਾਗ

ਬਾਬਾ ਬੰਦਾ

(ਬਹਾਦਰ)

ਪਹਿਲਾ ਅੰਕ

ਬੰਦਾ ਬਹਾਦ੍ਰ ਜਿਨ੍ਹਾਂ ਨੇ ਸਿਖਾਂ ਦੇ ਇਤਿਹਾਸ ਵਿਚ ਇਨਾਂ ਨਾਉਂ ਪ੍ਰਗਟ ਕੀਤਾ ਹੈ। ਇਹ ਪੁੰਛ ਦੇ ਇਲਾਕੇ ਜੋਰਗੜ੍ਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਮੇ ਪਿੰਡ ਵਿੱਚ ਪ੍ਰਗਟੇ ਹੋਏ ਸੇ। ਉਨਾਂ ਦੇ ਜਨਮ ਦਾ ਸੰਮਤ ੧੭੨੭ ਬਿः ਦਸਿਆ ਜਾਂਦਾ ਹੈ ਕਤਕ ਦੇ ਸ਼ੁਕਲ ਪਖ ਵਿੱਚ ਪ੍ਰਗਟੇ ਸੇ॥

ਇਹ ਜਾਤੀ ਦੇ ਰਾਜਪੂਤ ਸਨ, ਮਾਤਾ ਪਿਤਾ ਨੇ ਛੋਟੀ ਅਵਸਥਾ ਵਿਚ ਲਛਮਨ ਦੇਵ ਨਾਉਂ ਰਖਿਆ ਸੀ। ਅਰ ਜਿਨਾਂ ਨੂੰ ਬੰਦੇ ਦੀਆਂ ਸੂਰਮਤਾਈਆਂ ਅਰ ਬਹਾਦਰੀਆਂ ਦੇ ਬ੍ਰਿਤੰਤ ਮਲੂਮ ਹਨ ਉਹ ਝੂਠ ਨਹੀਂ ਕਿ ਇਸ ਗਲ ਦੀ ਹਾਮੀ ਭਰਨ ਗੇ ਕਿ ਬੰਦੇ ਵਿੱਚ ਲਛਮਨ ਜੀ ਦੀ ਸ਼ੇਰ ਦਿਲੀ ਤੇ ਬਹਾਦਰੀ ਦੇ ਗੁਨ ਭਰ-ਪੂਰ ਸਨ।

ਜਦੋਂ ਇਹ ਅਜੇ ਬਾਲਅਵਸਥਾ ਹੀ ਸਨ, ਉਸ ਵੇਲੇ ਤੋਂ ਸ਼ਿਕਾਰ ਆਦਿ ਦੀ ਚਾਹ ਰਖਦੇ ਸੇ ਘੋੜੇ ਤੇ ਇਸ ਪ੍ਰਕਾਰ ਜੱਮ ਕੇ ਬਹਿੰਦੇ ਸਨ ਕਿ ਕਾਠੀ ਅਰ ਜੀਨ ਨਾਲ ਬਿਲਕੁਲ ਮਿਲ ਜਾਂਦੇ ਸਨ। ਨਿਸ਼ਾਨਾ ਮਾਰਨ ਵਿੱਚ ਤਾਂ ਅਤਿ ਤਾਕ ਸਨ। ਕਿਸੇ ਵੇਲੇ ਭੀ ਉਨਾਂ ਦੀ ਬੰਦੂਕ ਦੀ ਗੋਲੀ ਯਾ ਤੀਰ ਦਾ ਵਾਰ ਖਾਲੀ ਨਹੀਂ ਜਾਂਦਾ ਸੀ ਮਨ ਦੇ ਕਰੜੇ ਸਨ। ਲੁਫ਼ ਪੁਟ ਖੋਹਨ ਦੀ ਆਦਤ ਆਪਨੀ ਮਾਤਾ ਦੇ ਗਰਭ ਵਿਚੋਂ ਹੀ ਆਪਨੇ ਨਾਲ ਲਿ-ਆਏ ਸਨ॥

ਕਈ ਵਾਰੀ ਪੁਰਸ਼ ਦਾ ਸੁਭਾਵ ਰਤੀ ਕੁ ਕਿਸੇ ਗਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਿਛੇ ਹੋਰ ਦਾ ਹੋਰ ਹੋ ਜਾਂਦਾ ਹੈ ਅਰ ਉਹ ਇਸ ਪ੍ਰਕਾਰ ਤੁਰਤ ਫੁਰਤ ਜੀਵਨ ਨੂੰ ਪਲਟਾ ਦਿੰਦੇ ਹਨ ਕਿ ਦੇਖਣ ਵਾਲੇ ਹੱਕੇ ਬੱਕੇ ਹੋ ਜਾਂਦੇ ਹਨ। ਕਹਿੰਦੇ ਹਨ ਕਿ ਇਕ ਦਿਨ ਬੰਦਾ ਬਹਾਦਰ ਸ਼ਿਕਾਰ ਖੇਡਨ ਲਈ ਬਨ ਵਿਚ ਗਏ ਹੋਏ ਸਨ ਕਿ ਸਾਮਨਿਓਂ ਇਕ ਹਰਨੀ ਨਿਕਲੀ ਬੰਦੇ ਜੀ ਦੇ ਤੀਰ ਨੇ ਕਮਾਨੋਂ ਛੁਟਦਿਆਂ ਹੀ ਹਰਨੀ ਨੂੰ ਧਰਤੀ ਤੇ ਲਿਟਾ ਦਿਤਾ। ਹਰਨੀ ਗਰਭਵਤੀ ਸੀ ਤੀਰ ਲਗਦਿਆਂ ਹੀ ਧਰਤੀ ਤੇ ਡਿਗ ਕੇ ਮਛੀ ਵਾਂਗੂ ਤੜਫਨ ਲਗੀ। ਸ਼ਿਕਾਰੀ ਨੇ ਇਸ ਨੂੰ ਗਰਭਵਤੀ ਦੇਖ ਕੇ ਬਚਿ-ਆਂ ਦੀ ਰਖਯਾ ਦੀ ਵਿਚਾਰ ਕਰਕੇ ਉਸਦੇ ਪੇਟ ਨੂੰ ਪਾੜ ਸਟਿਆ ਹਰਨੀ ਤਾਂ ਮਰ ਗਈ ਪ੍ਰੰਤੂ ਬਚੇ ਜਿਉਂਦੇ ਬਾਹਰ ਨਿਕਲ ਆਏ ਪ੍ਰੰਤੂ ਉਹ ਭੀ ਥੋੜੇ ਚਿਰ ਉਪ੍ਰੰਤ ਤੜਫ ਤੜਫ ਕੇ ਮਰ ਗਏ। ਉਨਾਂ ਦੀ ਮ੍ਰਿਤੂ ਨੇ ਬੰਦੇ ਦੇ ਮਨ ਤੇ ਅਤਿ ਸਿੱਖਯਾ ਦਾ ਫਲ ਉਤਪਤ ਕੀਤਾ ਅਰ ਘਰ ਮੁੜਆਉਨੇ ਤੇ ਉਨਾਂਨੂੰ ਜਾਨਕੀ ਪ੍ਰਸ਼ਾਦ ਨਾਮੇ ਇਕ ਸੰਤ ਦੇ ਮਿਲਨੇ ਦਾ ਸਬੱਬ ਹੋਇਆ। ਇਹ ਉਨਾਂ ਦੀ ਦਸ਼ਾ ਦੇਖਕੇ ਕਸੂਰ ਦੀ ਤਸੀਲ ਵਿਚ ਥੰਮਨ ਨਾਮੇ ਪਿੰਡ ਵਿਚ ਰਾਮ ਥੰਮਨ ਜੀ ਦੇ ਅਸਥਾਨ ਤੇ ਲੈ ਆਇਆ ਅਰ ਇਥੇ ਆਕੇ ਬੰਦੇ ਨੇ ਫ਼ਕੀਰੀ ਧਾਰਨ ਕਰ ਲਈ ॥

ਕਿਉਂ ਜੋ ਸੁਭਾਵ ਖਾਸ ਪ੍ਰਕਾਰ ਦਾ ਨਿਰਤ ਹੋਯਾ ਸੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰੂ ਨੇ ਤੀਰਥ ਯਾਤ੍ਰਾ ਦੀ ਆਗਯਾ ।ਦਿਤੀ ਇਹ ਸਾਧੂ-ਆਂ ਦੀ ਮੰਡਲੀ ਦੇ ਨਾਲ ਦਖਨ ਦੇਸ਼ ਵਲ ਤੁਰ ਪਏ ਜਦੋਂ ਪੰਚਬਟੀ ਨਾਮੇ ਬਨ ਵਿਚ ਪਹੁੰਚੇ ਉਨਾਂ ਦੇ ਮਨ ਵਿੱਚ ਖ਼ਾਸ ਪ੍ਰਕਾਰ ਦੀ ਚਾਹ ਉਪਜੀ। ਕਹਿਣ ਲਗੇ ਇਹ ਉਹ ਸਥਾਨ ਹੈ ਜਿਥੇ ਰਾਮਚੰਦ੍ਰ ਜੀ ਅਤੇ ਲਛਮਨ ਜੀਨੇ ਤਪ ਕੀਤਾ ਸੀ। ਮੈਂ ਭੀ ਹੁਨ ਇਥੇ ਹੀ ਰਹਿ ਕੇ ਤਪਸਜਾ ਕਰਾਂ ਗਾ। ਸਾਧੂ ਜੋ ਨਾਲ ਸਨ ਅਗੇ ਦੀ ਵਲ ਤੁਰ ਪਏ ਬੰਦਾ ਉਥੇ ਆਸਨ ਜਮਾ ਕੇ ਠਹਿ ਗਿਆ ਅਰ ਤਪ ਕਰਨ ਲਗਾ ੨੫ ਵਰਖ ਜਪ ਤਪ ਵਿਚ ਹੀ ਬ੍ਰਿ-ਤੀਤ ਹੋਏ॥

ਜਦੋਂ ਇਹ ਜਪ ਤਪ ਵਿਚ ਲਗੇ ਹੋਏ ਸਨ ਤਾਂ ਸੰਮਤ ੧੭੪੯ ਬਿ: ਵਿਚ ਇਕ ਸਿਧ ਨਾਮੇ ਲੋਨੀਆਂ ਔਘੜ ਫਕੀਰ ਉਥੇ ਆ ਨਿਕਲਿਆ ਅਰ ਉਹ ਬੀਮਾਰ ਹੋ ਗਿਆ। ਬੰਦੇ ਨੇ ਤਨੋਂ ਮਨੋਂ ਉਸਦੇ ਇਲਾਜ ਕਰਨ ਵਿੱਚ ਸੇਵਾ ਕੀਤੀ ਫਕੀਰ ਦਾ ਜੀਵਨ ਸਮਾਪਤ ਹੋ ਚੁਕਾ ਸੀ ਉਹ ਤਾਂ ਨਹੀਂ ਬਚਿਆ ਮਰ ਗਿਆ ਪ੍ਰੰਤੂ ਬੰਦੇ ਨੂੰ ਅਪਣੇ ਜੰਤ੍ਰਾਂ ਮੰਤ੍ਰਾਂ ਦੀ ਪੋਥੀ ਸੌਂਪ ਗਿਆ ਜਿਸ ਤੋਂ ਉਨਾਂ ਨੂੰ ਬਹੁਤ ਲਾਭ ਹੋਇਆ॥

ਜਦੋਂ ਪੰਚਵਟੀ ਰਹਿੰਦਿਆਂ ੨ ਬਹੁਤ ਚਿਰ ਹੋਗਿਆ ਅਰ ਜੀ ਉਕ ਗਿਆ ਤਾ ਬੰਦਾ ਨਦੇੜ ਨਾਮੇ ਸ਼ਹਿਰ ਦੀ

CC-0. In Public Domain. Gurukul Kangri Collection, Haridwar

४१५/८ 22682

Digitized by Arya Samaj Foundation Chennai and eGangotri

ਵਲ ਜੋ ਗੁਦਾਵਰੀ ਨਦੀ ਦੇ ਕੰਢੇ ਵਸਦਾ ਹੈ, ਚਲੇ ਆਏ ਅਰ ਉਥੇ ਅਪਨਾ ਆਸਨ ਲਾ ਦਿਤਾ, ਲੋਕ ਉਨਾਂ ਨੂੰ ਪੂਰਨ ਸੰਤ ਜਾਨਕੇ ਭੀੜਾਂ ਦੀਆਂ ਭੀੜਾਂ ਆਉਨ ਲਗੇ। ਹਜ਼ਾਰਾਂ ਲੋਕ ਸੇਵਕ ਹੋਗਏ ਅਰ ਉਨਾਂ ਦੀ ਪੂਰਨਤਾਈ ਦੀ ਪ੍ਰਸਿਧਤਾ ਦੂਰ ਦੂਰ ਤੀਕਰ ਪਹੁੰਚੀ। ਉਸ ਸਮਯ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਹਾਦਰ ਭੀ ਨਦੇੜ ਵਿਚ ਹੀ ਰਹਿੰਦੇ ਸਨ, ਬੰਦੇ ਦੀ ਮਹਾਤਮਤਾਈ ਦੀ ਸ਼ੋਭਾ ਸੁਨਕ ਆਪ ਭੀ ਉਨਾਂਨੂੰ ਮਿਲਨ ਲਈ ਗਏ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਸੰਸਾਰ ਵਿਚ ਮਨੋਹਰ ਰੂਪ ਹੀ ਗੁਰੂ ਸਨ। ਜਦੋਂ ਫਿਰ ਤੀਕਰ ਬੰਦੇ ਬੈਰਾਗੀ ਦੀ ਗੁਰੂ ਜੀ ਨਾਲ ਬਾਤ ਚੀਤ ਹੋਈ ਤਾਂ ਬੰਦੇ ਦਾ ਮਨ ਅਤਿ ਅਧਿਕ ਭਰੋਸਾਵਾਨ ਹੋ ਗਿਆ ਤਦੋਂ ਸ੍ਰੀ ਗੁਰੂ ਗਬਿੰਦ ਸਿੰਘ ਜੀ ਮਹਾਰਾਜ ਨੇ ਤਿਨਾਂ ਦਾ ਨਾਉਂ ਬੰਦਾ ਰਖਿਆ ਜਿਸ ਨਾਉਂ ਤੋਂ ਉਹ ਇਤਿਹਾਸਾਂ ਵਿਚ ਅਧਿਕ ਪ੍ਰਸਿਧ ਹਨ।

ਜਦੋਂ ਬੰਦੇਨੇ ਸ੍ਰੀ ਗੁਰੂਗੋਬਿੰਦ ਸਿੰਘਜੀ ਮਹਾਰਾਜਦੇ ਮਨੋਤਸਵ ਤਾਤਪਰਜ ਚੰਗੀਤਰਾਂ ਸਮਝਲਿਆ ਤਾਂ ਉਨਾ ਦੀ ਆਗਯਾਨੁਸਾਰ ਪੰਜਾਬ ਵਲ ਚਲਿਆ ਆਇਆ ਦੇਸ਼ ਦਾ ਹਿਤ ਪਿਆਰ, ਉਸਨੂੰ ਅੰਤ ਦੇਸ਼ ਵਲ ਹੀ ਖਿੱਚ ਲਿਆਇਆ। ਜਿਸਦੀ ਸੇਵਾ ਨੂੰ ਉਸਨੇ ਆਪਨਾ ਇਸ਼ਟ

CC-0. In Public Domain. Gurukul Kangri Collection, Haridwar

गुरुकुल कांगड़ी

Digitized by Arya Samaj Foundation Chennai and eGangotri

ਅਰ ਜਪ ਤਪ ਤੋਂ ਭੀ ਵਿਸ਼ੇਸ਼ ਪਵਿਤ੍ਰ ਅਰ ਬੜੀ ਲੋੜ ਵੰਦ ਵਿਚਾਰ ਕੀਤਾ॥

ਜਦੋਂ ਇਹ ਬੁੰਦੇਲਖੰਡ ਵਿੱਚੋਂ ਲੰਘਦੇ ਹੋਏ ਭਰਤ ਪੁਰ ਵਿਚ ਪਹੁੰਚੇ ਤਾਂ ਸਿਖਾਂ ਸਾਥੀਆਂ ਨੇ ਖਰਚ ਦੀ ਤੰਗੀ ਕਰਨੀ ਚਾਹੀ। ਇਥੇ ਕੀ ਧਰਿਆ ਹੋਯਾ ਸੀ । ਬੰਦੇ ਨੇ ਉਨਾਂ ਨੂੰ ਬਹੁਤ ਧੀਰਜ ਅਰ ਸੰਤੋਖ ਦਿਤਾ ਅਰ ਸਚੇ ਅਕਾਲਪੁਰਖ ਤੇ ਨਿਸ਼ਚਾ ਅਰ ਭਰੋਸਾ ਰਖਨ ਦੀ ਸਿਖਯਾ ਦਿਤੀ। ਪ੍ਰੰਤੂ ਸਭ ਦਿਲ ਛਡ ਗਏ। ਉਸ ਵੇਲੇ ਪੰਜਾਬ ਦੇਸ਼ ਦੇ ਕੁਝ ਸਾਹੂਕਾਰ ਭਰਤ ਪੁਰ ਆਏ ਹੋਏ ਸਨ। ਬੰਦੇ ਦੀ ਸ਼ੋਭਾ ਅਰ ਪੂਰਨਤਾਈ ਦਾ ਚਰਚਾ ਸੁਨ ਕੇ ਇਨਾਂ ਦੇ ਦਰਸ਼ਨ ਨੂੰ ਆਏ ਪੰਜ ਸੌ ਰੁਪਯਾ ਨਗਦ ਅਰਦਾਸ ਕਰਾਈ, ਬੰਦੇ ਨੇ ਬਿਨਾਂ ਸੋਚੇ ਸਮਝੇ ਸਾਰਾ ਰੁਪਯਾ ਸਿਖਾਂ ਨੂੰ ਵੰਡ ਦਿਤਾ। ਇਥੋਂ ਤਾਂਕਰ ਕਿ ਉਸ ਵਿਚੋਂ ਇਕ ਪੈਸਾ ਭੀ ਅਪਨੇ ਕੋਲ ਨਹੀਂ ਰਖਿਆ ਇਸ ਸ਼ੁਧ ਆਤਮਕ ਦੇ ਕੌਤਕ ਨੂੰ ਦੇਖ ਕੇ ਸਿਖਾਂ ਅਰ ਸਾਹੂਕਾਰਾਂ ਨੂੰ ਉਨਾਂ ਦਾ ਅਧਿਕ ਭਰੋਸੇਵਾਨ ਬਨਾ ਦਿਤਾ ਅਰ ਹੁਨ ਉਹ ਇਨਾਂ ਨੂੰ ਚਿੱਠੀਆਂ ਆਦਿਕ ਕਰਨ ਦੇ ਬਦਲੇ ਉਨਾਂ ਦੇ ਅਧੀਨ ਹੋਕੇ ਸੇਵਾਦਾਰ ਬਨ ਗਏ।

ਭਰਤਪੁਰੋਂ ਤੁਰਕੇ ਬੰਦਾ ਹਿਸਾਰ ਵਿਚ ਆਇਆ ਇਥੋਂ ਬਾਸੀ ਨਾਮ ਸਿਖਾਂ ਨੂੰ ਚਿਠੀਆਂ ਲਿਖਕੇ ਗੁਰੂ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਦਲੇ ਲੈਣ ਲਈ ਜੁਧ ਦਾ ਪ੍ਰੀਤੀ ਭੋਜਨ ਦਿਤਾ ਕਿਉਂ ਕਿ ਮਾਲਵਾ ਦੇਸ਼ ਹਿਸਾਰ ਤੋਂ ਨੇੜੇ ਸੀ ਸਿਖ ਅਨਗਿਨਤ ਹੀ ਥੁੜੇ ਦਿਨਾਂ ਵਿਚ ਉਨਾਂ ਦੀ ਸੇਵਾ ਵਿਚ ਇਕਤ੍ਰ ਹੋ ਗਏ ਅਰ ਉਹ ਦ੍ਰਿੜਤਾ ਅਰ ਸੰਤੋਖ ਸਹਿਤ ਆਪਣੇ ਬਲ ਨੂੰ ਸੰਜੁਗਤ ਸੰਕੋਚ ਕਰਨ ਲਗੇ ॥

ਸ੍ਰੀਗੁਰੂਗੋਬਿੰਦਸਿੰਘਜੀ ਮਹਾਰਾਜਦੇ ਦਖਣ ਵਲ ਚਲੇ ਜਾਨ ਤੋਂ ਪ੍ਰਿਤ ਥੋੜ ਕੁ ਸਿਖਾਂ ਨੇ ਸ੍ਰਹਿੰਦ ਦੇ ਸੂਬੇਦਾਰ ਕੋਲ ਨੌਕਰੀ ਕਰ ਲਈ ਸੀ। ਜਦੋਂ ਬੰਦੇ ਦੇ ਆਉਣ ਦੀ ਖਵਰ ਹਾਕਮ ਸੂਬੇ ਨੇ ਸੁਨੀ ਉਨ੍ਹਾਂ ਨੂੰ ਸਦਕੇ ਕਹਿਨ ਲਗਾ ਕਿ "ਤੁਹਾਡੇ ਇਕ ਗੁਰੂ ਦੀ ਤਾਂ ਇਹ ਦੁਰਗਤੀ ਹੋਈ ਕਿ ਹੁਨ ਉਹ ਲੁਕਦਾ ਨਸਦਾ ਫਿਰਦਾ ਹੈ। ਹੁਨ ਇਹ ਨਵਾਂ ਗੁਰੂ ਆਇਆ ਹੈ, ਇਸ ਦੀ ਅਜੇਹੀ ਖਵਰ ਲੀਤੀ ਜਾ-ਵੇ ਗੀ ਕਿ ਇਸ ਦਾ ਪਤਾ ਹੀ ਨਹੀਂ ਲਗੇਗਾ" ਸਿਖ ਇਸ ਹੀਣਤਾਈ ਗਲ ਨੂੰ ਸੁਨਕੇ ਉਦਾਸ ਹੋਏ ਅਰ ਸੂਬੇ ਤੋਂ ਘਰ ਜਾਨ ਦੀ ਛੁਟੀ ਮੰਗੀ ਉਸਨੇ ਛੁਟੀ ਦੇਨ ਦੇ ਬਦਲੇ ਉਨਾਂ ਨੂੰ ਕੈਦ ਕਰਨਾ ਚਾਹਿਆ ਪਰ ਇਹ ਕਦੋਂ ਜਾਲ ਵਿਚ ਫਸਨ ਵਾਲੇ ਸਨ। ਨਸਕੇ ਬੰਦੇ ਬਹਾਦਰ ਨਾਲ ਮਿਲ ਗਏ ਅਰ ਇਸ ਪ੍ਰਕਾਰ ਇਕ ਬਹੁਤ ਵਡੀ ਸਾਰੀ ਫੌਜ ਇਨਾਂ ਦੇ ਅਧੀਨ ਹੋ ਗਈ ॥

ਸਿਖਾਂ ਨੂੰ ਜੰਗ ਦੇ ਲਈ ਤਿਆਰ ਪਾ ਕੇ ਬੰਦੇ ਨੇ ਸਭ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੋਂ ਪਹਿਲੇ ਸਮਾਨੇ ਨਾਮੇ ਪਿੰਡ ਉਪਰ ਚੜ੍ਹਾਈ ਕੀਤੀ ਅਰ ਸਿਖਾਂ ਨੂੰ ਖੁੱਲ ਦੇ ਦਿਤੀ ਕਿ ਪਿੰਡ ਵਿਚੋਂ ਜੋ ਮਾਲ ਲੁਟ ਦਾ ਹੋਵੇ ਗਾ ਜੇੜ੍ਹਾ ਲੁਟੇ ਗਾ ਉਹ ਮਾਲ ਉਸਦਾ ਹੋਵੇ ਗਾ। ਇਸ ਖੁਲੀ ਛੁਟੀ ਅਰ ਬੰਦੇ ਦੀ ਨਿੰਮ੍ਰਤਾਈ ਨੇ ਬਹੁਤ ਸਾਰੇ ਬਿਟਲੇ ਹੋਏ ਸਿਖਾਂ ਨੂੰ ਉਨਾਂ ਦੇ ਆਲੇ ਦੁਆਲੇ ਇਕਤ੍ਰ ਕਰ ਲਿਆ। ਸਮਾਨੇ ਪਿੰਡ ਨੂੰ ਜਦੋਂ ਸਿਖਾਂ ਨੇ ਲੁਟਿਆ ਤਾਂ ਬੰਦੇ ਨੇ ਬਚਨ ਅਨੁਸਾਰ ਹਰ ਇਕ ਸਿੰਘ ਨੂੰ ਨਾ ਕੇਵਲ ਲੁਟ ਦਾ ਹੀ ਮਾਲ ਦੇ ਦਿਤਾ ਕਿੰਤੂ ਸ਼ਾਹੀ ਖਜਾਨੇ ਨੂੰ ਭੀ ਜੋ ਇਸ ਪਿੰਡ ਵਿੱਚ ਮੌਜੂਦ ਸੀ ਸਿਖਾਂ ਨੂੰ ਵੰਡ ਦਿਤਾ॥

ਸਮਾਨੇ ਵਿੱਚ ਸੂਬੇ ਸ੍ਰਹਿੰਦ ਦੇ ਚਾਰ ਜਸੂਸ ਬੰਦੇ ਦੇ ਹਥ ਕਾਬੂ ਆਏ। ਬੰਦੇ ਨੇ ਦੋਹਾਂ ਨੂੰ ਤਾਂ ਉਸੇ ਵੇਲੇ ਵਢਵਾ ਦਿਤਾ ਅਰ ਦੋਹਾਂ ਦੇ ਨਕ ਕੰਨ ਵਢ ਕੇ ਸੂਬੇ ਨੂੰ ਖਬਰ ਕਰਨ ਲਈ ਭੇਜ ਦਿਤੇ॥

ਸਮਾਨੇ ਦੀ ਲੁਟ ਅਰ ਜਸੂਸਾਂ ਦੀ ਦੁਰਗਤੀ ਦੀ ਖਬਰ ਸਾਰ ਪੰਜਾਬ ਵਿਚ ਬਨ ਦੀ ਅਗ ਦੀ ਵਾਂਙੂ ਖਿ-ਲਰ ਗਈ। ਹਜ਼ਾਰਾਂ ਡਾਕੂ ਜੋ ਦੇਸ਼ ਦੇ ਕਈ ਇਕ ਭਾਗਾਂ ਵਿੱਚ ਲੁਟ ਮਾਰ ਕਰ ਲਿਆ ਕਰਦੇ ਸੇ। ਸਭ ਦੇ ਸਭ ਬੰਦੇ ਜੀ ਨੂੰ ਆ ਕੇ ਮਿਲ ਗਏ ਅਰ ਉਹ ਇਕ ਵਿਸ਼ੇਸ਼ ਗਿਣਤੀ ਸਹਿਤ ਅੰਬਾਲੇ ਆਦਿਕ ਅਨੇਕਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੁਸਲਮਾਨੀ ਪਿੰਡਾਂ ਨੂੰ ਲੁਟਦੇ ਪੁਟਦੇ ਤੇ ਨਸ਼ਟ ਕਰਦੇ ਹੋਏ ਕੁੰਜਪੁਰ ਪਹੁੰਚੇ। ਇਹ ਉਹ ਜਗਾਂ ਸੀ ਜਿਥੇ ਸ੍ਰਹਿੰਦ ਦੇ ਸੂਬੇ ਦੇ ਅਨੇਕਾਂ ਸਾਕ ਸੰਬੰਧੀ ਰਹਿੰਦੇ ਸਨ। ਸੂਬੇ ਨੇ ਪੰਜ ਸੌ ਅਸਵਾਰ ਪਿੰਡ ਦੀ ਰਖਯਾ ਲਈ ਭੇਜੇ। ਪ੍ਰੰਤੂ ਉਨਾਂ ਦੇ ਪਹੁੰਚਨ ਤੋਂ ਪਹਿਲੇ ਪਹਿਲੇ ਹੀ ਬੰਦੇ ਦੇ ਸਾਥੀ-ਆਂ ਨੇ ਇਟ ਨਾਲ ਇਟ ਵਜਾ ਦਿਤੀ ਸੀ ਅਰ ਉਹ ਜ-ਗਾਂ ਖਿਲ ਕਲ ਉਜਾੜ ਕਰ ਦਿਤੀ। ਇਸਤੋਂ ਅਗੇ ਦਹਲੀ ਨਾਮੇ ਪਿੰਡ ਵਸਦਾ ਸੀ ਇਥੇ ਉਹ ਪਰਾਨੀ ਵਸਦੇ ਸੀ ਜਿਨਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘਜੀ ਮਹਰਾਜ ਦਾ ਜਦ ਵੇਲੇ ਸਾਥ ਛਡ ਦਿਤਾ ਸੀ ਬੰਦੇ ਨੇ ਉਨਾਂ ਦੀ ਭੀ ਅਜੇਹੀ ਬੁਰੀ ਤਰਾਂ ਖਬਰ ਲਈ ਕਿ ਉਹ ਪਰਲੋ ਤੀਕਰ ਯਾਦ ਕਰਦੇ ਰਹੇ ॥

ਉਥੋਂ ਅਗੇ ਚਲਕੇ ਉਹ ਸਵਾਰ ਮਿਲੇ ਜੋ ਸੂਬੇ ਸ੍ਰਹਿੰਦ ਦੇ ਵਲੋਂ ਇਨਾਂ ਨਾਲ ਲੜਨ ਲਈ ਆ ਰਹੇ ਸਨ। ਸਿਖ ਜੋਸ਼ ਵਿੱਚ ਸਨ ਇਸ ਸੂਰਮਤਾਈ ਨਾਲ ਲੜੇ ਕਿ ਮੁਸਲਮਾਨੀ ਫੌਜ ਦੇ ਛੱਕੇ ਛੁਟ ਗਏ। ਅਰ ਉਹ ਸਾਮਨੇ ਹੋਨ ਦੀ ਝਾਲ ਨ ਝਲਨ ਕਰਕੇ ਨਸ ਗਏ ਇਸ ਲੜਾਈ ਵਿਚ ਸਿਖਾਂ ਨੂੰ ਬੜਾ ਰੁਝ, ਮਾਲ ਅਸਬਾਬ, ਸ਼ਸ਼ਤ੍ਰ, ਗੋਲੇ ਬੰਦੂਕਾਂ ਅਰ ਬਰੂਦ ਆਦਿਕ ਲੁਟ ਦਾ ਹਥ ਆਇਆ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਦੋਂ ਸਿਖਾਂ ਦਾ ਟੋਲਾ ਲੁਟਮਾਰ ਕਰਦਾ ਹੋਇਆ ਮਿੱਠਾ ਨਾਮੇ ਪਿੰਡ ਦੇ ਨੇੜੇ ਪਹੁੰਚਿਆ। ਆਰਾਮ ਕਰਨ ਕਾਰਨ ਉਥੇ ਹੀ ਟਿਕਾਨਾ ਕਰ ਦਿਤਾ। ਉਸ ਪਿੰਡ ਵਿਚ ਮੁਸਲਮਾਨ ਅਨਗਿਨਤ ਰਹਿੰਦੇ ਸੇ। ਕੁਝਕੁ ਸਿਖ ਆਟਾ ਘਿਓ ਲੈਨ ਲਈ ਪਿੰਡ ਦੇ ਅੰਦਰ ਗਏ। ਦੇਖਦੇ ਕੀ ਹਨ ਕਿ ਮੁਸਲਮਾਨ ਪੰਜ ਸਤ ਗਊ ਹਤਿਆ ਕਰਨ ਦੀ ਤਿਆਰੀ ਕਰ ਰਹੇ ਸਨ। ਸਿਖਾਂ ਦੇ ਨੇਤ੍ਰਾਂ ਵਿਚ ਲਹੂ ਉਤਰ ਆਇਆ ਉਸੇ ਵੇਲੇ ਤਲਵਾਰ ਲੈਕੇ ਹੱਲਾ ਕਰ ਦਿਤਾ ਅਰ ਇੱਕ ੨ ਕਰਕ ਸਾਰਿਆਂ ਨੂੰ ਤਲਵਾਰ ਦੇ ਘਾਟ ਉਤਰਿਆ ਜਦੋਂ ਇਹ ਖਵਰ ਬੰਦੇ ਨੂੰ ਮਿਲੀ। ਉਨਾਂ ਦੀ ਸੈਨਤ ਸਮਝ ਕੇ ਸਿਖ ਸ਼ੇਰ ਦੀ ਨਿਆਈਂ ਪਿੰਡ ਉਤੇ ਟੁੱਟ ਪਏ ਅਰ ਗਾਜਰਾਂ ਅਰ ਮੂਲੀਆਂਦੀਨਿਆਈ ਸਾਰਿਆਂ ਨੂੰ ਵਢ ਸਿਟਿਆ। ਇਸ ਖੁਲੀ ਕਤਲਾਮ ਵਿਚ ਕਈ ਇਕ ਹਿੰਦੂ ਭੀ ਮਾਰੇ ਗਏ ਕੇਵਲ ਉਹਲੋਕ ਬਚੇ ਜਿਨਾਂ ਨੇ ਕਿ ਜਨੇਊ ਅਰ ਬੋਦੀ ਦਿਖਾਈ ਸੀ॥

ਬੰਦੇ ਨੂੰ ਹਿੰਦੂ ਧਰਮ ਦਾ ਰਖਯਕ ਸਮਝ ਕੇ ਪਠਾਣਾਂ ਨਾਮੇ ਪਿੰਡ ਦੇ ਕਈ ਇਕ ਲੋਕ ਹਿੰਦੂ ਇਨਾਂ ਦੇ ਨਾਲ ਮਿਲ ਗਏ ਅਰ ਅੰਮ੍ਰਿਤ ਛਕਕੇ ਸਿਖਾਂ ਦੇ ਮਤ ਵਿਚ ਆਏ॥

ਉਸ ਵੇਲੇ ਸਾਢੌਰਾ ਨਾਮੇ ਪਿੰਡ ਦਾ ਪੀਰਜਾਦਾ ਅਤਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੁਰਾਚਾਰ ਅਰ ਖੋਟਾ ਪੁਰਸ਼ ਸੀ ਹਿੰਦੂ ਉਸਤੋਂ ਅਤਿ ਦੁਖੀ ਹੋਰਹੇ ਸਨ। ਬੰਦੇ ਨੇ ਸੰਮਤ ੧੭੬੪ ਬਿ: ਵਿਚ ਤੋਪਖਾਨਾ ਕੈਮ ਕਰਕੇ ਤੋਪਾਂ ਮਾਰਨੀਆਂ ਆਰੰਭ ਕੀਤੀ-ਆਂ। ਲੜਾਈ ਦੀ ਖਬਰ ਸੁਨਕੇ ਇਹਦੇ ਗਿਰਦੇ ਦੇ ਬਹੁਤ ਸਾਰੇ ਮੁਸਲਮਾਨ ਅੱਕਠੇ ਹੋਗਏ ਸੰਧਜਾ ਤੀਕਰ ਚੰਗੀਤਰਾਂ ਤਲਵਾਰ ਚਲੀ। ਬੰਦਾ ਚਾਹੁੰਦਾ ਸੀ ਕਿਛੇਤੀ ਲੜਾਈ ਸਮਾਪਤ ਹੋਜਾਏ ਇਸਲਈ ਸੂਰਜ ਨੂੰ ਅਸਤ ਹੁੰਦਿਆਂ ਦੇਖ ਕੇ ਸਿਖਾਂ ਨੂੰ ਲਲਕਾਰਿਆ ਅਰ ਖੁੱਲ ਦਾ ਹੁਕਮ ਦਿਤਾ। ਬਸ ਫੇਰ ਕੀ ਸੀ! ਸਿੱਖ ਇਕਵਾਰਗੀ ਟੁੱਟ ਪਏ ਅਰ ਉਹ ਹਥ ਦਿਖਾਏ ਕਿ ਮੁਸਲਮਾਨੀ ਫੌਜ ਨੂੰ ਨਸਾਨ ਦੇ ਬਿਨਾ ਦੋ ਦਿਨਾਂ ਤੀਕਰ ਚੰਗੀਤਰਾਂ ਸ਼ਹਿਰ ਨੂੰ ਲੁਟਿਆ ਅਰ ਅੰਤ ਨੂੰ ਕੁਤਬਦੀਨ ਨਾਮੇ ਰਈਸ ਨੂੰ ਵਢ ਕੇ ਉਥੋਂ ਅਗੇ ਨੂੰ ਕੂਚ ਕੀਤਾ ਅਰ ਮਖਲਸ ਗੜ ਦੇ ਕਿਲੇ ਨੂੰ ਜਿੱਤ ਕਰਕੇ ਉਸੇ ਨੂੰ ਆਪਨਾ ਸਦੀਵੀ ਸਥਾਨ ਬਨਾ ਲਿਆ॥

ਇਥੇ ਆਉਨ ਤੇ ਬੰਦੇ ਦੀ ਬਹਾਦਰੀ ਨੇ ਥੋੜੇ ਹੀ ਦਿਨਾਂ ਵਿਚ ਅਜਿਹੀ ਪ੍ਰਸਿਧੀ ਪ੍ਰਾਪਤ ਕਰ ਲਈ ਕਿ ਮੁਸਲਮਾਨ ਓਸਦੇ ਨਾਉਂ ਸੁਨਕੇ ਥਰ ਥਰ ਕੰਬਨ ਲਗੇ ਮੁਸਲਮਾਨ ਢੇਰ ਸਾਰੇ ਉਨਾਂ ਨੂੰ ਭੇਟਾ ਲੈ ਲੈ ਕੇ ਮਿਲੇ ਅਰ ਉਨਾਂ ਦੀ ਅਧੀਨਤਾ ਕਬੂਲ ਕਰ ਲਈ ਬੰਦੇ ਨੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਨਾਂ ਨੂੰ ਸਚਿਆਂ ਸਮਝ ਕੇ ਆਪਨੀ ਸੇਵਾ ਵਿਚ ਕਬੂਲ ਲਿਆ । ਅਰ ਥੋੜੇ ਦਿਨਾਂ ਹੀ ਤੀਕਰ ਭਾਵੇਂ ਇਹ ਸਤ ਲੋਕ ਪ੍ਰਗਟਿਤ ਉਨਾਂ ਦੇ ਮਰਜੀ ਅਨੁਸਾਰ ਕੰਮ ਕਰਦੇ ਰਹੇ ਪ੍ਰੰਤੂ ਅੰਦਰ ਹੀ ਅੰਦਰ ਸੂਬੇ ਸ੍ਰਹਿੰਦ ਨਾਲ ਲਿਖਤ ਪੜ੍ਹਤ ਕਰਦੇ ਹੋਏ ਅਜੇਹੀ ਸੋਚ ਸੋਚਨ ਲਗੇ ਸੇ ਕਿ ਉਹ ਸਾਰੇ ਸੁਖੇਨ ਹੀ ਸਦਾ ਲਈ ਕੈਦ ਹੋਜਾਨ ॥

ਇਕ ਦਿਨ ਅਜੇਹੀ ਗਲ ਹੋਈ ਕਿ ਇਨਾਂ ਮੁਸਲ-ਮਾਨਾਂ ਦਾ ਕਾਸਦ (ਦੂਤ) ਪੋਲੇ ਵਾਂਸ ਦੇ ਅੰਦਰ ਸ੍ਰਹਿੰਦ ਦੇ ਨਵਾਬ ਦੇ ਚਿਠੀ ਲਈ ਹੋਈ ਜਾ ਰਿਹਾ ਸੀ ਰਾਹ ਵਿਚ ਬੰਦੇ ਦੇ ਊਠ ਚਰਾਉਨ ਵਾਲੇ ਸਿਖ ਮਿਲੇ ਉਸਨੇ ਚਾਹਿਆ ਕਿ ਨਜਰ ਬਚਾ ਕੇ ਦੌੜ ਜਾਏ ਪਰ ਉਨਾਂ ਦੀ ਨਿਗਾਹ ਪੈ ਗਈ ਮਨ ਵਿਚ ਸ਼ੰਕਾ ਉਪਜਿਆ ਅਰ ਜਦੋਂ ਉਸਨੂੰ ਕਾਬੂ ਕਰਕੇ ਉਸਦੇ ਵਾਂਸ ਨਾਲ ਊਠ ਹਕਣ ਲਗੇ ਤਾਂ ਉਹ ਪਾਟ ਗਿਆ ਅਰ ਵਿਚੋਂ ਉਹ ਚਿੱਠੀ ਬਾਹਰ ਢਹਿ ਪਈ । ਇਹ ਚਿਠੀ ਕਾਸਦ ਸਮੇਤ ਬੰਦੇ ਬਹਾਦਰ ਅਗੇ ਹਾਜਰ ਕੀਤਾ ਗਿਆ । ਜਦੋਂ ਉਨਾਂ ਨੇ ਚਿਠੀ ਦਾ ਵਿਸ਼ਯ ਪੜ੍ਹਿਆ ਤਾਂ ਅਖਾਂ ਖੁਲੀਆਂ । ਮੁਸਲਮਾਨਾਂ ਦੀ ਬੇਈਮਾਨੀ ਪ੍ਰਗਟ ਹੋਗਈ ਬੰਦੇ ਨੂੰ ਜੋ ਉਸ ਵੇਲੇ ਕ੍ਰੋਧੀ ਹੋਇਆ ਲਿਖ ਨਹੀਂ ਜਾ ਸਕਦਾ । ਉਸਨੇ ਖਰਾਬੀ ਕਰਨ ਵਾਲਿਆਂ ਨੂੰ ਉਸੇ ਵੇਲੇ ਵਢਵਾ ਦਿਤਾ ਅਰ ਸਰਬ ਸੰਗਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੂੰ ਸੁਨਾਕੇ ਕਿਹਾ ਕਿ "ਗੁਰੂ ਜੀ ਨੇ ਸਚਾ ਬਚਨ ਕਿਹਾ ਸੀ ਕਿ ਕਦੀ ਭੀ ਤੁਰਕ ਮੁਸਲਮਾਨਾਂ ਦਾ ਇਤਬਾਰ ਨਾ ਕਰਨਾ ਚਾਹੀਏ:-

"ਗੁੜ ਤਿਲ ਭੋਜਨ ਤੁਰਕ ਮੜ੍ਹਾਈ
ਆਗੇ ਮੀਠੋ ਪਾਛੇ ਕੁੜਵਾਈ"

ਅਰ ਉਸ ਬਚਨ ਇਤਹਾਸ ਤੋਂ ਉਪ੍ਰੰਤ ਫੇਰ ਕਦੀ ਉਨਾਂ ਦੀ ਜੁਬਾਨ ਤੇ ਇਤਬਾਰ ਨਹੀਂ ਕੀਤਾ ॥

—:—

ਦੂਜਾ ਅੰਕ

ਅਜੇ ਬੰਦੇ ਨੂੰ ਲੂਨ ਹਰਾਮੀ ਮੁਸਲਮਾਨਾਂ ਦੇ ਡੰਨ ਦੇਨ ਤੋਂ ਵੇਹਲ ਭੀ ਨਹੀਂ ਮਿਲੀ ਸੀ ਕਿ ਫੱਤ ਨਬੇੜ ਨਾਮੇ ਪਿੰਡ ਦੇ ਬ੍ਰਹਿਮਨਾਂ ਦਾ ਇਕ ਟੋਲਾ ਉਨਾਂ ਦੇ ਕੋਲ ਫਰਿਆਦੀ ਆਣ ਆਖਿ "ਮਹਾਰਾਜ ਦੀ ਜੈ ਹੋ! ਗੁਰੂ ਸਹਿਬ ਦੀ ਜੈ! ਸਾਡੇ ਪਿੰਡ ਦੇ ਸਾਰੇ ਮੁਸਲਮਾਨ ਸਾਨੂੰ ਕਰਮ ਧਰਮ ਨਹੀਂ ਕਰਨ ਦਿਦੇ ਧਿਙੋ ਜ਼ੋਰੀ ਸਾਡੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਡੰਗਰ ਪਸ਼ੂ ਆਦਿ ਖੋਹ ਕੇ ਲੈ ਜਾਂਦੇ ਹਨ ਇਸ ਲਈ ਅਸੀ ਬਹੁਤ ਦੁਖੀ ਹਾਂ! ਇਥੇ ਕੀ ਛੇਰ ਸੀ ਬੰਦੇ ਨੇ ਉਸੇ ਵੇਲੇ ਸਿਖਾਂ ਨੂੰ ਸੈਨਤ ਮਾਰੀ ਅਰ ਇਹ ਨੰਗੀਆਂ ਤਲ-ਵਾਰਾਂ ਲੈਕੇ ਸ਼ੇਰਾਂ ਦੀ ਨਿਆਈ ਟੁੱਟ ਪਏ ਅਰ ਉਹ ਘਮਸਾਨ ਚੌਂਦੇ ਮਚਾਈ ਕਿ ਜਿਸਦਾ ਕੋਈ ਅੰਤ ਹੀ ਨਹੀਂ ॥

ਬੰਦੇ ਦੀਆਂ ਸੂਰਮਤਾਈਆਂ ਦੀਆਂ ਖਬਰਾਂ ਪੰਜਾਬ ਦੇ ਸਭ ਸਿਖਾਂ ਨੂੰ ਮਿਲੀਆਂ ਇਹ ਲੋਕ ਤਾਂ ਉਸੇ ਉਡੀਕ ਵਿਚ ਹੀ ਬੈਠੇ ਸਨ ਕਿ ਕੋਈ ਸੂਰਮਾ ਸਰਦਾਰ ਪ੍ਰਗਟ ਹੋਵੇ ਅਰ ਉਨਾਂ ਨੂੰ ਮੈਦਾਨ ਵਿੱਚ ਲੈ ਚਲੇ। ਪਹਾੜਾਂ ਵਿਚ ਜੋ ਸਿਖ ਲੁਕੇ ਹੋਏ ਸਨ ਹੌਲੀ ਹੌਲੀ ਉਨਾਂ ਪਾਸ ਆਉਨ ਲਗੇ। ਪਸ਼ੌਰਾ ਸਿੰਘ ਅਰ ਗੁਲਜ਼ਾਰ ਸਿੰਘ ਜੋ ਸ਼ਾਮ ਸਿੰਘ ਨਾਮੇ ਇਕ ਸਿਖ ਦੇ ਸਹਾਇਕ ਸਨ ਇਹ ਸਭ ਲੋਕ ਇਸ ਪ੍ਰਕਾਰ ਆਪਨ ਟੋਲੇ ਨੂੰ ਲੈਕੇ ਬਾਹਿਰ ਨਿਕਲੇ ਜਿਸ ਪ੍ਰਕਾਰ ਉਛਲਦੇ ਹੋਏ ਸਮੁੰਦ੍ਰ ਦੀਆਂ ਲਹਿਰਾਂ ਯਾ ਟਿਡੀਆਂ ਦਾ ਮਸਤ ਹੋਯਾ ੨ ਦਲ ਚਲਦਾ ਹੈ। ਰਸਤੇ ਵਿਚ ਜਿੰਨੇ ਪਿੰਡ ਪਏ ਸਭ ਨੂੰ ਸਾੜ ਫੂਕ ਕੇ ਖੇਹ ਕਰ ਦਿਤਾ ਅਰ ਉਸ ਦਾ ਮਾਲ ਅਸਬਾਬ ਲੁਟ ਮਾਰ ਘੋੜੇ ਸ਼ਸ਼ਤ੍ਰ ਖੋਹ ਕੇ ਸਭ ਕੁਝ ਲੈਂਦੇ ਹੋਏ ਬੰਦੇ ਦੀ ਛੋਟਾ ਕੀਤ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੂਬੇ ਸ੍ਰਹਿੰਦ ਨੂੰ ਜਦੋਂ ਇਹ ਖਵਰ ਮਿਲੀ ਉਸਨੇ ਦਿਲਾਵਰ ਖਾਂ ਅਰ ਗੁਲਸ਼ੇਰ ਖਾਂ ਨਾਮੇ ਫੌਜਦਾਰਾਂਨੂੰ ਪੰਜ ਹਜ਼ਾਰਾਂ ਦੀ ਗਿਨਤੀ ਫ਼ੌਜ ਅਰ ਪੰਦ੍ਰਾਂ ਤੋਪਾਂ ਦੇਕੇ ਸਿਖਾਂ ਦੀਨਾਸ਼ਤਾਈ ਦੇ ਲਈ ਤੋਰਿਆ।ਜਿਸ ਵੇਲੇ ਇਹ ਰੋਪੜ ਪਹੁੰਚੇ ਸਿਖਾਂ ਨੂੰਉਨਾਂ ਦੇ ਆਉਨ ਦੀ ਖਵਰ ਪਹੁੰਚੀ। ਸਿਖ ਤਾਂ ਲੜਨ ਲਈ ਤਿਆਰ ਬੈਠੇ ਸਨ ਉਨਾਂਨੇ ਇਕ ਪਲ ਵਿਚ ਹੀ ਸਾਮਨੇ ਹੁੰਦਿਆਂ ਸਾਰੇ ਮੁਸਲਮਾਨਾਂ ਨੂੰ ਤਲਵਾਰ ਦੀ ਭੇਟਾ ਕਰ ਸਹਸ੍ਰ ਛਤ੍ਰਆਂ ਨੂੰ ਲਹੂ ਵਿਚ ਲਬ ਲਬੇੜ ਧਰਤੀ ਤੇ ਲਿਟਾ ਦਿਤੂੰ। ਚਾਰ ਸੌ ਆਦਮੀ ਦੂਜੇ ਪਾਸਿਓਂ ਕੰਮ ਆਏ। ਇਸ ਵਿਚ ਦਿਲਾਵਰ ਖਾਂ ਦਾ ਭਰਾ ਮਾਰਿਆ ਗਿਆ।ਸਿਖਾਂ ਦਾ ਜੋਸ਼ ਦੇਖਕੇ ਮਸਲ-ਮਾਨ ਇੰਨੇ ਡਰੇ ਕਿ ਰਨਭੂਮੀ ਵਿਚ ਉਨਾਂ ਦਾ ਠਹਿਰਨਾ ਕਠਨ ਹੋ ਗਿਆ ਅਰ ਸਾਰੇ ਦੇ ਸਾਰੇ ਨਸ ਗਏ ਅਰ ਬਰੂਦ ਗੋਲ ਅਰ ਸ਼ਸਤ੍ਰ ਆਦਿ ਬਹੁਤ ਕੁਝ ਸਿਖਾਂ ਦੇ ਹਥ ਆਏ।

ਸੂਬੇ ਸ੍ਰਹਿੰਦ ਨੇ ਉਸ ਖਵਰ ਨੂੰ ਸੁਨਕੇ ਖ੍ਵਾਜਾ ਖਿਜਰ ਖਾਂ ਦੇ ਆਧੀਨ ਕਸ਼ਮੀਰੀ ਰਸਾਲੇ ਨੂੰ ਉਨਾਂ ਨਾਲ ਲੜਨ ਲਈ ਤੋਰਿਆ। ਇਹ ਪੁਰਸ਼ ਬੜਾ ਭਾਰਾ ਲੜਾਕਾ ਸੀ ਬੜੀ ਹਿੰਮਤ ਅਰ ਸੂਰਮਤਾਈ ਦਿਖਲਾਈ ਪਰ ਸਿਖ ਆਪਨੇ ਸਿਰ ਤਲੀ ਤੇ ਲਈ ਫਿਰਦੇ ਸੀ ਜਦੋਂ ਲੜਾਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੋਣ ਲਗੀ । ਤਲਵਾਰਾਂ ਦੀ ਚਮਕ ਨਾਲ ਅਖਾਂ ਚੁੰਧਿਆ ਗਈਆਂ, ਮਾਰ ਧਾੜ ਦੀ ਪੁਕਾਰ ਹਨ ਲਗੀ ਫਲ ਇਹ ਹੋਯਾ ਕਿ ਕਈ ਘੰਟੇ ਦੀ ਲੜਾਈ ਦੇ ਉਪ੍ਰੰਤ ਖਾਜਾ ਖਿਜਰ ਖ਼ਾਂ ਅਪਨੇ ਸਹਾਇਕਾਂ ਸਮੇਤ ਮਾਰਿਆ ਗਿਆ ਅਰ ਫੇਰ ਦੂਜੀ ਵਾਹੀ ਮੁਸਲਮਾਨ ਰਣਭੂਮੀ ਛਡਕੇ ਨਸ ਗਏ ।

ਸ੍ਰਹਿੰਦ ਵਿਚ ਫੌਜ ਦਾ ਕੀ ਘਾਟਾ ਸੀ! ਓਹ ਨਵੇਂ ਸਿਰੇ ਦੂਜੀ ਪਲਟਨ ਭੇਜੀ ਗਏ । ਜਦੋਂ ਸਿਖਾਂ ਨੇ ਇਹ ਖਵਰ ਸੁਣੀ ਤਾਂ ਉਥੇ ਠਹਿਰਨਾ ਚੰਗਾ ਨ ਸਮਝਨਾ ਸਭ ਨਿਯਤ ਸਥਾਨ ਤੇ ਚਲੇ ਆਏ । ਬੰਦੇ ਨੇ ਪ੍ਰਸੰਨ ਹੋਕੇ ਸਾਰਿਆਂ ਨੂੰ ਸ਼ਾਵਾ ਸੇ ਦਿਤੀ ਅਰ ਬਖਸ਼ੀਸ਼ ਵੰਡਨ ਦੇ ਉਪ੍ਰੰਤ ਉਚੀ ਪੁਕਾਰ ਕੇ ਸਿਖਾਂ ਨੂੰ ਕਿਹਾ ਕਿ " ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸਚੇ ਸ਼ੇਰ ਮਰਦੋ! ਤੁਸਾਂ ਲੋਕਾਂ ਨੇ ਜੋ ਕੁਝ ਕੀਤਾ ਹੈ ਸ਼ੋਭਾ ਯੋਗ ਹੈ ਪ੍ਰੰਤੂ ਇਹ ਬਹੁਤੀ ਨਹੀਂ ਹੈ ਕਿਉਂਕਿ ਅਜੇ ਤਾਂ ਕੇਵਲ ਆਰੰਭ ਹੀ ਹੋਇਆ ਹੈ। ਉਨਾਂ ਬਹਾਦਰ ਅਰ ਸੂਰਮੇ ਸ਼ੇਰ ਬਚਿਆਂ ਦੇ ਖੂਨ ਦਾ ਬਦ-ਲਾ ਲੈਣ ਦੇ ਲਈ ਰੌਲਾ ਪਾਰਿਆ ਹੈ ਜਿਨਾਂ ਮਸੂਮਾਂ ਵਿਚਾਰੇ ਬੇਔਗੁਣਾਂ ਨੂੰ ਕੰਧਾਂ ਵਿਚ ਚੁਨਿਆ ਗਿਆ । ਫਗਣ ਦੀ ੨੯ ਤਰੀਕ ਸੰਮਤ ੧੭੬੪ ਬਿ: ਨੂੰ ਹੁਨ ਸ੍ਰਹਿੰਦ ਦੇ ਚੜਾਈ ਹੋਵੇ ਗੀ ਕਰਤਾਰ ਦਾ ਹੁਕਮ ਹੈ ਕਿ ਸ੍ਰਹਿੰਦ ਦੀ ਇਟ ਨਾਲ ਇਟ ਵਜਾ ਦਿਤੀ ਜਾਵੇ ਤੁਸੀਂ ਸਭ ਲੋਕ ਤਿਆਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੋ ਜਾਓ ਅਰ ਦੂਰ ਦੂਰ ਦੇ ਸਿਖਾਂ ਨੂੰ ਕਹਾ ਭੇਜੋ ਕਿ ਉਸ ਦਿਨ ਆਕੇ ਸਾਡਾ ਸਾਥ ਦੇਨ ॥

ਸਿਖਾਂ ਨੇ ਚੁਪ ਪੰਜ਼ੂ ਖੁਸ਼ੀ ਦੇ ਨਾਲ ਇਸ ਹੁਕਮ ਨੂੰ ਸੁਣਿਆ ਅਰ ਉਹ ਆਪਨੇ ਜ਼ੋਰ ਤੇ ਹਰ ਤਰਾਂ ਨਾਲ ਤਿਆਰੀਆਂ ਕਰਨ ਲਗੇ। ਉਧਰ ਜਦੋਂ ਸ੍ਰਹਿੰਦ ਦੇ ਸੂਬੇ ਨੂੰ ਪਤਾ ਲਗਾ ਉਸਨੇ ਭੀ ਬਹੁਤ ਭਾਰੀ ਫੌਜ ਅਕੱਠੀ ਕਰ ਲਈ ਅਰ ਸਿਖਾਂ ਦੇ ਲੜਨ ਲਈ ਤਿਆਰ ਹੋ ਬੈਠਾ

ਲੜਾਈ ਦਾ ਦਿਨ ਆ ਪੁੱਜਾ। ਸਿਖਾਂ ਨੇ ਸ੍ਰਹਿੰਦ ਤੇ ਧਾਵਾ ਕੀਤਾ ਅਰ ਸ਼ਹਿਰੋਂ ਦੋ ਤਿੰਨਾਂ ਕੋਹਾਂ ਦੀ ਵਿਥ ਤੇ ਦੋਵੇਂ ਪਾਸਿਆ ਦੀਆਂ ਫੌਜਾਂ ਆਮੋ ਸਾਮਨੇ ਮਿਲੀਆਂ। ਮੁਸਲਮਾਨ ਅਰ ਸਿਖ ਦੋਵੇਂ ਜੋਸ਼ ਵਿਚ ਸਨ ਇਹ ਲੜਾਈ ਧਰਮ ਦੀ ਲੜਾਈ ਸੀ। ਦੋਵੇਂ ਪਾਸਿਓਂ ਸੂਰਮ-ਤਾਈ ਨਾਲ ਫੌਜ ਲੜੀ ਤਲਵਾਰਾਂ ਖਟਾਖਟ ਖੜਕਨ ਲਗੀਆਂ। ਇੰਨੇ ਆਦਮੀ ਥੋੜੇ ਚਿਰ ਵਿਚ ਹੀ ਮਾਰੇ ਗਏ ਕਿ ਧਰਤੀ ਤੇ ਲਹੂ ਦੀ ਲਾਲ ਨਦੀ ਵਗਨ ਲਗੀ ਮੁਸਲਮਾਨਾਂ ਕੋਲ ਬਹੁਤ ਸਮਿਆਨ ਸੀ, ਤੋਪ ਤੇ ਬੰਦੂਕਾਂ ਦੇ ਸਾਹਮਨੇ ਇਕ ਅਸਿਖਜਕ ਫੌਜ ਦਾ ਲੜਨਾ ਕੋਈ ਖਾਲਾ ਜੀ ਦਾ ਵਾੜਾ ਨਹੀਂ ਸੀ। ਫੇਰ ਭੀ ਸਿਖ ਦੁਪਹਿਰ ਤੀਕਰ ਬੜੀ ਦ੍ਰਿੜਤਾ ਅਰ ਹਠ ਨਾਲ ਲੜਦੇ ਰਹੇ ਪਰ ਇਹ ਘਬਰਾ ਗਏ ਅਰ ਆਪੋ ਵਿਚ ਸਲਾਹ ਕਰਨ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਗੇ ਕਿ ਹੁਨ ਪਿਛੇ ਹਟ ਜਾਨਾ ਚਾਹੀਏ। ਬਾਬਾ ਬਿਨੋਦ ਸਿੰਘ ਨੇ ਉਨ੍ਹਾਂ ਦੀ ਦਸ਼ਾ ਦੇਖੀ ਅਰ ਕਿਹਾ ਕਿ ਥੋੜਾ ਚਿਰ ਹੋਰ ਲੜੋ, ਬਾਬੇ ਬੰਦੇ ਨੂੰ ਆ ਲੈਨ ਦਿਓ ਬਿਨਾਂ ਉਨਾਂ ਦੇ ਹੁਕਮ ਦੇ ਪਿਛੇ ਹਟਨਾ ਚੰਗਾ ਨਹੀਂ ਇਹ ਕਹਿਕੇ ਉਹ ਘੋੜੇ ਨੂੰ ਅੱਡੀ ਲਾਂਦੇ ਹੋਏ ਬੰਦੇ ਜੀ ਕੋਲ ਆਏ। ਜੋ ਤਿੰਨਾਂ ਕੋਹਾਂ ਦੀ ਵਿੱਥ ਤੇ ਠਹਿਰੇ ਹੋਏ ਈਸ਼੍ਵਰ ਦੇ ਭਜਨ ਵਿਚ ਮਸਤ ਸਨ। ਬਾਬਾ ਬਿਨੋਦ ਸਿੰਘ ਦੀ ਜਬਨੀ ਲੜਾਈ ਦਾ ਹਾਲ ਸੁਨਕੇ ਕਸੇ ਕਸਾਏ ਘੋੜੇ ਦੀ ਪਿਠ ਤੇ ਕੁਦਕੇ ਅਸਾਰ ਹੋ ਪਏ ਅਰ ਸ਼ੇਰ ਦੀ ਨਿਆਈਂ ਲਲਕਾਰਦੇ ਹੋਏ ਰਨਭੂਮੀ ਵਿਚ ਆ ਵੜੇ ਉਨਾਂ ਨੂੰ ਦੇਖਕੇ ਸਿਖਾਂ ਦਾ ਹੌਸਲਾ ਵਧ ਗਿਆ। ਤਦੋਂ ਬੰਦੇ ਨੇ ਇਕ ਉਚੇ ਟਿੱਬੇ ਤੇ ਬੈਠਕ ਸ਼ਤ੍ਰੁਆਂ ਨੂੰ ਆਪਨੇ ਤੀਰਾਂ ਨਾਲ ਵਿੰਨ ਸਿਟਿਆ ਉਨਾਂ ਦੇ ਤੀਰ ਅਤਿ ਰੂਪਵਾਨ ਸਨ ਇੰਨੇ ਆਦਮੀ ਉਸ ਦਿਨ ਉਨਾਂ ਦੇ ਹਥੋਂ ਮਾਰੇ ਗਏ ਕਿ ਜਿਨਾਂ ਦੀ ਗਿਨਤੀ ਨਹੀਂ ਹੋ ਸਕਦੀ। ਅੰਤ ਜਿਸ ਵੇਲੇ ਉਨਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਬਖਸ਼ੇ ਹਏ ਤੀਰਾਂ ਨੂੰ ਚਿੱਲੇ ਵਿਚੋਂ ਕਢਿਆ ਤਾਂ ਸ਼ਤ੍ਰੂਆਂ ਵਿਚ ਹਲ ਚਲ ਮਚ ਗਈ ਅਰ ਸਿੰਘ ਸਤਿ ਸ੍ਰੀ ਅਕਾਲ, ਸਤਿ ਸ੍ਰੀ ਅਕਾਲ ਕਰਦੇ ਹੋਏ ਬਿਜਲੀ ਦੀ ਨਿਆਈਂ ਮੁਸਲ-ਮਾਨਾਂ ਤੇ ਜਾ ਪਏ, ਮੁਸਲਮਾਨ ਡਰ ਗਏ ਅਰ ਨਸਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਏ ਉਸੇ ਨਸ ਭਜ ਵਿਚ ਵਜੀਦ ਖਾਂ ਨਾਮੇ ਸੂਬੇਦਾਰ ਸ੍ਰਹਿੰਦ ਘੋੜੇ ਤੋਂ ਡਿਗ ਪਿਆ ਸਿਖ ਉਸਨੂੰ ਪਗੜ ਕ ਖਿਚ ਖਚ ਕੇ ਬੰਦੇ ਬਾਬੇ ਦੇ ਪਾਸ ਲੈ ਆਏ ਉਨਾਂ ਨੇ ਕੈਦ ਵਿਚ ਰਖਣ ਦਾ ਹੁਕਮ ਦਿਤਾ ॥

ਸੂਬੇਦਾਰ ਦਾ ਕੈਦ ਹੀ ਹੋਨਾ ਸੀ ਕਿ ਰਹੀ ਸਹੀ ਮੁਸਲਮਾਨਾਂ ਦੀ ਹਿੰਮਤ ਨਸ਼ਟ ਹੋ ਗਈ। ਸਿਖਾਂ ਨੇ ਇਸ ਪ੍ਰਕਾਰ ਉਨਾਂ ਨੂੰ ਮਾਰਿਆ ਕਿ ਚਾਰੇ ਪਾਸੇ ਮੁਰਦਿਆਂ ਦੇ ਢੇਰ ਲਗ ਗਏ ਤਿੰਨ ਤਿੰਨ ਕੋਹਾਂ ਤੀਕਰ ਉਨਾਂ ਦਾ ਪਿੱਛਾ ਕੀਤਾ ਜੋ ਸਾਮਨੇ ਆਯਾ ਧਰਤੀ ਤੇ ਲਿਟਾਯਾ ਸਭ ਲੋਕ ਸ਼ਹਿਰ ਛਡ ਕੇ ਨਸ ਗਏ ਮੁਸਲਮਾਨੀ ਰਈਸਾਂ ਦੀਆਂ ਇਸਤ੍ਰੀਆਂ ਜਿਨਾ ਨੂੰ ਕਦੀ ਬਾਹਰ ਦੀ ਪਵਨ ਨਹੀਂ ਲਗੀ ਸੀ ਵਿਆਕੁਲ ਹੋਕੇ ਨਸਨ ਲਗੀਆਂ ਉਨਾਂਦੇ ਪਤੀਆਂ ਅਰ ਭਰਾਵਾਂ ਨ ਰਤੀ ਪ੍ਰਵਾਹ ਨ ਕੀਤੀ ਸਭਨ ਆਪਨੇ ੨ ਪ੍ਰਾਨ ਬਚਾਉਨ ਦਾ ਜਤਨ ਕੀਤਾ ਪ੍ਰੰਤੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸਿਖਾਂ ਦੇ ਸਚੇ ਸੁਭਾਵ ਦੀ ਸ਼ਤਾ ਕਰਨੀ ਚਾਹੀਏ ਕਿ ਕਿਸੇ ਸਿਖ ਨੇ ਕਿਸੇ ਇਸਤ੍ਰੀ ਦੀ ਅਪਮਾਨਤਾ ਆਦਿ ਨਹੀਂ ਕ ਤੀ ਕੇਵਲ ਲੁਟ ਮਾਰ ਵਲ ਹੀ ਧਿਆਨ ਰਖਿਆ ॥

ਸ੍ਰਹਿੰਦ ਸ਼ਹਿਰ ਤਿੰਨਾਂ ਦਿਨਾਂ ਤੀਕਰ ਲੁਟੀਂਦਾ ਰਿਹਾ ਉਸਦੇ ਉਪ੍ਰੰਤ ਬਾਬਾ ਬੰਦਾ ਨੇ ਲੁਟ ਦਾ ਹੁਕਮ ਬੰਦ ਕਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਮਨ ਅਮਾਨ ਹੋਯਾ ਤਾਂ ਵਜ਼ੀ-
ਦਿਤਾ। ਅਰ ਜਦੋਂ ਰਤੀ ਅਮਨ ਅਮਾਨ ਹੋਯਾ ਤਾਂ ਵਜ਼ੀ. ਵਿੱਚ ਸਾੜਿਅ
ਦੁਖਾਂ ਨੂੰ ਕੈਦੋਂ ਕਢਕੇ ਬਲਦੀ ਹੋਈ ਅੱਗ ਵਿੱਚ ਸਾੜਿਅ
ਗਿਆ। ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ
ਮਸੂਮ ਸਾਹਿਬਜ਼ਾਦਿਆਂਦਾ ਬਦਲਾ ਸੀ। ਇਸਦੇਉਪ੍ਰੰਤ ਉ
ਹਿੰਦੂ ਦਿਵਾਨ ਸੁਚਾਨੰਦ ਦੁਸ਼ਟ ਅਰ ਮੁਸਲਮਾਨ ਕਾਜ਼
ਬੁਲਾਏ ਗਏ ਜਿਨ੍ਹਾਂ ਨੇ ਮਸੂਮ ਬਾਲਕਾਂ ਨੂੰ ਜੰਮਦੀਆ
ਸੂਲਾਂ, ਅਰ ਸਪਾਂ ਦੇ ਬੱਚੇ ਕਹਿਕੇ ਜਿਊਂਦੇ ਜੀ ਕਸ਼ਟ
ਵਿੱਚ ਪਾਯਾ ਸੀ ਇਹ ਸਾਰੇ ਲੋਕ ਹਾਜ਼ਰ ਕੀਤੇ ਗਏ
ਬੰਦੇ ਨੇ ਇਕ ਇਕ ਕਰਕੇ ਉਨਾਂ ਨੂੰ ਅਤਿ ਦੁਰਦਸ਼
ਅਰ ਦੁਰਗਤੀ ਨਾਲ ਵਢਿਆ ਕਿ ਉਹ ਸਭ ਤੋਬਾ ਤੋ
ਕਰ ਉਠੇ। ਅਰ ਕਿਉਂਕਿ ਉਸ ਵੇਲੇ ਬੰਦੇ ਬਹਾਦਰ
ਮਨ ਵਿੱਚ ਅਤਿ ਕ੍ਰੋਪੀ ਸੀ, ਹੁਕਮ ਦੇ ਦਿਤਾ ਕਿ ਸ਼ਹਿ
ਵਿੱਚ ਕੋਈ ਮਸੀਤ ਮਕਬਰਾ ਆਦਿ ਨ ਰਹਿਣੇ ਪਾ
ਸਤਾਂ ਦਿਨਾਂ ਤੀਕਰ ਸਾਰੀਆਂ ਅਮਾਰਤਾਂ ਢਾਹ ਕੇ ਢੇਰ
ਕਰ ਦਿਤੀਆਂ ਅੰਤ ਨੂੰ ਦੋ ਮੁਸਲਮਾਨਾਂ ਨੇ ਮੂੰਹ ਵਿੱ
ਘਾ ਲੈ ਲੈ ਕੇ ਮਿਨੱਤਾ ਤਰਲੇ ਕੀਤੇ ਤਦੋਂ ਜਾਕੇ ਉਨਾਂ
ਸਿਖਾਂ ਨੂੰ ਹੁਕਮ ਦਿਤਾ ਕਿ ਹੁਨ ਅਧਿਕ ਵਧੀਕੀ
ਕੀਤੀ ਜਾਇ॥

ਬੰਦੇ ਦੇ ਮਨ ਤੇ ਮੁਸਲਮਾਨਾਂ ਦੀਆਂ ਬੇਅ
ਵਧੀਕੀ ਸਖਤੀਆਂ ਅਰ ਅਨਿਆਈਆਂ ਤੇ ਅਤਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਫਲ ਪ੍ਰਗਟ ਕੀਤਾ ਜੇ ਕਰ ਉਨਾਂ ਲੋਕਾਂ ਨੇ ਇਨੀਆਂ ਵਧੀਕੀਆਂ ਅਰ ਦੁਸ਼ਟ ਤਾਈਆਂ ਨਾ ਕੀਤੀਆਂ ਹੋਈਆਂ ਹੁੰਦੀਆਂ ਤਾਂ ਸੂਠ ਨਹੀਂ ਸੀ ਕਿ ਬੰਦੇ ਜੀ ਵਲੋਂ ਅਜਿਹੇ ਕਾਰਨ ਦਾ ਪ੍ਰਕਾਸ਼ ਹੁੰਦਾ ॥

ਸ੍ਰਹਿੰਦ ਦੇ ਸੂਬੇ ਨੂੰ ਮਾਰ ਕੇ ਬੰਦੇ ਨੇ ਸਤਲੁਦ੍ਰ ਅਰ ਜਮਨਾ ਦੇ ਵਿੱਚ ਆਰਲੇ ਇਲਾਕੇ ਸਿਖਾਂ ਨੂੰ ਬਖ਼ਸ਼ ਦਿਤੇ। ਸ੍ਰਹਿੰਦ ਦੀ ਹਾਕਮੀ ਅਰ ਸੂਬੇਦਾਰੀ ਭੀ ਸਿੰਘਾਂ ਨੂੰ ਬਖ਼ਸ਼ੀ ਅਰ ਭਾਈ ਫਤੇ ਸਿੰਘ ਨੂੰ ਸੂਬੇ ਵਿੱਚ ਥਾਂ ਥਾਂ ਕਬਜੇ ਤੇ ਮਾਲਕੀ ਕਰਨ ਦਾ ਕੰਮ ਸਪੁਰਦ ਕੀਤਾ ॥

ਬੰਦੇ ਦੀ ਜੋਰਾਵਰੀ ਜਿਤ ਨੂੰ ਸੁਨਕੇ ਹਜਾਰਾਂ ਗਿਨਤੀ ਦੇ ਹਿੰਦੂ ਅਉਨ ਲਗੇ ਅਰ ਸਿਖਾਂ ਦੀ ਗਿਨਤੀ ਬਹੁਤ ਵਧ ਗਈ। ਸਿਖਾਂ ਵਿਚ ਉਸ ਵੇਲੇ ਇਹ ਜੋਸ਼ ਪ੍ਰਗਟ ਹੋਇਆ ਕਿ ਉਹ ਬੰਦੇ ਨੂੰ ਯਾਰਵਾਂ ਗੁਰੂ ਮੰਨਨ ਲਗੇ ਭਾਵੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਆਪਨੇ ਉਪ੍ਰੰਤ ਗੁਰੂ ਦੀ ਪਦਵੀ ਕਿਸੇ ਨੂੰ ਦੇਨੇ ਸਖ਼ਤ ਮਨਾਹੀ ਕਰ ਦਿਤੀ ਸਾ ॥

ਸ੍ਰਹਿੰਦ ਜਿੱਤ ਲੈਨ ਦੇ ਉਪ੍ਰੰਤ ਬੰਦੇ ਦੀ ਫੌਜ ਮਲੇਰ ਕੋਟਲੇ ਵਲ ਪਹੁੰਚੀ। ਨਵਾਬ ਗੁਲਸ਼ੇਰ ਮੁਹੰਮਦ ਖਾਂ ਤਾਂ ਆਪਨੀ ਜਾਨ ਬਚਾ ਕੇ ਨਸ ਗਿਆ। ਉਸਦੇ ਅਲਾਕੇ ਨੂੰ ਸਿਖਾਂ ਨੇ ਚੰਗੀ ਤਰਾਂ ਲੁਟਿਆ ਅਰ ਫੇਰ ਜਲ੍ਹਾਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਲ ਚਲੇ ਗਏ ਉਥੋਂ ਦਾ ਹਾਕਮ ਰਾਇ ਕਲਿਆਨ ਉਨਾਂ ਨੂੰ ਆਕੇ ਮਿਲਿਆ ਅਰ ਪੰਜ ਹਜਾਰ ਰੁਪਯਾ ਭੇਟਾ ਦੇਕੇ ਮਾਫ਼ੀ ਮੰਗੀ । ਬਾਬਾ ਬੰਦਾ ਨੇ ਉਸਨੂੰ ਨਿਮਾਨਾ ਸਮਝ ਕੇ ਛਡ ਦਿਤਾ ॥

ਸਿਖ ਲੁਟ ਮਾਰ ਕਰਦੇ ਹੋਏ ਹੌਲੀ ਹੌਲੀ ਬਵਿੰਜਾ ਲਖ ਦੇ ਅਲਾਕੇ ਤੇ ਮਾਲਕ ਹੋਗਏ । ਬੰਦ ਨੇ ਬਾਬਾ ਬਿਨੋਦ ਸਿੰਘ ਅਰ ਬਾਬਾ ਰਾਮ ਸਿੰਘ ਨੂੰ ਚਾਰ ਚਾਰ ਹਜਾਰ ਫ਼ੌਜ ਦੇਕੇ ਕਰਨਾਲ ਪਾਨੀਪਤ ਹਵਾਲੇ ਕਰ ਦਿਤਾ । ਸ੍ਰਹਿੰਦ ਤਾਂ ਬਾਜ ਸਿੰਘ ਦੇ ਹਵਾਲੇ ਕਰ ਹੀ ਚੁਕੇ ਸੇ । ਭਾਈ ਫਤੇ ਸਿੰਘ, ਗੁਰਬਖਸ਼ ਸਿੰਘ, ਰਾਮ ਸਿੰਘ ਤਿਲੋਕ ਸਿੰਘ ਅਰ ਪਰੇਮ ਸਿੰਘ ਨੂੰ ਥਾਂ ਥਾਂ ਮਾਲਵੇ ਦੇਸ਼ ਦੇ ਪ੍ਰਬੰਧ ਲਈ ਨਿਯਤ ਕਰ ਦਿਤਾ ॥

—:—

ਤੀਜਾ ਅੰਕ

ਜਦੋਂ ਬੰਦੇ ਬਹਾਦਰ ਦੀਆਂ ਜਿਤਾਂ ਅਰ ਜੀਤਵਾਨ ਹੋਨ ਦੀ ਖਵਰ ਦਿੱਲੀ ਪਹੁੰਚੀ । ਬਹਾਦਰ ਸ਼ਾਹ ਨੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਾਜੀ ਇਸਮਾਈਲ ਖਾਂ, ਹਾਜੀ ਮੁਹੰਮਦ ਬੇਗ, ਸ਼ਾਹ ਅਨਾਇਤਉਲਾ ਖਾਂ ਅਰ ਮੀਰ ਮੁਹੰਮਦ ਖ਼ਾਂ ਅਪਨੇ ਮਾਨਨੀਆਂ ਸੂਰਮੇ ਫ਼ੌਜੀ ਸਰਦਾਰਾਂ ਨੂੰ ਢੇਰ ਸਾਰੀ ਫ਼ੌਜ ਦੇਕੇ ਬੰਦੇ ਨੂੰ ਡੰਨ ਦੇਨ ਲਈ ਤੋਰਿਆ। ਕਰਨਾਲ ਵਿਚ ਬਾਬਾ ਬਿਨੋਦ ਸਿੰਘ ਨੇ ਪਾਤਸ਼ਾਹੀ ਫੌਜ ਦਾ ਸਾਮਨਾ ਕੀਤਾ ਪ੍ਰੰਤੂ ਹਾਰ ਖਾਧੀ ਅਰ ਤੰਗ ਹੋਕੇ ਸ੍ਰਹਿੰਦ ਦੇ ਸਿਖ ਨਾਲ ਨਸਕੇ ਜਾ ਮਿਲਜਾ। ਮੁਸਲਮਾਨ ਸ੍ਰਹਿੰਦ ਤੀਕਰ ਬਰਾਬਰ ਇਨਾਂਦਾ ਪਿੱਛਾ ਕਰਦੇ ਚਲੇ ਆਏ। ਇਕ ਤਾਂ ਅਗੇ ਹੀ ਦਿੱਲੀ ਦੀ ਫ਼ੌਜ ਕੁਝ ਵਧੀਕ ਸੀ ਦੂਜੇ ਲਾਹੌਰ ਤੋਂ ਭੀ ਬਹੁਤ ਸਾਰੀ ਫੌਜ ਉਸਦੀ ਮਦਤ ਲਈ ਆਨ ਪਹੁੰਚੀ। ਕਤਕ ਸੰਮਤ ੧੭੬੫ ਬਿਃ ਵਿਚ ਤ੍ਰਗਵੰਞ ਰਾਇ ਕਾਨ੍ਹੂੰ ਰੋ ਦੇ ਕਿਲੇ ਕੋਲ ਰਨ ਭੂਮੀ ਜੁਧ ਲਈ ਨਿਯਤ ਕੀਤੀ ਗਈ। ਸਿਖ ਅਰ ਮੁਸਲਮਾਨ ਦੋਵੇਂ ਇਸ ਪ੍ਰਕਾਰ ਘਮਸਾਨ ਹੌਂਦੇ ਹੋਕੇ ਲੜੇ ਕਿ ਮਹਾਂਭਾਰਤ ਦਾ ਜੁਧ ਯਾਦ ਆਗਿਆ ਸਿਖਾਂ ਨੂੰ ਇਸ ਵਾਰੀ ਭੀ ਹਾਰ ਹੀ ਆਈ। ਉਹ ਨਸਕੇ ਲੋਹਗੜ੍ਹ ਦੇ ਕਿਲੇ ਵਲ ਨਠ ਚਲੇ। ਸ਼ਤ੍ਰ ਬਰਾਬਰ ਪਿੱਛਾ ਕਰਦੇ ਹੋਏ ਚਲੇ ਗਏ। ਜਦੋਂ ਉਹ ਖਰੜ ਨਾਮੇ ਪਿੰਡ ਦੇ ਕੋਲ ਆਏ ਤਾਂ ਸਿਖਾਂਨੇ ਇਸ ਪ੍ਰਕਾਰ ਨਸੱਨਾ ਚੰਗੀ ਗਲ ਨਾ ਜਾਨੀ, ਹਿੰਮਤ ਹਠ ਅਰ ਹੌਸਲਾ ਕਰਕੇ ਸਿਖ, ਮੁਸਲਮਾਨਾਂ ਤੇ ਟੁੱਟ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਏ ਅਰ ਇਸ ਪ੍ਰਕਾਰ ਲੜੇ ਕਿ ਤੁਰਕਾਂ ਦੇ ਪੈਰ ਉਖੜ ਗਏ ਅਰ ਸ਼ਾਹੀ ਫੌਜ ਪਿਠ ਦਿਖਾ ੨ ਕੇ ਨਸਨ ਲਗੀ।

ਬੰਦਾ ਬਹਾਦਰ ਉਸ ਵੇਲੇ ਇਕੰਤਤ੍ਰਾਈ ਦਾ ਜੀਵਨ ਬਿਤੀਤ ਕਰਦੇ ਸਨ, ਪ੍ਰੰਤੂ ਜਦੋਂ ਉਨਾਂ ਨੂੰ ਸਿਖਾਂ ਦੀ ਲੜਾਈ ਦਾ ਹਾਲ ਮਲੂਮ ਹੋਇਆ ਤਾਂ ਭਜਨ ਬੰਦਗੀ ਆਦਿ ਤਿਆਗ ਕੇ ਉਨਾਂ ਦੀ ਸਹਾਇਤਾ ਲਈ ਚਲੇ ਆਏ। ਬੰਦੇ ਬਹਾਦਰ ਦਾ ਆਉਨਾ ਹੀ ਸੀ ਕਿ ਸਿਖਾਂ ਦੀ ਹਿੰਮਤ ਦਸ ਗੁਨਾਂ ਵਧੀਕ ਵਧ ਗਈ ਅਰ ਫੇਰ ਪਹਿਲਾਂ ਦੀ ਤਰਾਂ ਲੁਟ ਮਾਰ ਕਰਨੀ ਆਰੰਭ ਕਰ ਦਿਤੀ॥

ਮੁਹੰਮਦ ਖ਼ਾਂ ਅਰ ਮੁਹੰਮਦਜਾਨ ਖ਼ਾਂ ਕਸੂਰੀਏ ਬਲਵਾਨ ਪਠਾਨਾਂ ਰਈਸਾਂ ਨੇ ਬਹੁਤ ਸਾਰੇ ਮੁਸਲਮਾਨਾਂ ਨੂੰ ਇਕੱਤ੍ਰ ਕਰਕੇ ਸਿਖਾਂ ਨੂੰ ਫੇਰਨਾ ਚਾਹਿਆ। ਪ੍ਰੰਤੂ ਬੰਦੇ ਦੇ ਉਥੇ ਹੋਨ ਕਰਕੇ ਸਿਖ ਖ਼ਾਸ ਤੌਰ ਤੇ ਦਲੇਰ ਅਰ ਬੇਧੜਕ ਹੋ ਗਏ ਸੇ। ਮਸਲਮਾਨਾ ਨੂੰ ਇੰਨੀ ਕਠਨਤਾਈ ਅਤ ਕਸ਼ਟ ਸਹਿਨਾ ਪਿਆ ਕਿ ਬਹੁਤ ਦਿਨਾਂ ਤੀਕਰ ਇਨਾਂ ਦੀ ਹਿੰਮਤ ਦਾ ਲੱਕ ਟਟ ਗਿਆ। ਅਪਨੀ ਜਾਨ ਬਚਾਕੇ ਨਠ ਗਏ। ਸਿਖ ਫੇਰ ਸਰਹਿੰਦ ਦੀ ਵਲ ਵਧੇ ਅਰ ਜਿਥੇ ੨ ਮੁਸਲਮਾਨਾਂ ਦੀ ਪੈਂਠ ਬੈਠ ਗਈ ਸੀ ਫੇਰ ਸਿਖਾਂ ਨੇ ਨਵੇਂ ਸਿਰਤੋਂ ਅਪਨਾ ਸਿੱਕਾ ਜਮਾਯਾ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼ਾਹੀ ਫ਼ੌਜ ਸ੍ਰਹਿੰਦ ਦੇ ਕੋਲ ਸੀ। ਮੁਠ ਭੀੜ ਹੋ ਗਈ ਪ੍ਰੰਤੂ ਫੇਰ ਭੀ ਉਸਦੀ ਕੋਈ ਪੇਸ਼ ਨ ਗਈ ਬੰਦੇ ਨੇ ਉਸਦੇ ਉਪ੍ਰੰਤ ਅਪਨੀ ਫ਼ੌਜ ਦੇ ਚਾਰ ਭਾਗ ਕਰ ਦਿਤੇ। ਇਕ ਭਾਗ ਤਾਂ ਕਰਨਾਲ, ਪਾਨੀਪਤ ਦੀ ਰਖਜਾ ਲਈ ਤੋਰਿਆ। ਦੂਜਾ ਸ੍ਰਹਿੰਦ ਵਿਚ ਰਿਹਾ, ਤੀਜਾ ਲੋਹਗੜ੍ਹ ਲਈ ਨਿਜਤ ਹੋਯਾ ਅਰ ਚੌਥੇ ਨੂੰ ਆਪਨੇ ਨਾਲ ਲੈ ਕੇ ਦੇਸ਼ ਦੇਸ਼ ਵਿਚ ਯਾਤ੍ਰਾ ਕਰਨ ਲਗਾ॥

ਜਦੋਂ ਯਾਤ੍ਰਾ ਕਰਦਾ ਕਰਦਾ ਬੰਦਾ ਉਸ ਪਿੰਡ ਵਿੱਚ ਪਹੁੰਚਾ ਜਿਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਮਸੂਮ ਸਾਹਿਬਜ਼ਾਦੇ ਪਕੜੇ ਗਏ ਸਨ। ਬੰਦੇ ਦੇ ਨੇਤ੍ਰ ਕ੍ਰੋਧ ਨਾਲ ਲਾਲ ਹੋ ਗਏ, ਸਿਖਾਂ ਨੂੰ ਹੁਕਮ ਦਿਤਾ ਕਿ" ਗੰਗੂ ਬ੍ਰਾਮਨਨੂੰ ਹਾਜਰ ਕਰੋ" ਇਹ ਉਹੀ ਦੁਸ਼ਟ ਲੂਨ ਹ-ਰਾਮੀ ਰਸੋਈਆ ਸੀ ਜਿਸਨੇ ਮਾਤਾ ਗੁਜਰੀ ਦੇ ਭੂਖਨ ਬਸਤ੍ਰ ਆਦਿਕ ਦੀ ਗੰਢੜੀ ਚੁਰਾ ਲਈ ਸੀ ਅਰ ਦੋ ਮਸੂਮ ਨਿਕੀ ਜਿੰਦੜੀ ਅੰਞਾਨਿਆਂ ਨੂੰ ਦੁਸ਼ਟਾਂ ਦੇ ਹਵਾਲੇ ਕਰ ਦਿਤਾ ਸੀ। ਗੰਗੂ ਨੂੰ ਸਾਮਨੇ ਦੇਖਕੇ ਬੰਦੇ ਨੇ ਹੁਕਮ ਦਿਤਾ ਕਿ" ਇਸ ਅਧਰਮੀ ਨੀਚ ਨੂੰ ਇਸਦੇ ਕੁਟੰਬ ਕਬੀਲੇ ਸਮੇਤ ਵਢ ਦਿਓ ਇਹ ਸਾਰੇ ਦੇ ਸਾਰੇ ਕਪਟੀ ਅਰ ਧ੍ਰੋਹੀ ਹਨ। ਉਸੇ ਵੇਲੇ ਸਿਖਾਂ ਨੇ ਉਨਾਂ ਦੇ ਟੁਕੜੇ ਟੁਕੜੇ ਕਰ ਦਿਤੇ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਸ ਦੇ ਉਪ੍ਰੰਤ ਜਿਸ ਦਰੋਗੇ ਨੇ ਛੋਟੇ ਸਾਹਿਬ ਜ਼ਾਦਿਆਂ ਦਾ ਚਲਾਨ ਕੀਤਾ ਸੀ ਉਹ ਪੇਸ਼ ਹੋਯਾ ਉਸਦੇ ਨਾਲ ਭੀ ਉਹੋ ਹੀ ਵਰਤਾਰਾ ਕੀਤਾ ਗਿਆ ਪ੍ਰੰਤੂ ਅਜ ਭੀ ਬੰਦੇ ਦਾ ਕ੍ਰੋਧ ਨਹੀਂ ਘਟਿਆ ਸੀ,ਹੁਕਮ ਦਿਤਾ ਕਿ ਇਸ ਇਸ ਪਿੰਡ ਨੂੰ ਲੁਟ ਕੇ ਉਜਾੜ ਦਿਓ ਕਿਉਂ ਜੋ ਜਿਥੇ ਇਸ ਪ੍ਰਕਾਰ ਦਾ ਨਕਾਰੇ ਅਰ ਅਨਹੋਨੇ ਕਾਰਨ ਕੀਤੇ ਜਾਨ ਉਸਦਾ ਵਸਾ ਰਖਣਾ ਯੋਗ ਨਹੀਂ ਹੈ ॥

ਇਸ ਪ੍ਰਕਾਰ ਉਸ ਪਿੰਡ ਨੂੰ ਉਜਾੜ ਕੇ ਬਾਬਾ ਬੰਦਾ ਘੁਮਦਾ ਘੁਮਦਾ ਸਹਾਰਨ ਪੁਰ ਆਇਆ । ਇਹ ਸੰਮਤ ੧੭੬੬ ਬਿ: ਦਾ ਹਾਲ ਹੈ। ਬਾਬੇ ਬੰਦੇ ਦੀ ਸੂਰ-ਮਤਾਈ ਦਾ ਡੰਕਾ ਹਰ ਥਾਂ ਥਾਂ ਵਜ ਰਿਹਾ ਸੀ । ਅਲੀ ਮੁਹੰਮਦ ਖ਼ਾਂ ਨਾਮੇ ਮੁਸਲਮਾਨ ਸਰਦਾਰ ਨੇ ਆਲੇ ਦੁਆ-ਲੇ ਦੇ ਸਾਰੇ ਮੁਸਲਮਾਨਾਂ ਨੂੰ ਲੜਾਈ ਦਾ ਨਿਵੇਦਨ ਭੇਜਿਆ। ਅਨਗਿਨਤਮ ਸਲਮਾਨ ਹਥਾਂ ਵਿਚ ਮਹਿੰਦੀ ਲਾਏ ਹੋਏ ਅਰ ਗੁੱਟਾਂ ਤੇ ਕੰਙਨ ਬਧੇ ਹੋਏ ਆਏ ਕਿਉਂ ਕਿ ਉਹ ਜਾਨਦੇ ਸਨ ਕਿ ਇਹ ਦੀਨ ਦੀ ਲੜਾਈ ਹੈ। ਅਰ ਬੰਦਾ ਬਹਾਦਰ ਦੇ ਸਾਮਨੇ ਪੂਰਣਵਾਨ ਹੋਨਾ ਕੋਈ ਸੁਖਾਲਾ ਕੰਮ ਨਹੀਂ ਹੈ ਮੁਸਲਮਾਨਾਂ ਨੇ ਸਹਾਰਨ ਪੁਰ ਦੇ ਹਾਕਮ ਨੂੰ ਆਪਨਾ ਮੁਖੀਆ ਬਨਾਉਨਾ ਚਾਹਿਆ ਪਰ ਉਹ ਬੰਦੇ ਦਾ ਨਾਉਂ ਹੀ ਸੁਨਕੇ ਦਿਲ ਛਡ ਗਿਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਰ ਕੰਬਨ ਲਗਾ ਅਰ ਰਾਤ ਦੇ ਵੇਲੇ ਆਪਣੇ ਕੁਟੰਬ ਕਬੀਲੇ ਨੂੰ ਲੈਕੇ ਦਿੱਲੀ ਦੀ ਵਲ ਨੱਸ ਗਿਆ ॥

ਮੁਸਲਮਾਨ ਬੰਦੇ ਦੇ ਸਾਮਣੇ ਲੜਨ ਲਈ ਖੜੋਤੇ ਜਿਸ ਪ੍ਰਕਾਰ ਇਹ ਲੜਾਈ ਹੋਈ ਹੈ ਇਸਦਾ ਕੀ ਕਥਨ ਕਰਨਾ ਹੈ ਕਲਮ ਨਹੀ ਤਾਕਤ ਰਖਦੀ ਕਿ ਲਿਖੇ। ਬੰਦੇ ਦੇ ਨਾਲ ਚਾਲੀ ਯਾ ਪੰਜਾਹ ਸੂਰਮੇ ਸਿਖ ਸਰਦਾਰ ਸਨ ਉਨਾਂ ਦੇ ਹੀ ਸਪੁਰਦ ਉਸਦੀ ਫੌਜ ਦੇ ਭਾਗ ਸਨ। ਅਮੀਨਾ ਬੇਗ ਨਾਜ਼ਮ ਚਾਲੀ ਹਜ਼ਾਰ ਫੌਜ ਨਾਲ ਲੜਨ ਆਇਆ। ਮੁਸਲਮਾਨਾਂ ਵਿਚ ਖ਼ਾਸ ਪ੍ਰਕਾਰ ਦਾ ਜੋਸ਼ ਸੀ ਉਹ ਦਿਲ ਖੋਲ ਕੇ ਲੜੇ ਪ੍ਰੰਤੂ ਜਦੋਂ ਗ਼ਾਲਬ ਖ਼ਾਨ ਜਰਨੈਲ ਮਾਰਿਆ ਗਿਆ ਉਨਾਂਨੂੰ ਪਿਛੇ ਹੀ ਹਟਨ ਵਿਚ ਚੰਗੀ ਗਲ ਸੁਝੀ ਫਰ ਤਾਂ ਸਿਖਾਂ ਨੇ ਮੁਸਲਮਾਨਾਂ ਨੂੰ ਇਸ ਪ੍ਰਕਾਰ ਰੇਲਿਆ ਕਿ ਜਿਸਦਾ ਕੋਈ ਹਿਸਾਬ ਹੀ ਨਹੀਂ ਜਦੋਂ ਮੁਸਲਮਾਨ ਪਿਠ ਦਿਖਾ ਕੇ ਨੱਠ ਗਏ ਤਾਂ ਸਿਖਾਂ ਨੇ ਸ਼ਹਿਰ ਨੂੰ ਲੁਟਨਾ ਅਰੰਭ ਕੀਤਾ ਇਥੋਂ ਤੀਕਰ ਕਿ ਕਿਸੇ ਦੇ ਘਰ ਸੂਈ ਭੀ ਨ ਰਹਿਨ ਦਿਤੀ ॥

ਜਦੋਂ ਲੁਟ ਪੁਟ ਚੁਕੇ ਤਾਂ ਸਿਖ ਲੋਹਗੜ ਦੀ ਵਲ ਮੁੜ ਕੇ ਆਏ ਅਰ ਬੰਦੇ ਬਹਾਦਰ ਤੋਂ ਵਿਦਾ ਹੋ ਕੇ ਆਰਾਮ ਕਰਨ ਲਈ ਅਪਨੇ ਅਪਨੇ ਘਰਾਂ ਨੂੰ ਗਏ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੰਦੇ ਬਹਾਦੁਰ ਦੀ ਸੂਰਮਤਾਈ ਦੀ ਬਾਬਤ ਅਸੀ ਕੀ ਕਹੀਏ। ਮਹੰਮਦਸ਼ਾਹ ਲਤੀਫ਼ ਪੰਜਾਬ ਦੇ ਇਤਿਹਾਸਕ ਨੇ ਉਨ੍ਹਾਂ ਸ਼ਬਦਾਂ ਦਾਰਾ ਉਸਨੂੰ ਇਸ ਪ੍ਰਕਾਰ ਦਸਿਆ ਹੈ ॥

"ਬੰਦ ਨਾਮੇ ਬੈਰਾਗੀ ਨੇ ਸਿਖਾਂ ਦੇ ਪੰਥ ਦਾ ਗੁਰੂ ਹੋਨ ਦਾ ਦਾਵਾ ਕੀਤਾ ਅਰ ਮੁਸਲਮਾਨਾਂ ਦਾ ਬਲ ਨਿਰ-ਬਲ ਕਰਨ ਵਿਚ ਬੜੇ ਬੜੇ ਜਤਨ ਕੀਤੇ ਉਸਨੇ ਅਪਨਾ ਕੰਮ ਲਟ ਪੁਟ ਮਾਰ ਧਾੜ ਦਾ ਪਗੜਿਆ ਅਰ ਥੋੜੇ ਚਿਰ ਵਿਚ ਹੀ ਬਹੁਤ ਸਾਰੇ ਸੇਵਕ ਸਿਖ ਲੜਨ ਮਰਨ ਲਈ ਅਪਨੇ ਕੋਲ ਇਕਤ੍ਰ ਕਰ ਲਏ, ਉਨਾਂ ਸਿਖਾਂ ਨੇ ਬਦੇ ਦੀ ਮੁਖਤਾਈ ਅਰ ਆਗੂ ਹੋਨ ਕਰਕੇ ਹਜਾਰਾਂ ਮੁਸਲਮਾਨ ਵਢ ਸਟੇ ਅਰ ਉਨਾਂ ਦੀਆਂ ਮਸੀਤਾਂ ਅਰ ਖ਼ਾਨਗਾਹਾਂ ਢਾਹ ਕੇ ਢੇਰੀ ਕਰ ਦਿਤੀਆਂ, ਘਰ ਬਾਹਰ ਲੁਟ ਲਏ, ਘਰ ਫੂਕ ਸਟੇ ਇਸਤ੍ਰੀਆਂ ਅਰ ਬਾਲਕਾਂ ਨੂੰ ਇਸ ਨਿਰ-ਦਈਤਾ ਨਾਲ ਵਢਿਆ ਮੂਲਕੀ! ਕਿ ਲੁਧਿਆਨੇ ਤੋਂ ਕਰਨਾਲ ਤੀਕਰ ਸਾਰਾ ਇਲਾਕਾ ਸਾਫ ਹੋ ਗਿਆ ਦੇਸ਼ ਵਿਚ ਸ਼ੋਰ ਸ਼ਰਾਬਾ ਅਰ ਊਧਮ ਉਤਪਤ ਕਰ ਦਿਤਾ। ਬੰਦਾ ਪਹਿਲੇ ਸ੍ਰਹਿੰਦ ਆਇਆ, ਜਿਥੇ ਸ੍ਰੀਗੁਰੂ ਗੋਬਿੰਦਸਿੰਘ ਜੀਮਹਾਰਾਜਦੇ ਦੋ ਸਾਹਿਬਜ਼ਾਦੇ ਸ਼ਹੀਦ ਹੋਏ ਸੇ ਉਨਾਂ ਦੇ ਖੂਨ ਦੇ ਬਦਲੇ ਲੈਨ ਲਈ ਬੰਦੇ ਨੇ ਸ਼ਹਿਰ ਨੂੰ ਅਗ ਲਾ ਦਿਤੀ ਅਰ ਸਭਨਾਂ ਪੁਰਸ਼ਾਂ, ਇਸਤ੍ਰੀਆਂ, ਬਾਲਕਾਂ ਨੂੰ ਬਿਨਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੋਚੇ ਸਮਝੇ ਵਢ ਦਿਤਾ ਅਰ ਸ਼ਹਿਰ ਨੂੰ ਢਾਹ ਕੇ ਢੇਰ ਕਰ ਦਿਤਾ ਇਸ ਅਨਜਾਈ ਨੇ ਏਸ ਤੇ ਭੀ ਨ ਸੰਤੋਖ ਕੀਤਾ ਕਿੰਤੂ ਮੁਰਦੇ ਮੁਸਲਮਾਨਾਂ ਦਿਆਂ ਨੂੰ ਕਬਰਾਂ ਵਿੱਚੋਂ ਕਢ ੨ ਕੇ ਚੀਲ੍ਹਾਂ ਅਰ ਕਾਂਵਾਂ ਅਗੇ ਪਾਇਆ ਅਰ ਭੁੱਖ ਚੀਲ੍ਹਾਂ ਕਾਵਾਂ ਨੂੰ ਚੰਗੀ ਤਰਾਂ ਰਜਾਯਾ। ਫੇਰ ਸਤਲੁਜੋਂ ਪਾਰ ਗਿਆ ਅਰ ਜਿਥੇ ਗਿਆ ਤਲਵਾਰ ਅਰ ਅਗ ਤੋਂ ਕੰਮ ਲਿਆ॥

ਇਸ ਬ੍ਰਿਤੰਤ ਵਿਚ ਭਾਵੇਂ ਮੁਸਲਮਾਨ ਲਿਖਾਰੀ ਇਤਿਹਾਸਕ ਨੇ ਈਰਖਾ ਨਾਲ ਬਹੁਤ ਕੁਝ ਵੈਰਭਾਵ ਹਾਲ ਲਿਖਿਆ ਹੈ ਫੇਰ ਭੀ ਪੜਨ ਵਾਲਿਆਂ ਨੂੰ ਬੰਦੇ ਦੀ ਅਸਲੀ ਸੂਰਮਤਾਈ ਦਾ ਪ੍ਰਕਾਸ਼ ਉਸਦੇ ਸ਼ਬਦਾਂ ਵਿਚੋਂ ਹੋ ਹੀ ਜਾਂਦਾ ਹੈ॥

ਚੌਥਾ ਅੰਕ

ਜਦੋਂ ਲੁਟ ਮਾਰ ਕਰਨ ਦੇ ਉਪ੍ਰੰਤ ਸਿਖ ਆਪਣੇ ਆਪਣੇ ਘਰਾਂ ਨੂੰ ਚਲੇ ਗਏ ਅਰ ਉਸਦੀ ਖਬਰ ਦਿਲੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਹੁੰਚੀ ਤਾਂ ਪਾਤਸ਼ਾਹ ਨੇ ਗੁਝਾ ਵੇਲਾ ਜਾਨਕੇ ਨੂਰ ਖਾਂ ਫ਼ੌਜ ਸਰਦਾਰ ਨੂੰ ਤੀਹ ਹਜ਼ਾਰ ਫ਼ੌਜ ਦੇ ਕੇ ਸਿਖਾਂ ਦੇ ਪਿਛ ਤੋਰਿਆ, ਉਸ ਮੁਸਲਮਾਨੀ ਫ਼ੌਜੀ ਨੇ ਧਾਵਾ ਕਰਕੇ ਬੰਦ ਬਹਾਦਰ ਅਰ ਉਨਾਂ ਦ ਸੇਵਕਾਂ ਨੂੰ ਘੇਰ ਲਿਆ। ਸਿਖ "ਸ੍ਰੀ ਵਾਹਿਗੁਰੂ ਜੀਕਾ ਖ਼ਾਲਸਾ ਅਰ ਸ੍ਰੀ ਵਾਹਿਗੁਰੂ ਜੀ ਕੀ ਫ਼ਤੇ" ਗਜਾਉਂਦੇ ਹੋਏ ਸ਼ਤ੍ਰੁਆਂ ਦੇ ਨਾਲ ਲੜਨ ਲਗੇ, ਦੁਪਹਿਰ ਤੀਕਰ ਬ੍ਰਾਬਰ ਤ ਹੋਂ, ਤੋਪਾਂ ਅਰ ਬੰਦੂਕਾਂ ਦੀ ਲੜਾਈ ਹੁੰਦੀ ਰਹੀ ਸਿਖ ਬੜੀ ਸੂਰਮਤਾਈ ਨਾਲ ਲੜਦੇ ਰਹੇ ਪਰ ਮੁਸਲਮਾਨਾਂ ਕੋਲ ਫ਼ੌਜ ਬਹੁਤ ਸੀ ਇਸਲਈ ਉਪ੍ਰੰਤ ਤੰਗ ਹੋਕੇ ਇਹ ਸਾਰੇ ਦ ਸ ਰੇ ਨਸ ਉਠ ਜਿਧਰ ਕਿਸ ਦੇ ਸਿੰਗ ਸਮਾਏ ਉਹ ਉਸੇ ਪਾਸੇ ਨੂੰ ਹੀ ਉਠ ਤੁਰਿਆ। ਅੰਤ ਨੂੰ ਬੰਦੇ ਬਾਬੇ ਨੂੰ ਭੀ ਪਿਛ ਹਟਨਾ ਪਿਆ ਉਹ ਭੀ ਇਕ ਪਾਸੇ ਨੂੰ ਨਸ ਉਠ ਦੀਨ ਬੇਗ ਦੇ ਬੇਟੇ ਨਿਵਾਜ਼ ਬੇਗ ਨੇ ਇਨਾਂ ਦਾ ਪਿਛਾ ਕੀਤਾ ਅਰ ਇਕੋ ਸਾਹੀ ਦਸਾਂ ਬਾਰਾਂ ਕੋਹਾਂ ਤੀਕਰ ਪਿਛਾ ਕਰਦਾ ਹੋਇਆ ਆਇਆ ਜਦੋਂ ਸੰਧਯਾ ਹੋਨ ਲਗੀ ਤਾਂ ਬੰਦੇ ਦਾ ਘੋੜਾ ਬਿਲਕੁਲ ਥਕ ਗਿਆ ਸੀ ਉਸਦੇ ਲਈ ਦੋ ਪੈਰ ਭੀ ਚਲਨਾ ਕਠਨ ਸੀ। ਬੰਦਾ ਘੋੜੇ ਨੂੰ ਛਡਕੇ ਜੰਗਲ ਵਿਚ ਵੜ ਗਯਾ। ਉਸੇ ਵੇਲੇ ਮੋਹਲੇ ਧਾਰ ਮੀਂਹ ਵਸਨ ਲਗਾ। ਅਕਾਸ਼ ਤੋਂ ਇਸ ਪਕਾਰ ਕਾਲੀਆਂ ਸਿਆਮ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਘਟਾਂ ਆਈਆਂ ਕਿ ਰਸਤਾ ਲਭਨਾ ਤਾਂ ਕਿਧਰੇ ਰਿਹਾ ਹਥ ਨੂੰ ਹਥ ਨਹੀਂ ਸੀ ਸੁਝਦਾ । ਕਿਸੇ ਬਸਤੀ ਯਾ ਪਿੰਡ ਦਾ ਪਤਾ ਨਹੀਂ ਲਗਾ । ਬੰਦੇ ਦੀ ਨਿਰਾਸਤਾ ਨੂੰ ਕੌਨ ਜਾਨ ਸਕਦਾ ਸੀ ਇਕ ਪਾਸੇ ਸ਼ਤ੍ਰੂ ਪਿੱਛਾ ਕਰ ਰਹੇ ਸਾਂ ਦੂਜੇ ਪਾਸੇ ਅੰਨੇਰੀ ਅਰ ਥਕੇਵੇਂ ਨੇ ਨਸਨ ਲਈ ਤਿਆਰ ਕੀਤਾ ਭੁਖ ਅਰ ਤ੍ਰੇਹ ਦੀ ਉਹ ਤੰਗੀ ਸੀ ਕਿ ਜਿਸਦੀ ਹਦ ਹੀ ਨਹੀਂ । ਪ੍ਰੰਤੂ ਇਨਾਂ ਸਭਨਾਂ ਦੇ ਰਾਹ ਨ ਮਿਲਨੇ ਕਰਕੇ ਜਾਨ ਨੱਕ ਵਿਚ ਆ ਗਈ ਸੀ, ਫੇਰ ਭੀ ਪ੍ਰਾਨਾਂ ਨੂੰ ਸਹੀ ਸਲਾਮਤ ਬਚਾ ਕੇ ਲੈਜਾਨ ਦੀ ਵਿਚਾਰ ਨੇ ਬੰਦੇ ਨੂੰ ਇਕ ਥਾਂ ਠਹਿਰਨ ਨਹੀਂ ਦਿਤਾ । ਜਦੋਂ ਉਹ ਇਸ ਪ੍ਰਕਾਰ ਭਟਕਦੇ ਹੋਏ ਚਲ ਜਾ ਰਹੇ ਸਨ ਕਿ ਦੂਰੋਂ ਅਗ ਬਲਦੀ ਹੋਈ ਦਿਸਨ ਲਗੀ ਇਹ ਸਮਝ ਕਿ ਕੋਈ ਪਿੰਡ ਹੋਵੇਗਾ । ਉਸ ਪਾਸੇ ਪੈਰ ਚੁਕਿਆ ਜਦੋਂ ਨੇੜੇ ਆਏ ਤਾਂ ਮਲੂਮ ਹੋਇਆ ਕਿ ਪਿੰਡ ਨਹੀਂ ਕਿੰਤੂ ਇਕ ਬਾਗ਼ ਹੈ ਅਰ ਉਸਦਾ ਮਾਲੀ ਆਪਨੀ ਇਸਤ੍ਰੀ ਨੂੰ ਸੰਗ ਲੀਤੇ ਹੋਏ ਅਗ ਸੇਕ ਰਿਹਾ ਹੈ । ਬੰਦੇ ਨੂੰ ਦੇਖਕੇ ਉਹ ਦੋਵੇਂ ਦਿਲ ਵਿਚ ਬਹੁਤ ਡਰੇ ਪ੍ਰੰਤੂ ਜਦੋਂ ਬੰਦੇ ਵਲੋਂ ਬਹੁਤ ਕੁਝ ਨਿੰਮ੍ਰਤਾਈ ਕੀਤੀ ਗਈ ਤਾਂ ਉਨਾਂ ਨੂੰ ।ਕੋਲ ਬੈਠਨ ਅਰ ਅਗ ਸੇਕਨੇ ਦੀ ਆਗਯਾ ਦਿਤੀ ਗਈ । ਉਹ ਬੈਠਨ ਨੂੰ ਤਾਂ ਬੈਠ ਗਏ ਪਰ ਉਸੇ ਵੇਲੇ ਘੋੜਿਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇ ਟਾਪ ਦੀ ਅਵਾਜ਼ ਕੰਨੀ ਪਈ।

ਬੰਦਾ ਬਹਾਦਰ ਘਬਰਾਯਾ ਅਰ ਪੁਛਨ ਲਗਾ ਕਿ ਕਿਧਰੇ ਲੁਕਨ ਲਈ ਜਗਾ ਦਸੋ? ਮਾਲੀ ਨੇ ਕਿਹ "ਛੇਤੀ ਇਸ ਖੂਹ ਵਿਚ ਉਤਰ ਜਾਓ" ਬੰਦਾ ਉਸੇ ਵੇਲ ਖੂਹ ਵਿਚ ਉਤਰ ਗਿਆ। ਪਰ ਉਸੇ ਵੇਲੇ ਪਿੱਛਾ ਕਰਨ ਵਾਲੇ ਅਸਵਾਰ ਮਾਲੀ ਤੋਂ ਪੁਛਨ ਲਗੇ "ਇਥੇ ਬੰਦ ਗੁਰੂ ਨਸ ਆਇਆ ਸੀ ਕਿਥੇ ਗਿਆ" ਮਾਲੀ ਨੇ ਪਹਿਲ ਤਾਂ ਦਸਨ ਵਿਚ ਝਕ ਖਾਧਾ ਪ੍ਰੰਤੂ ਜਦੋਂ ਉਹ ਉਸਨੂੰ ਮਾਰਨ ਲਗੇ, ਮਾਰ ਦੇ ਡਰ ਨਾਲ ਉਸਨੇ ਕਿਹਾ "ਮੈਂ ਬੰਦੇ ਨੂੰ ਤਾਂ ਨਹੀਂ ਜਾਨਦਾ ਹਾਂ! ਇਕ ਆਦਮੀ ਅਜੇ ਆਇਆ ਹੀ ਸੀ ਕਿ ਉਹ ਇਸ ਖੂਹੇ ਵਿਚ ਲੁਕ ਰਿਹ ਹੈ" ਬੰਦੇ ਨੇ ਇਹ ਸਾਰੀਆਂ ਗੱਲਾਂ ਸੁਨ ਲਈਆਂ ਸੋਚਨ ਸਮਝਨ ਦਾ ਸਮਾਂ ਕਿਥੇ ਰਿਹਾ ਸੀ ਚੁਪਕੀਤੇ ਖੂਹੋਂ ਬਾਹਰ ਨਿਕਲ ਆਏ ਅਰ ਉਥੋਂ ਨਠ ਤੁਰੇ ਅਸਵਾਰ ਮੁਸ਼ਾਲ ਆਦਕ ਨੂੰ ਢੂੰਢ ਰਹੇ ਸੀ ਇਸ ਲਈ ਕਿ ਬੰਦੇ ਨੂੰ ਖੂਹੇ ਤੋਂ ਕਢਕੇ ਪਕੜ ਸਕਨ। ਬੰਦੇ ਨੂੰ ਵੇਲਾ ਹਥ ਅ ਗਿਆ ਅਰ ਉਥੋਂ ਇਹ ਜਾ ਉਹ ਜਾ ਤਿੱਤਰ ਹੋ ਗਏ।

ਅਸਵਾਰਾਂ ਨੇ ਜਦੋਂ ਮੁਸ਼ਾਲਾਂ ਜਗਾਈਆਂ ਤਾਂ ਬੰਦੇ ਨੂੰ ਉਥੇ ਨਾ ਦੇਖਿਆ ਤਾਂ ਅਤਿ ਵਿਸਮਾਦਕ ਹੋਏ ਅੰਤ ਅਗੇ ਵਲ ਉਨਾਂ ਦੀ ਢੂੰਢ ਵਿਚ ਤੁਰੇ। ਪ੍ਰੰਤੂ ਬੰਦੇ ਨੇ ਸਿੱਧ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਸਤਾ ਛਡ ਦਿਤਾ ਸੀ ਪੈਲੀਆਂ ਵਿਚੋਂ ਲੰਘਦੇ ਹੋਏ ਨਠੇ ਚਲੇ ਜਾ ਰਹੇ ਸਨ ਇਸ ਲਈ ਸ਼ਰੀਰ ਕੰਢੇ ਆਦਿ ਨਾਲ ਛਾਨਨੀ ਹੋ ਗਿਆ ਸੀ ਥਕੇਵੇਂ ਦੇ ਬਿਨਾਂ ਭੁਖ ਤ੍ਰੇਹ ਨਾਲ ਅਤਿ ਵਿਆਕੁਲ ਹੋ ਰਹੇ ਸਨ ਨਿਰਬਲਤਾਈ ਅਜਿਹੀ ਹੋ ਗਈ ਕਿ ਇਕ ਕਦਮ ਤੁਰਨਾ ਕਠਨ ਹੋ ਗਿਆ ਸੀ ਮੀਂਹ ਭੀ ਕਹਿੰਦਾ ਸੀ ਕਿ ਮੈਂ ਅਜ ਹੀ ਵਸਨਾ ਹੈ ਕਾਲੀ ਬੋਲੀ ਰਾਤ ਸੀ ਛਿੰਨੇ ਕੂੰ ਰਤੀ ਬਿਜਲੀ ਲਿਸ਼ਕੀ ਬੰਦੇ ਨੇ ਵੇਖਿਆ ਕਿ ਨੇੜੇ ਹੀ ਇਕ ਕੁਟੀਆ ਹੈ "ਡੁਬਦੇ ਹੋਏ ਨੂੰ ਤਨਕੇ ਦਾ ਸਹਾਰਾ ਮਿਲ ਗਿਆ" ਉਸ ਕੁਟੀਆ ਵਲ ਚਲੇ ਗਏ ਅਰ ਰਾਤ ਸਾਰੀ ਲਈ ਪਾਨੀ ਅਰ ਸਰਦੀ ਦੀ ਮੁਸੀਬਤ ਤੋਂ ਬਚਾ ਕੀਤਾ ॥

ਜਦੋਂ ਰਤੀਕੁ ਪ੍ਰਭਾਤ ਹੋਈ ਤਾਂ ਕੁਟੀਆ ਦਾ ਮਾਲਕ ਆਇਆ ਏਸ ਜਗਾਂ ਇਸਦੀ ਖੇਤੀ ਵਾੜੀ ਹੁੰਦੀ ਸੀ ਇਹ ਮੁਸਲਮਾਨ ਸੀ। ਇਕ ਹਿੰਦੂ ਨੂੰ ਆਪਣੀ ਕੁਟੀਆ ਵਿਚ ਦੇਖਕੇ ਦੁਰਬਚਨ ਬੋਲਨ ਲਗਾ ਬੰਦੇ ਨੇ ਬੜਾ ਚਿਰ ਸਮਝਾਯਾ ਅੰਤ ਨੂੰ ਜਦੋਂ ਉਹ ਰੌਲਾ ਪਾਨ ਲਗਾ ਤਾਂ ਬੰਦੇ ਨੇ ਉਸੇ ਵੇਲੇ ਮਿਆਨੋਂ ਤਲਵਾਰ ਕਢਕੇ ਇਕੋ ਹੀ ਵਾਰ ਨਾਲ ਉਸ ਮੁਸਲਮਾਨ ਦੇ ਦੋ ਟੁਕੜੇ ਕਰ ਦਿਤੇ ਅਰ ਆਪ ਹੌਲੀ ਹੌਲੀ ਉਥੋਂ ਆਗੇ ਨੂੰ ਤੁਰੇ ਅਰ ਉਸੇ ਦਿਨ ਹੀ ਲੋਹਗੜ੍ਹ ਦੇ ਕਿਲੇ ਵਿਚ ਆ ਪਹੁੰਚੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਿਖ ਬੰਦੇ ਬਹਾਦਰ ਨੂੰ ਦੇਖ ਕੇ ਅਤਿ ਪ੍ਰਸੰਨ ਹੋਏ ॥

ਬੰਦੇ ਹੋਰੀ ਜਾਨਦੇ ਸੀ ਕਿ ਮੁਸਲਮਾਨ ਉਨਾਂ ਨੂੰ ਕਦੀ ਭੀ ਆਰਾਮ ਨਹੀ ਲੈਨ ਦੇਨ ਗੇ ਤਾਂ ਉਨਾਂ ਨੇ ਉਸ ਵੇਲੇ ਸਿਖਾਂ ਨੂੰ ਹੁਕਮ ਨਾਮੇ ਭੇਜਕੇ ਸਦ ਭਜਿਆ ਅਰ ਜਦੋ ਬਹੁਤ ਸਾਰ ਸਿਖ ਇਕਤ੍ਰ ਹੋ ਗਏ ਤਾਂ ਤਿੰਨ ਵਰੇ ਤੀਕਰ ਇਕੋ ਸਾਹੀ ਦਿਲੀ ਅਰ ਲਾਹੌਰ ਨੂੰ ਲੁਟਦੇ ਰਹੇ ਹਜ਼ਾਰਾਂ ਮੁਸਮਾਨ ਸਰਦਾਰ ਮਾਰੇ, ਸੈ ਕੜ ਮੁਸਲਮਾਨਾਂ ਦੇ ਪਿੰਡ ਉਜਾੜ ਦਿਤੇ ਕਿੰਨੀਆਂ ਮਸੀਤਾਂ ਖ਼ਾਨਗਾਹਾਂ ਆਦਿਕ ਢਾਹ ਢੇਰੀ ਕਰ ਦਿਤੀਆਂ। ਬੰਦਾ ਬਹਾਦਰ ਜਿਧਰ ਝੁਕਿਆ ਉਸੇ ਪਾਸੇ ਆਪਤਿ ਅਰ ਕਸ਼ਟ ਸਹਿਨਾ ਪਿਆ ਮੁਸਲਮਾਨ ਉਨਾਂ ਤੋਂ ਤੋਬਾਤੋਬ ਕਰਨ ਲੱਗੇ ਅਰ ਇੰਨੇ ਡਰਦੇ ਸੇ ਕਿ ਇਸ ਸੂਰਮੇ ਸਿਖ ਨੂੰ ਮੁਸਲਮਾਨ (ਮਲਕਲਮੌਤ) ਕਾਲਰੂਪੀ ਜਮ ਕਹਿੰਦੇ ਸਨ ॥

ਜਦੋਂ ਮੁਸਲਮਾਨ ਸਰਦਾਰ ਅਤਿ ਵਿਆਕੁਲ ਅਰ ਦੁਖੀ ਹੋਏ ਤਾਂ ਦਖਨ ਵਿਚ ਬਹਾਦਰ ਸ਼ਾਹ ਦੇ ਕੋਲ ਗਏ, ਪਾਤਸ਼ਾਹ ਮਰਹੱਟਿਆਂ ਦੇ ਵਿਰੁਧ ਮੁਹਿੰਮ ਤੇ ਗਿਆ ਹੋਇਆ ਸੀ ਉਸਨੇ ਸੰਮਤ ੧੭੭੪ ਬਿਃ ਵਿਚ ਕਈ ਹਜ਼ਾਰ ਫ਼ੌਜ ਸਮੰਦਖ਼ਾਂ ਦੇ ਅਧੀਨ ਕਰਕੇ ਪੰਜਾਬ ਦੀ ਵਲ ਤੋਰੀ ਅਰ ਹੁਕਮ ਦਿਤਾ ਕਿ " ਸਿੱਖਾਂ ਦੀ ਜੜ੍ਹ ਪੁੱਟ ਦਿਓ ਅਰ ਬੰਦੇ ਨੂੰ ਉਸਦੇ ਦੋ ਪੁਤ੍ਰਾਂ ਸਮੇਤ ਪਕੜ ਕੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਫੇਰੇ ਅਗੇ ਹਾਜ਼ਰ ਕਰੋ ॥

ਉਸ ਫੌਜ ਦਾ ਪੰਜਾਬ ਵਿਚ ਆਉਣਾ ਹੀ ਸੀ ਕਿ ਮੁਸਲਮਾਨਾਂ ਵਿਚ ਫੇਰ ਨਵੇਂ ਸਿਰੇ ਜੋਸ਼ ਪ੍ਰਗਟ ਹੋ ਗਿਆ ਸਾਰੇ ਸੂਬਿਆਂ ਦੇ ਹਾਕਮ ਅਪਨੀ੨ ਫ਼ੌਜ ਲੈਕੇ ਰਣਭੂਮੀ ਵਿਚ ਆਏ। ਸਿਖ ਉਸ ਵੇਲੇ ਮੀਰਾਂਕੋਟ ਵਿਚ ਲੁਟ ਮਾਰ ਕਰ ਰਹੇ ਸਨ । ਉਥੇ ਸ਼ਾਹੀ ਫ਼ੌਜ ਨਾਲ ਸਾਮਣਾ ਹੋਇਆ ਭਾਵੇਂ ਲੜਨ ਨੂੰ ਤਾਂ ਸਿਖ ਤਨੋਂ ਮਨੋਂ ਹੋਕੇ ਲੜੇ ਪ੍ਰੰਤੂ ਇਸ ਵਾਰੀ ਮੁਸਲਮਾਨਾਂ ਦੀ ਝਾਲ ਨ ਝਲ ਸਕੇ। ਨਾ ਕੇਵਲ ਉਨ੍ਹਾਂ ਦਾ ਨੁਕਸਾਨ ਹੀ ਹੋਇਆ ਕਿੰਤੂ ਚੰਗੇ ਚੰਗੇ ਤੇ ਸੂਰਮੇ ਸਰਦਾਰ ਭੀ ਮਾਰੇ ਗਏ ਅਰ ਹਾਰ ਹੋਈ ॥

ਹਾਰ ਖਾ ਕੇ ਸਿਖ ਨੱਠੇ ਜਾ ਰਹੇ ਸੀ। ਜਦੋਂ ਉਹ ਸਫੌਰਾ ਦੇ ਨੇੜ ਪਹੁੰਚੇ ਤਾਂ ਖ਼ੰਡੇ ਬੀਰ ਨੂੰ ਖਬਰ ਮਿਲੀ ਕਿ ਇਹ ਲੋਹ ਗੜ੍ਹ ਤੋਂ ਆਪਨੇ ਸਾਥੀਆਂ ਨੂੰ ਲੈ ਕੇ ਉਨ੍ਹਾਂ ਦੀ ਸਹਾਇਤਾ ਲਈ ਆਏ ਅਰ ਫੇਰ ਪਾਤਸ਼ਾਹੀ ਫ਼ੌਜ ਨਾਲ ਲੜੇ। ਉਹ ਸਮਯ ਭੀ ਕਿਹਾ ਭਯਾਨਕ ਸੀ। ਮੁਸਲਮਾਨ ਨੂੰ ਤਾਂ ਚੱਪੇ ਚੱਪੇ ਤੇ ਸਹਾਇਤਾ ਮਿਲਦੀ ਸੀ ਸਿਖਾਂ ਨੂੰ ਇਕ ਹਿੰਦੂ ਭੀ ਨਾਮ ਮਾਤ੍ਰ ਸਹਾਇਤਾ ਲਈ ਨਹੀਂ ਮਿਲਦਾ ਸੀ। ਕਿੰਤੂ ਪਾਤਸ਼ਾਹ ਦੇ ਡਰ ਤੇ ਬੈਂਤ ਦੀ ਦੀ ਨਿਆਈ ਕੰਬਦੇ ਸਨ। ਕਈਆਂ ਦਿਨਾਂ ਦੀ ਲੜਾਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇ ਉਪ੍ਰੰਤ ਬੰਦਾ ਆਪਨੇ ਸਾਥੀਆਂ ਸਮੇਤ ਲੋਹਗੜ੍ਹ ਦੇ ਕਿਲੇ ਵਿਚ ਘਿਰੇ ਗਏ। ਮੁਸਲਮਾਨਾਂ ਨੇ ਧੀਰਜ ਨਾਲ ਕਿਲੇ ਨੂੰ ਘੇਰਾ ਪਾਈ ਰਖਿਆ। ਉਹ ਜਾਨਦੇ ਸਨ ਕਿ ਜਦੋਂ ਰਸਦ ਨ ਰਹੇ ਗੀ ਤਾਂ ਬੰਦੇ ਨੂੰ ਪਕੜ ਲੈਨਾ ਸੁਖੈ-ਨ ਹੋਵੇ ਗਾ॥

ਜਦੋਂ ਕਈ ਦਿਨ ਬੀਤ ਚੁਕੇ ਅਰ ਰਸਦ ਆਦਿਕ ਸਮਾਪਤ ਹੋ ਗਈ ਤਾਂ ਬੰਦੇ ਨੇ ਆਪਨੇ ਦੋਹਾਂ ਪੁਤ੍ਰਾਂ ਅਰ ਵਡੇ ਵਡੇ ਮਾਨਨੀਆਂ ਸੂਰਮੇ ਸਿਖਾਂ ਨੂੰ ਸਾਮਨੇ ਸੱਦਕੇ ਕਿਹਾ "ਬੀਰੋ"! ਧਰਮ ਯੁਧ ਦਾ ਸਮਯ ਆ ਗਿਆ ਹੈ ਯਾ ਤਾਂ ਲੜ ਭਿੜ ਕੇ ਪਰਮ ਪਦਵੀ ਪ੍ਰਾਪਤ ਕਰੋ ਯਾ ਲੜਦੇ ਹੋਏ ਛਤ੍ਰੀਆਂ ਦੀ ਮੌਤ ਮਰਕੇ ਸ੍ਵਰਗ ਨੂੰ ਜਾਓ, ਛਤ੍ਰੀ ਧਰਮ ਬਹੁਤ ਅਛਾ ਅਰ ਸਹਿਲ ਹੈ। ਕਠਨਤਾਈ ਉਸਦੇ ਲਈ ਹੈ ਜੋ ਸੰਗ੍ਰਾਮ ਵਿਚ ਦ੍ਰਿੜ ਨਹੀਂ ਹੋ ਸਕਦਾ ਸੰਸਾਰ ਵਿਚ ਕੋਈ ਕਦੀ ਨਹੀਂ ਰਿਹਾ:—

"ਨਾ ਕੋ ਥਿਰ ਰਹੈ ਜਗਤ ਮੇਂ ਨਾ
ਰਹਿਸੀ ਥਿਰ ਜਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੇਵਲ ਇਕੋ ਨਾਮ ਹੀ ਸਦਾ ਰਹੇ ਪ੍ਰਵਾਨ" ॥

ਸ੍ਰੀ ਗੁਰੂ ਮਹਾਰਾਜ ਜੀ ਦੇ ਸਾਹਿਬ ਜ਼ਾਦਿਆਂ ਦੇ ਬਲੀਦਾਨ ਦਾ ਬਦਲਾ ਅਜੇ ਤੀਕਰ ਚੰਗੀ ਤਰਾਂ ਨਹੀਂ ਲੀਤਾ ਗਿਆ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਸਿਖੋ! ਸਮਾਂ ਆ ਗਿਆ ਹੈ ਕਿ ਫੇਰ ਵੇਲਾ ਹੱਥ ਨਹੀਂ ਆਵੇਗਾ ਕਦੀ ਵਿਚਾਰ ਨ ਕਰੋ ਕਿ ਸਾਡੇ ਪਾਸ ਫ਼ੌਜ ਨਹੀਂ ਹੈ ਯਾਦ ਰਖੋ! ਕਿ ਇਕ ੨ ਸਿਖ ਸਵਾ ੨ ਲਖ ਮੁਸਲਮਾਨਾਂ ਨਾਲ ਲੜ ਸਕਦਾ ਹੈ ॥ ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਮੁਖਵਾਕ ਹੈ:—

"ਸਵਾ ਲਾਖ ਸੇ ਏਕ ਲੜਾਊਂ
ਤਬੈਂ ਗੋਬਿੰਦ ਸਿੰਘ ਨਾਮ ਕਹਾਊਂ"

ਉਸ ਤੋਂ ਬਿਨਾਂ ਆਪਦੀ ਰਖਯਾ ਲਈ ਬੰਦਾ ਮੌਜੂਦ ਹੈ ਜੋ ਵਾਹਿਗੁਰੂ ਅਕਾਲਪੁਰਖ ਦਾ ਸੱਚਾ ਬੰਦਾ ਹੈ। ਕਹੋ ਕੀ ਕਹਿੰਦੇ ਹੋ? ਸ਼ੇਰੋ ਸੂਰਮਿਓਂ ਅਪਨੀ ਸੂਰਮ-ਤਾਈ ਨੂੰ ਯਾਦ ਕਰਕੇ ਉਤਰ ਦਿਓ? ॥

ਸਿਖ ਬੰਦੇ ਦੀ ਵਯਾਖਯਾ ਨੂੰ ਸੁਨਕੇ ਜੋਸ਼ ਵਿਚ ਆਏ ਖੰਡੇ ਲੈ ਉਠਿਆਂ ਦੀ ਜੋਸ਼ ਭਰੀ ਦਸ਼ਾ ਦੇਖਕੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਲਕਾਰਦੇ ਹੋਏ ਕਿਲੇ ਦੇ ਬੂਹੇ ਨੂੰ ਖੋਲ੍ਹ ਦਿਤਾ ਅਰ ਆਪਨੀ ਫ਼ੌਜ ਦੇ ਭਿੰਨ ਭਾਗ ਬਾਬਾ ਦੀਪ ਸਿੰਘ, ਬਾਜ ਸਿੰਘ ਅਰ ਭਾਈ ਜੋਧ ਸਿੰਘ ਦੇ ਅਧੀਨ ਕਰ ਮੁਸਲਮਾਨਾਂ ਤੇ ਹੱਲਾ ਕਰਨ ਦਾ ਹੁਕਮ ਦਿਤਾ । ਇਹ ਸਾਰੇ ਤਲਵਾਰਾਂ ਧੂਹ ਕੇ "ਸਤਿ ਸ੍ਰੀ ਅਕਾਲ" ਦਾ ਜੈਕਾਰਾ ਗਜਾਂਦੇ ਹੋਏ ਇਸ ਪ੍ਰਕਾਰ ਮੁਸਲਮਾਨਾਂ ਤੇ ਟੁੱਟੇ ਕਿ ਜਿਸ ਪ੍ਰਕਾਰ ਬਟੇਰਿਆਂ ਦੇ ਝੁੰਡ ਉਪਰ ਬਾਜ਼ ਪੈਂਦਾ ਹੈ। ਹੇ ਨਿਰਭੈਤਾ ਤੇਰੇ ਵਿਚ ਬੜੀ ਹੀ ਬਰਕਤ ਹੈ। ਤੂੰ ਸਚ ਮੁਚ ਜਿਸ ਪੁਰਸ਼ ਦੇ ਹ੍ਰਿਦੇ ਵਿਚ ਨਿਵਾਸ ਕਰ ਲੈਂਦੀ ਹੈਂ ਉਸਨੂੰ ਲੱਖਾਂ ਵਿਚ ਸੂਰਮਿਆਂ ਅਰ ਅਤਿ ਬਲਵਾਨ ਬਨਾ ਦੇਂਦੀ ਹੈ। ਸਿਖ ਮਰਨੋਂ ਨਹੀਂ ਡਰਦੇ ਸੇ । ਜਦੋਂ ਰਣਭੂਮੀ ਵਿਚ ਆਏ ਤਾਂ ਮਾਨੋ ਪ੍ਰਲੈ ਦੀ ਪ੍ਰਕਾਰ ਪਈ ਮਾਰ ਧਾੜ ਦੀ ਆਵਾਜ਼ ਸੁਣਾਈ ਦੇਨ ਲਗੀ । ਮੁਸਲਮਾਨੀ ਫ਼ੌਜ ਦੇ ਸਰਦਾਰ ਤਾਂ ਬਚ ਬਚ ਬਚ ਕੇ ਲੜਦੇ ਸੇ ਅਰ ਸਿੰਘ ਸ਼ੇਰਾਂ ਦੀ ਨਿਆਈਂ ਭੁਬਕਾਂ ਮਾਰ ਮਾਰ ਕੇ ਉਨ੍ਹਾਂ ਤੇ ਪੈਂਦੇ ਸੇ । ਸਿੰਘ ਗਿਨਤੀ ਵਿਚ ਬਹੁਤ ਘਟ ਸਨ ਮੁਸਲਮਾਨ ਬਹੁਤ ਹੀ ਵਧੀਕ ਸਨ ਪ੍ਰੰਤੂ ਫੇਰ ਭੀ ਸਿੰਘਾਂ ਦਾ ਸਾਮ੍ਹਨਾ ਨ ਕਰ ਸਕੇ ਅਰ ਸਿੰਘ ਇਸੇ ਬਹਾਦਰੀ ਅਰ ਦਿਲ ਵਧੇ ਹੋਏ ਨਾਲ ਲੜਦਿਆਂ ਹੋਇਆਂ ਪੰਜੂਰ ਦੇ ਪਠਾਣਾਂ ਦੀ ਕਸਰ ਕਢਦੇ ਗਏ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਹ ਸਚ ਹੈ ਕਿ ਉਸ ਵੇਲੇ ਮੁਸਲਮਾਨਾਂ ਨੂੰ ਹਾਰ ਤਾਂ ਜਰੂਰ ਹੋਈ ਪ੍ਰੰਤੂ ਲੋਹਗੜ੍ਹ ਦੇ ਕਿਲੇ ਦੇ ਖਾਲੀ ਹੋਜਾਨ ਨਾਲ ਸਿੰਘਾਂ ਦਾ ਭੀ ਬਹੁਤ ਨੁਕਸਾਨ ਹੋਇਆ । ਅਜੀਤ ਸਿੰਘ ਬੰਦੇ ਬਹਾਦਰ ਦਾ ਵਡਾ ਬੇਟਾ ਇਸੇ ਸੰਗ੍ਰਾਮ ਵਿਚ ਮਾਰਿਆ ਗਿਆ ਅਰ ਛੋਟਾ ਬੇਟਾ ਜੋਰਾਵਰ ਸਿੰਘ ਨੂੰ ਸਮੰਦ ਖ਼ਾਂ ਕੈਦ ਕਰਕੇ ਲੈ ਗਿਆ ।

ਪਾਤਸ਼ਾਹੀ ਫ਼ੌਜ ਨੇ ਪ੍ਰਸਿਧ ਤੇ ਸ਼ਹੀਦ ਸਿੰਘਾਂ ਦੇ ਸੀਸ ਜੋ ਇਸ ਸੰਗ੍ਰਾਮ ਵਿਚ ਸ਼ਹੀਦ ਹੋਏ ਸਨ ਪਾਤਸ਼ਾਹ ਕੋਲ ਦੇ ਭੇਜੇ ਅਰ ਪਾਤਸ਼ਾਹ ਨੂੰ ਲਿਖਿਆ ਕਿ "ਸਿੰਘ ਪਹਾੜਾਂ ਨੂੰ ਨਸ ਗਏ ਹਨ ਅਰ ਉਨਾਂ ਦੇ ਸਭ ਸਰਦਾਰ ਮਾਰੇ ਗਏ ਹਨ ਬੰਦਾ ਭੀ ਮਾਰਿਆ ਗਿਆ ਹੈ, ਉਸਦਾ ਪੁਤਰ ਕੈਦ ਕਰ ਲੀਤਾ ਗਿਆ ਹੈ" ਪਾਤਸ਼ਾਹ ਇਸ ਪਤ੍ਰ ਨੂੰ ਪੜ੍ਹਕੇ ਬੜਾ ਪ੍ਰਸੰਨ ਹੋਇਆ ਅਰ ਉਨਾਂ ਨੂੰ ਇਨਾਮ ਵਿਚ ਭੇਟਾ ਆਦਿਕ ਬਖ਼ਸ਼ਾਂ ਬਖਸ਼ੀਆਂ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਵਾਂ ਅੰਕ

ਦੋਹਾਂ ਸਪੁਤ੍ਰਾਂ ਦੀ ਆਪਤਿ ਦੀ ਖਵਰ ਸੁਨਕੇ ਬੰਦੇ ਨੇ ਸੀ ਤੀਕਰ ਭੀ ਨਹੀਂ ਕੀਤੀ । ਕਹਿਨ ਲਗੇ ਕਿ "ਛਤ੍ਰੀ ਧਰਮ ਦਾ ਰਾਹ ਕੰਡਿਆਂ ਦੀ ਵਾੜ ਹੈ । ਕਦਮ ਕਦਮ ਤੇ ਉਸਨੂੰ ਆਪਤੀਆਂ ਦਾ ਸਾਮਨਾ ਕਰਨਾ ਪੈਂਦਾ ਹੈ ਉਹ ਛਤ੍ਰੀ ਸ੍ਰੇਸ਼ਟ ਹਨ ਜੋ ਮੌਤ ਅਰ ਕਸ਼ਟ ਤੋਂ ਨਾ ਘਬਰਾਕੇ ਆਪਨਾ ਧਰਮ ਨਿਭਾਉਂਦੇ ਹਨ" ।

ਕੁਝ ਦਿਨਾਂ ਦੇ ਉਪ੍ਰੰਤ ਬੰਦਾ ਬਹਾਦਰ ਪ੍ਰਬਤਾਂ ਤੋਂ ਥੱਲੇ ਉਤਰਿਆ ਅਰ ਅਨੇਰੀ ਦੇ ਬੁਲੇ ਵਾਂਙੂ ਜਿੱਥੇ ਟਿਕਾਣਾ ਕਰਕੇ ਲੰਘੇ ਪਿੰਡ ਕਸਬੇ ਸਰਬ ਨਸ਼ਟ ਕਰ ਦਿਤੇ । ਸੂਰਮੇ ਅਰ ਮਨਚਲੇ ਬਹਾਦਰ ਸਿੰਘ ਫੇਰ ਲੁੱਟ ਪੁਟ ਮਾਰ ਧਾੜ ਕਰਦੇ ਹੋਏ, ਸਹਾਰਨ ਪੁਰ ਪਹੁੰਚੇ ਮੁਸਲਮਾਨੀ ਕੋਈ ਇਕ ਲਖ ਦੇ ਲਗ ਭਗ ਇਕਤ੍ਰ ਸੀ ਲੜਾਈ ਹੋਈ । ਤਿੰਨ ਦਿਨ ਤੀਕਰ ਅਜੇਹੀ ਤਲਵਾਰ ਚੱਲੀ ਕਿ ਧਰਤੀ ਤੇ ਲਹੂ ਦੀਆਂ ਨਦੀਆਂ ਵਗਨ ਲਗੀਆਂ । ਲੜਾਈ ਕੀ ਸੀ ਮਾਨੋ ਸੌਣ ਭਾਦ੍ਰੋਂ ਦੇ ਸ੍ਰਲਾਟੇ ਸਨ । ਸੂਰਮੇ ਅਰ ਸ਼ਹੀਦਾਂ ਦੇ ਸੀਸ ਮੀਂਹ ਦੀਆਂ ਬੂੰਦਾਂ ਵਾਂਙ ਵਸਦੇ ਸੇ ਤਲਵਾਰਾਂ ਦੀ ਲਿਸ਼ਕ ਬਿਜਲੀ ਨੂੰ ਮਾਤ ਪਾਂਦੀ ਸੀ ਅਰ ਬਛੜਾਂ ਦੇ ਖੜਕਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦੀ ਧੁਨਿ ਬਦਲਾਂ ਦਾ ਗਜਨਾ ਸੀ ਲਹੂ ਦੇ ਨਦੀ ਨਾਲੇ ਹਰ ਪਾਸਿਓਂ ਵਗ ਰਹੇ ਸੀ।

ਬੰਦੇ ਨੂੰ ਤਲਵਾਰ ਚਲਾਨ ਵਿਚ ਅਜੇਹੀ ਚਤੁਰਤਾ ਆਉਂਦੀ ਸੀ ਕਿ ਜੋ ਸਾਮਣੇ ਆਯਾ ਖਖੜੀ ਵਾਂਙ ਦੋ ਟੁਕੜੇ ਹੋਗਿਆ ਜਿਧਰ ਪਏ ਉਸੇ ਪਾਸੇ ਮਲੀਆ ਮੇਟ ਕਰਦੇ ਗਏ। ਮਾਨੋਂ:—

ਜਿਸਦੀ ਵਲ ਚਾ ਪੈਂਦੀ ਦ੍ਰਿਸ਼ਟੀ ਵਿਚ
ਯੁਧ ਦੇ ਪਿਆਰੇ।
ਮਾਰ ਤੇਗ਼ ਇਕ ਵਾਰੀ ਮਾਹਿੰ ਕਰ ਦੋ
ਟੁਕੜੇ ਡਾਰੇ॥
ਪਵਨ ਨਿਆਈਂ ਫਿਰਦੇ ਘੋੜੇ ਸੈਨ ਸੂਰਾਂ
ਜਦ ਮਾਰੇ।
ਸੀਸ ਥੱਲੇ ਇਉਂ ਡਿਗਦੇ ਜਾਂਦੇ ਜਿਉਂ
ਮੀਂਹ ਮੁਸਲਧਾਰੇ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਥੋੜੀ ਗਿਨਤੀ ਕਾਰਨ ਕਿਸਨੂੰ ਆ
ਸੀ ਕੀ ਪਿਆਰੇ ।
ਪਰ ਬਹਾਦਰੀ ਕੀਤੀ ਸਿੰਘਾਂ ਤੁਰਕ
ਸੀਸ ਉਤਾਰੇ ॥
ਬਿਜਲੀ ਨਿਆਈਂ ਤੇਗਾਂ ਲਿਸ਼ਕ
ਲਹੂ ਤ੍ਰਿਹਾਈਆਂ ਸਾਰੇਂ ।
ਵਧ ਵਧਕੇ ਸਿੰਘ ਕਰਨ ਸਾਮਨਾ ਤੁਰ
ਪਿਛਾਂ ਕਰ ਡਾਰੇ ॥

ਜਿਸ ਪ੍ਰਕਾਰ ਕਿਸੇ ਇਜੱੜ ਵਿਚ ਕ੍ਰੋਪੀ ਸ਼ੇ
ਛੇੜਾਂ ਮਾਰ ਬਕਰੀਆਂ ਨੂੰ ਨਾਸ਼ ਕਰਦਾ ਹੈ ਉਸ ਪ੍ਰਕਾ
ਉਸ ਦਿਨ ਬੰਦੇ ਦਾ ਹਾਲ ਦੇਖਿਆ ਗਿਆ । ਉਸ ਵਿ
ਖ਼ਾਸ ਪ੍ਰਕਾਰ ਦਾ ਜੋਸ਼ ਉਤਪਤ ਹੋ ਗਿਆ ਸੀ ਸਿਖ ਉ
ਉਸ ਸਰਮੇ ਸ਼ੇਰ ਬਹਾਦਰਾਂ ਤੋਂ ਦਲੇਰੀ ਅਰ ਸੂਰਮ ਤਾ
ਦਾਨ ਲੈਂਦੇ ਸੀ ਰਨਭੂਮੀ ਵਿਚ ਨਚ ਰਹੇ ਸੀ "ਸਤਿ ਸ੍ਰੀ
ਅਕਾਲ" ਦਾ ਜੈ ਕਾਰਾ ਗਜਾ ਰਹੇ ਸੀ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੁਠੀ ਭਰ ਸਿੰਘ ਅਰ ਇਕ ਲੱਖ ਤੋਂ ਵਧੀਕ ਮੁਸਲਮਾਨ! ਇਸ ਸਾਮ੍ਹਨੇ ਦੀ ਭੀ ਕੀ ਗੱਲ ਹੈ ਇਥੇ ਸਚ ਮੁਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਭਵਿਖ੍ਯਤ ਮੁਖਵਾਕ ਬਚਨ ਦਾ ਦ੍ਰਿਸ਼ਯ ਦਿਸ ਰਿਹਾ ਸੀ। ਮੁਸਲਮਾ-ਨ ਭਜ ਗਏ ਉਨ੍ਹਾਂ ਦਾ ਪਿਠ ਦਿਖਾਲਨਾ ਹੀ ਸੀ ਕਿ ਸਿੰਘ ਸ਼ਹਿਰ ਨੂੰ ਧਾਏ ਅਰ ਸਹਾਰਨਪੁਰ ਨੂੰ ਚੰਗੀ ਤਰਾਂ ਲੁਟਿਆ ਅਰ ਵਿਰੋਧੀਆਂ ਨੂੰ ਭੇਡਾਂ ਬਕਰੀਆਂ ਦੀ ਨਿਆਈਂ ਝਟਕਾਇਆ। ਜੋ ਦਸ਼ਾ ਮੁਸਲਮਾਨਾਂ ਨੇ ਪਹਿਲੇ ਹਿੰਦੂਆਂ ਦੀ ਕਰੀ ਸੀ ਉਸੇ ਦਾ ਬਦਲਾ ਉਨ੍ਹਾਂ ਨੂੰ ਬੰਦੇ ਬਹਾਦਰ ਨੇ ਦਿਤਾ॥

ਜਦੋਂ ਸਹਾਰਨ ਪੁਰ ਚੰਗੀ ਤਰਾਂ ਲੁਟਿਆ ਗਿਆ ਤਾਂ ਬੰਦੇ ਬੀਰ ਨੇ ਜਲਾਲ ਖਾਂ ਜਲਾਲਾਬਾਦ ਦੇ ਹਾਕਮ ਨੂੰ ਲਿਖ ਭੇਜਿਆ ਕਿ "ਖਬਰਦਾਰ ਰਹਿਨਾ ਇਹੋ ਦਸ਼ਾ ਤੁਹਾਡੀ ਭੀ ਹੋਵੇਗੀ" "ਢਾਈਆਂ ਕੁ ਮਹੀਨਿਆਂ ਨੂੰ ਤੁਹਾਡੀ ਭੀ ਖਬਰ ਲਈ ਜਾਇਗੀ॥

ਬੰਦੇ ਨੂੰ ਔਰੰਗਜ਼ੇਬ ਦੀ ਕਠਨਤਾਈ ਯਾਦ ਸੀ ਉਹ ਜਿਸ ਪ੍ਰਕਾਰ ਨਿਤ ਹਿੰਦੂਆਂ ਨੂੰ ਅਤਿ ਨਿਰਦਯਤਾ ਨਾਲ ਕਸ਼ਟ ਦੇ ਦੇਕੇ ਮਾਰਦਾ ਸੀ ਉਸਦੀ ਯਾਦ ਹਿੰਦੂਆਂ ਦੇ ਮਨਾਂ ਵਿਚ ਬਾਕੀ ਸੀ। ਬੰਦੇ ਨੇ ਭੀ ਪ੍ਰਣ ਧਾਰ ਕੇ ਅਪਨਾ ਨੇਮ ਬੰਨ ਲਿਆ ਕਿ ਜਦੋਂ ਤੀਕਰ ਸੋ ਪੰਜਾਬ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੁਸਲਮਾਨ ਨਾ ਮਾਰ ਲੈਂਦਾ, ਲੰਗਰ ਨਾ ਕਰਦਾ ॥

ਬਚਨ ਅਨੁਸਾਰ ਵਈ ਮਹੀਨਿਆਂ ਦੇ ਉਪ੍ਰੰ
ਬੰਦੇ ਨੇ ਪਹਿਲੇ ਨਜੀਬਾ ਆਬਾਦ ਨੂੰ ਜਿੱਤਿਆ । ਉਪਰ
ਉਪ੍ਰੰਤ ਜਲਾਲਾ ਬਾਦ ਦੇ ਨਵਾਬ ਤੇ ਚੜ੍ਹਾਈ ਕੀਤੀ
ਲੜਾਕੇ ਪਠਾਨ ਆਪਨੀ ਸੂਰਮਤਾਈ ਵਿਚ ਪ੍ਰਸਿਧ
ਇਹ ਜਾਨਾਂ ਤੋੜ ੨ ਕੇ ਲੜੇ । ਦੋਹਾਂ ਪਾਸਿਆਂ ਦੇ ਬ
ਸਾਰੇ ਸਿਪਾਹੀ ਆਦਿਕ ਮਾਰੇ ਗਏ ਅੰਤ ਨੂੰ ਸਿੰਘ
ਕੇ ਪਿਛਾਂ ਨਠ ਉਠੇ ਪ੍ਰੰਤੂ ਬਲਵਾਨ ਦੇਵ ਬੰਦੇ ਬੀਰ
ਫੇਰ ਸਿੰਘਾਂ ਨੂੰ ਲੜਨ ਲਈ ਭੇਜਿਆ ਮਾਲਵੇ ਦੇਸ਼
ਸਿੰਘ ਭੀ ਇਨਾਂ ਨਾਲ ਆ ਰਲੇ । ਬੰਦੇ ਨੇ ਕਿਹਾ "
ਦੇ ਸਿੰਘੋ ! ਸੰਗ੍ਰਾਮ ਵਿਚੋਂ ਪਿਛੇ ਹਟਨਾ ਕਿਹਾ ! ਹਾਂ
ਤੋਂ ਬਚ ਰਹਿਨਾ ਦੂਜਾ ਗਲ ਹੈ ਸਚੇ ਪਿਤਾ ਸ੍ਰੀ
ਗੋਬਿੰਦ ਸਿੰਘ ਜੀ ਮਹਾਰਾਜ ਦੇ ਸੱਚੇ ਪੁਤ੍ਰ ਭੀ
ਪਿਛਾਂਹ ਹਟਦੇ ਹਨ । ਜਾਓ ਦੁਹੇਲੇ ਪਠਾਨਾਂ ਨੂੰ ਮਾਰ

ਸਿੰਘ ਫੇਰ ਜਲਾਲਾਂ ਬਾਦ ਨੂੰ ਧਾਏ ਜਾ
ਕੀਤਾ ਕਿਲ੍ਹਾ ਪੱਕਾ ਸੀ ਪੌੜੀਆਂ ਲਾਕੇ ਚੜ੍ਹਨਾ ਚਾਹ
ਪ੍ਰੰਤੂ ਪਠਾਨ ਭੀ ਕੋਈ ਸੁਖਾਲਾ ਸ਼ਿਕਾਰ ਨਹੀਂ ਸਨ
ੜੀਆਂ ਤੋਂ ਪਕੜ ਪਕੜ ਕੇ ਢਾਹੁਨ ਲਗੇ ਪਰ ਇ
ਸਿੰਘ ਭੀ ਬੁਰੀ ਬਲਾ ਸਨ ਇਕ ਮਰਦਾ ਦੂਜਾ ਪੌੜੀ
ਉਸੇ ਵੇਲੇ ਚੜ੍ਹ ਜਾਂਦਾ ਬੰਦੇ ਦੀ ਆਵਾਜ਼ ਉਨ੍ਹਾਂ ਦੇ ਕੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਆ ਰਹੀ ਸੀ "ਸ੍ਰੀ ਵਾਹਿਗੁਰੂ ਜੀ ਕਾ ਖ਼ਾਲਸਾ ਸ੍ਰੀ ਵਾਹਿਗੁਰੂ ਜੀ ਕੀ ਫ਼ਤੇ" ਅਰ " ਸਤਿ ਸ੍ਰੀ ਅਕਾਲ" ਗਜਾਂਦੇ ਹੋਏ ਇਹ ਅੰਤਨੂੰ ਕਿਲੇ ਵਿਚ ਜਾ ਹੀ ਵੜੇ ਅਰ ਅਜੇਹੀ ਚਤੁਰਤਾ ਅਤੇ ਚੰਚਲਤਾ ਨਾਲ ਤਲਵਾਰ ਦੀ ਖਟਾ ਖਟ ਕਰਨੀ ਆਰੰਭ ਕੀਤੀ ਕਿ ਪਠਾਨਾਂ ਨੂੰ ਭੀ ਉਨਾਂ ਦਾ ਲੋਹਾ ਮੰਨਣਾ ਪਿਆ ॥ ਪਠਾਣ ਅਨੇਕਾਂ ਹੀ ਮਾਰੇ ਗਏ ਕੇਵਲ ਇਕੋ ਨਵਾਬ ਹੀ ਅਕਲੀ ਜਾਨ ਲੈ ਕੇ ਕਿਸੇ ਪਾਸੇ ਵਲ ਭਜ ਗਿਆ । ਕਿਲੇ ਦਾ ਮਾਲ ਖਜਾਨਾ, ਹਾਥੀ, ਘੋੜੇ, ਤੋਪਾਂ, ਬੰਦੂਕਾਂ, [illegible], ਇਤ੍ਯਾਦਿਕ ਬਹੁਤ ਕੁਝ ਸਿਖਾਂ ਦੇ ਹੱਥ ਆਇ- ਗਿਆ ਅਰ ਇਹ ਜਲਾਲਾਬਾਦ ਦੇ ਕਿਲੇ ਨੂੰ ਜਿਤ ਕਰਕੇ ਫੇਰ ਲੋਹ ਗੜ੍ਹ ਦੇ ਕਿਲੇ ਨੂੰ ਮੁੜ ਆਏ ਅਰ ਲੁਟ ਪੁਟ ਦਾ ਮਾਲ ਆਪੋ ਵਿਚ ਵੰਡ ਕੇ ਆਪਨੇ ਆਪਨੇ ਘਰ ਆਰਾਮ ਕਰਨ ਲਈ ਚਲੇ ਗਏ। ਪ੍ਰੰਤੂ ਬੰਦਾ ਬਹਾਦਰ ਵੇਲੇ ਕੁਵੇਲੇ ਨਾਹਨ ਆਦਿਕ ਸੂਬਿਆਂ ਨੂੰ ਲੁਟਦਾ ਰਿਹਾ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਛੀਵਾਂ ਅੰਕ

ਬਹਾਦਰ ਸ਼ਾਹ ਪਾਤਸ਼ਾਹ ਦਿੱਲੀ ਦਾ ਹੁਨ ਤੀ
ਦਕਨ ਵਿਚ ਸਾ ਜਦੋਂ ਉਸਨੇ ਸੁਨਿਆ
ਪੰਜਾਬ ਵਿਚ ਸਿਖਾਂ ਨੇ ਗ਼ਦਰ (ਲੁਟ ਮਾਰ) ਮ
ਰਖਯਾ ਹੈ ਤਾਂ ਤੁਰਤਾਂ ਕੁ ਹਜਾਰਫ਼ੌਜ ਦੇਕੇ ਅਜਗਰ ਖ
ਨੂੰ ਇਸ ਦੇਸ਼ ਵਿਚ ਭੇਜਣਾ ਸਹਿੰਦ ਪਹੁੰਚ ਕੇ ਉਸ
ਸਿੰਘਾਂ ਨੂੰ ਤੰਗ ਕਰਨਾ ਆਰੰਭ ਕੀਤਾ । ਸਿਖ
ਅਜਗਰ ਤੋਂ ਇਨਾ ਘਬਰਾਏ ਕਿ ਵਨ ਭੂਮੀ ਛਡ
ਪਹਾੜਾਂ ਨੂੰ ਨਠ ਤੁਰੇ ।

ਸਿਖਾਂ ਨੂੰ ਇਸ ਤਰਾਂ ਬਿਖੇੜ ਕੇ ਅਜਗਰ
ਨੇ ਆਪਨੇ ਚਾਚੇ ਵਜੀਦ ਖਾਂ ਨੂੰ ਸਹਿੰਦ ਦਾ ਪ੍ਰਬ
ਸਪੁਰਦ ਕੀਤਾ ਅਤੇ ਆਪ ਪਿਛਾਂ ਮੁੜ ਗਿਆ
ਵਜੀਦ ਖਾਂ ਨੇ ਫੇਰ ਹਿੰਦੂਆਂ ਨੂੰ ਸੰਤਾਪ ਦੇਨਾ ਆਰੰ
ਕੀਤਾ ਤਲਾ ਅਰ ਖੂਹਾਂ ਵਿਚ ਗਊਆਂ ਦਾ ਮਾਸ ਪੁਵ
ਇਆ । ਭਾਂਤ ਭਾਂਤ ਦੇ ਕਸ਼ਟ ਦੇਨੇ ਆਰੰਭ ਕੀ
ਉਸਦਾ ਕਾਰਨ ਇਹ ਸੀ ਕਿ ਉਸਦੀ ਸਮਝ ਵਿ
ਇਹ ਸੀ ਕਿ ਸਿਖ ਹਿੰਦੂਆਂ ਨੂੰ ਮਦਤ ਦੇਂਦੇ ਸਨ ।
ਪ੍ਰੰਤੂ ਜੋ ਲੋਕ ਹਿੰਦੂਆਂ ਦੀ ਨਿਰਬਲਤਾਈ ਨੂੰ ਜਾਨ
ਹਨ ਉਹ ਸੁਖੈਨ ਹੀ ਸਮਝ ਸਕਦੇ ਹਨ ਕਿ ਉ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚਾਰਿਆਂ ਤੋਂ ਸਿਖਾਂ ਨੂੰ ਕੀ ਸਹਾਇਤਾ ਮਿਲਦੀ ਹੋਵਗੀ ॥

ਪ੍ਰੰਤੂ ਜਦੋਂ ਬੰਦੇ ਨੇ ਸੁਨਿਆ ਕਿ ਸ੍ਰਹਿੰਦ ਦੇ ਹਿੰਦੂ ਅਤਿ ਦੁਖਿਤ ਅਰ ਕਸ਼ਟਵਾਨ ਹਨ ਤਾਂ ਉਹ ਸਿਖਾਂ ਨੂੰ ਨਾਲ ਲੈਕੇ ਪਾਣੀ ਦੇ ਹੜ ਵਾਂਙੂ ਪਰਬਤਾਂ ਤੋਂ ਥਲੇ ਉਤਰੇ ਅਰ ਸੰਮਤ ੧੭੬੬ ਬਿ: ਵਿਚ ਸ੍ਰਹਿੰਦ ਤੇ ਹੱਲਾ ਕਰ ਦਿੱਤਾ ਰੋਪੜ ਦੇ ਕੋਲ ਮੁਸਲਮਾਨਾਂ ਨਾਲ ਲੜਾਈ ਹੋਈ । ਵਜ਼ੀਦ ਖ਼ਾਂ ਤਾਂ ਬੰਦੇ ਦਾ ਨਾਉਂ ਸੁਨਕੇ ਹੀ ਦਿਲੀ ਨਠ ਗਿਆ । ਦੂਜਿਆਂ ਮੁਸਲਮਾਨਾਂ ਦੀ ਜੋ ਦੁਰਦਸ਼ਾ ਹੋਈ ਉਸਨੂੰ ਪੂਰਾ ਪੂਰਾ ਲਿਖਣਾ ਵਿਅਰਥ ਹੈ ਬੰਦੇ ਨੇ ਫੇਰ ਸਿਖਾਂ ਨੂੰ ਸ੍ਰਹਿੰਦ ਦੀ ਹਾਕਮੀ ਪ੍ਰਦਾਨ ਕੀਤੀ ।

ਜਦੋਂ ਪਾਤਸ਼ਾਹ ਦਖਨ ਦੀ ਵਲੋਂ ਮੁੜ ਕੇ ਆ ਰਿਹਾ ਸੀ । ਤਾਂ ਅਜਮੇਰ ਵਿਚ ਮੁਸਲਮਾਨ ਸਰਦਾਰ ਮਿਲੇ ਅਰ ਰੋ ਰੋ ਕੇ ਆਪਣੀ ਵਿਰਥਾ ਸੁਨਾਈ । ਬਹਾਦਰ ਸ਼ਾਹ ਨੇ ਸਾਰਿਆਂ ਨੂੰ ਧੀਰਜ ਦਿਤੀ ਅਰ ਅਮੀਨ-ਖਾਂਨ ਦੇ ਨਾਲ ਕਰੜੀ ਫ਼ੌਜ ਦੇਕੇ ਪੰਜਾਬ ਨੂੰ ਤੋਰਿਆ । ਜਦੋਂ ਇਹ ਫ਼ੌਜ ਪੰਜਾਬ ਵਿਚ ਆ ਪਹੁੰਚੀ ਤਾਂ ਸ਼ਾਹਬਾਦ ਦੇ ਕੋਲ ਸਿਖਾਂ ਨਾਲ ਲੜਾਈ ਹੋਈ । ਸਿਖ ਚਾਲੀ ਹਜ਼ਾਰ ਦੇ ਲਗ ਭਗ ਸਨ । ਦੋਹਾਂ ਪਾਸਿਆਂ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਿਪਾਹੀ ਦਿਲ ਖੋਲ ਕੇ ਲੜੇ ਮੁਸਲਮਾਨਾਂ ਦੇ ਚੋਣਵੇਂ ਖ਼ਾਸ ਖ਼ਾਸ ਸਰਦਾਰ ਮਾਰੇ ਗਏ । ਬੰਦਾ ਬਹਾਦਰ ਫਕੀਰੀ ਭੇਖ ਧਾਰੇ ਹੋਏ ਆਪਨੇ ਬਚਨਾਂ ਦ੍ਵਾਰਾ ਸਿਖਾਂ ਦਾ ਹੌਂਸਲਾ ਵਧਾਂਦੇ ਰਹਿੰਦੇ ਸੇ ਸਿਖ ਇਸ ਸੂਰਮ-ਤਾਈ ਅਰ ਹਠ ਨਾਲ ਲੜੇ ਕਿ ਪਾਤਸ਼ਾਹੀ ਫ਼ੌਜ ਦੇ ਪੈਰ ਉਖੜ ਗਏ, ਫ਼ੌਜ ਨਸ ਗਈ ਪ੍ਰੰਤੂ ਜਦੋਂ ਕਿ ਮੁਸਲਮਾਨੀ ਫ਼ੌਜ ਨਠੀ ਜਾ ਰਹੀ ਸੀ ਅਗੋਂ ਰਾਜਪੂਤਾਂ ਦੀ ਪਲਟਨ ਆ ਰਹੀ ਸੀ ਜਿਸਨੂੰ ਕਿ ਪਾਤਸ਼ਾਹ ਨੇ ਦਿਲੀਓਂ ਕੁਮਕ ਲਈ ਭੇਜਿਆ ਸੀ ਉਨਾਂ ਨੂੰ ਵੇਖਕੇ ਸ਼ਾਹੀ ਫ਼ੌਜ ਫੇਰ ਪਿਛਾਂ ਚਲੀ ਆਈ ਅਰ ਸਭ ਨੇ ਮਿਲ ਕੇ ਸਿਖਾਂ ਤੇ ਹੱਲਾ ਕੀਤਾ । ਪ੍ਰੰਤੂ ਉਸ ਵੇਲੇ ਬਰਖਾ ਪੈਨ ਲਗ ਪਈ ਸੀ । ਠੰਡ ਅਰ ਬਰਖਾ ਦੇ ਕਾਰਨ ਕਰਕੇ ਮੁਸਲਮਾਨਾਂ ਦੀ ਫ਼ੌਜ ਵਿਚ ਬੀਮਾਰੀ ਪੈ ਗਈ ਅਰ ਉਹ ਆਪਨੇ ਆਪ ਮਰਨ ਲਗ ਪਏ ਸਿਖ ਉਨਾਂ ਤੇ ਨਿਰਭਯਤਾ ਨਾਲ ਟੁਟ ਪਏ ਇਹ ਫੇਰ ਜਾਨ ਬਚਾ ੨ ਕੇ ਨਸਨ ਲਗੇ ਸਿਖਾਂ ਨੂੰ ਜਿਤ ਤਾਂ ਜਰੂਰ ਹੋਗਈ ਪ੍ਰੰਤੂ ਇਨਾਂ ਗੁਰੂ ਦੇ ਦੁਲਾਰਿਆਂ ਦਾ ਨੁਕਸਾਨ ਭੀ ਘਟ ਨਹੀਂ ਹੋਇਆ ।

ਪਾਤਸ਼ਾਹ ਨੇ ਸ਼ਹਾਬੁਦੀਨ ਅਰ ਵਜੀਦ ਖਾਂ ਫ਼ੌਜਦਾਰ ਸਰਦਾਰਾਂ ਨੂੰ ਫੇਰ ਪੰਜਾਬ ਵਿਚ ਭੇਜਿਆ ਸਹਾ-

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਣਪੁਰ ਵਿਚ ਸਿਖ ਉਨਾਂ ਨਾਲ ਲੜ ਪਏ ਇਹ ਲੜਾਈ ਸਿਖਾਂ ਲਈ ਘਾਟੇ ਵਾਨ ਸਿਧ ਹੋਈ। ਬੰਦਾ ਹੋਰ ਸਾਰਿਆਂ ਸਿਖਾਂ ਸਮੇਤ ਨਠਕੇ ਲੋਹਗੜ੍ਹ ਵਿਚ ਆ ਗਿਆ। ਮੁਸਲਮਾਨਾਂ ਨੇ ਫੇਰ ਇਨਾਂ ਤੇ ਹੱਲਾ ਕੀਤਾ ਜਦ ਬਚਾਉ ਦਾ ਕੋਈ ਰਾਹ ਨਾ ਦਿਸਨਾ ਤਾਂ ਬੰਦੇ ਨੇ ਸਾਰਿਆਂ ਸਿਖਾਂ ਨੂੰ ਇਕਤ੍ਰ ਕਰਕੇ ਕਿਹਾ ਕਿ "ਧਰਮਬੀਰੋ! ਅਜ ਉਹ ਦਿਨ ਹੈ ਕਿ ਜਿਸ ਦਿਨ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਦੋ ਸਾਹਿਬ-ਜ਼ਾਦੇ ਚਮਕੌਰ ਦੇ ਕਿਲੇ ਵਿਚ ਸ਼ਹੀਦ ਹੋਏ ਸਨ ਜੋ ਅਜ ਲੜ ਕੇ ਪ੍ਰਾਨ ਦੇਗਾ ਉਹ ਗੁਰਪੁਰੀ ਵਿਚ ਨਿਵਾਸ ਕਰੇਗਾ ਅਰ ਪ੍ਰਲਯ ਦੇ ਦਿਨ ਤੀਕਰ ਉਸਦਾ ਨਾਉਂ ਇਸ ਸੰਸਾਰ ਵਿਚ ਸੂਰਜ ਦੀ ਨਿਆਈਂ ਪ੍ਰਕਾਸ਼ ਰਹੇਗਾ॥

ਇਨਾਂ ਦਲੇਰੀ ਅਰ ਸੂਰਮਤਾਈ ਦੇ ਬਚਨਾਂ ਨੂੰ ਸੁਨਕੇ ਸਿਖ ਕਿਲੇ ਵਿਚ ਰਹਿ ਕਿ ਲੜੇ ਅਰ ਪੰਦ੍ਰਾਂ ਦਿਨ ਇਕੋ ਜੇਹੀ ਸੰਗ੍ਰਾਮ ਹੋਈ ਅਰ ਬੜੀ ਬਹਾਦਰੀ ਅਰ ਸੂਰਮਤਾਈ ਨਾਲ ਜੀ ਤੋੜ ਤੋੜ ਕੇ ਸ਼ਾਹੀ ਫੌਜ ਨਾਲ ਲੜਦੇ ਰਹੇ। ਬੰਦੇ ਦੇ ਬਚਨਾਂ ਵਿਚ ਕੁਝ ਅਦ ਭੁਤ ਕੌਤਕਵਾਲਾ ਫਲ ਸੀ। ਤੋਪਾਂ ਅਰ ਬੰਦੂਕਾਂ ਠਾਂ ਠਾਂ ਵਜ ਰਹੀਆਂ ਸਨ। ਸਿਖ ਉਛਲ ਉਛਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੇ ਧਨ ਅਰ ਹੌਸਲੇ ਨਾਲ ਸ਼ਤ੍ਰ ਤੇ ਵਾਰ ਕਰ ਰਹੇ ਸਨ ਜਦੋਂ ਕਿਲੇ ਵਿਚ ਰਸਤ ਨਾ ਰਹੀ ਅਰ ਬਹੁਤ ਸਾਰੇ ਸਿਖ ਮਾਰੇ ਜਾ ਚੁਕੇ ਤਾਂ ਕੁਝਕੁ ਸੂਰਮੇ ਮੁਸਲਮਾਨੀ ਭੇਖ ਧਾਰਨ ਕੀਤੇ ਹੋਏ ਕਿਲੇ ਤੋਂ ਬਾਹਰ ਆਏ। ਅਰ ਮੁਸਲਮਾਨਾਂ ਨੂੰ ਰਾਤ ਵੇਲੇ ਲੁਟ ਪੁਟ ਕੇ ਰਸਦ ਆਦਿਕ ਕੱਠੀ ਕਰ ਲਈ ਅਰ ਰਸਿੱਆਂ ਦੀ ਸਹਾਇਤਾ ਨਾਲ ਕਿਲੇ ਅੰਦਰ ਪੁਚਾ ਦਿੱਤੀ। ਇਸ ਪ੍ਰਕਾਰ ਕਈ ਦਿਨ ਬ੍ਰਾਬਰ ਕੰਮ ਕਰਦੇ ਰਹੇ ਇਥੋਂ ਤੀਕਰ ਕਿ ਮੁਸਲਮਾਨਾਂ ਦੀ ਨਕ ਜਾਨ ਲਿਆ ਦਿਤੀ॥

ਸਬਬ ਨਾਲ ਜਦੋਂ ਆਗਰੇ ਦੇ ਦਿਵਾਨ ਹਰ ਦਿਆਲ ਨੇ ਜੋ ਪਾਤਸ਼ਾਹ ਦੀ ਵਲੋਂ ਸਿਖਾਂ ਦੇ ਵਿਰੁਧ ਲੜ ਰਿਹਾ ਸੀ ਉਸਨੇ ਇਹ ਗਲ ਸੁਨੀ ਕਿ ਸਿਖ ਕੇਵਲ ਹਿੰਦੂ ਧਰਮ ਦੀ ਸਹਾਇਤਾ ਦੇ ਲਈ ਆਪਨੇ ਪ੍ਰਾਨ ਦੇ ਰਹੇ ਹਨ ਉਸਨੇ ਆਪਨੇ ਸਾਥੀਆਂ ਨੂੰ ਸਮਝਾ ਬੁਝਾ ਕੇ ਬੰਦੇ ਦੇ ਨਾਲ ਮਿਲ ਜਾਨ ਦੀ ਇੱਛਾ ਪ੍ਰਗਟ ਕੀਤੀ ਬੰਦੇ ਨੇ ਉਸਦੀ ਚਾਹ ਪੂਰਾ ਕਰਨ ਲਈ ਉਸਦੀ ਗਲ ਮੰਨ ਲਈ ਅਰ ਉਹ ਜਦੋਂ ਸਿਖਾਂ ਦੇ ਨਾਲ ਮਿਲ ਕੇ ਮੁਸਲਮਾਨਾਂ ਨਾਲ ਲੜਨ ਲਗਾ। ਮੁਸਲਮਾਨ ਸਖ਼ਤ ਆਤੁਰ ਹੋ ਗਏ ਅਰ ਹੈਰਾਨ ਅਰ ਵਿਆਕੁਲ ਹੋਕੇ ਪਿੱਛੇ ਹਟੇ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਂ ਦਿਨਾਂ ਉਪ੍ਰੰਤ ਸ਼ਾਹੀ ਫ਼ੌਜ ਨੂੰ ਫੇਰ ਕੁਮਕ ਮਿਲੀ ਅਰ ਫੇਰ ਨਵੇਂ ਸਿਰੇ ਸਿਖਾਂ ਤੇ ਚੜ੍ਹਾਈ ਕੀਤੀ ਗਈ। ਇਥੇ ਪਹਿਲੇ ਹੀ ਗੋਲਾ ਬਰੂਦ ਆਦਿਕ ਮੁੱਕ ਗਿਆ ਸੀ। ਇਸ ਲਈ ਇਸ ਵਾਰੀ ਸ਼ਾਹੀ ਫ਼ੌਜ ਦਾ ਸਮਾਨਾ ਚੰਗੀ ਤਰਾਂ ਨ ਹੋ ਸਕਿਆ ਅਰ ਨਿਰਾਸਤਾਈ ਦਸ਼ਾ ਕਾਰਨ ਬੰਦੇ ਬਹਾਦਰ ਨੇ ਬਚੇ ਖੁਚੇ ਬਹੁਤ ਸਾਰੇ ਸਿਖਾਂ ਨੂੰ ਨਾਲ ਲੈ ਕੇ ਪਹਾੜਾਂ ਦਾ ਰਾਹ ਲਿਆ। ਅਰ ਆਪਨਾਂ ਜਗਾਂ ਆਪਨੇ ਮੁਹਾਂਦਰੇ ਦੇ ਹੀ ਇਕ ਪੁਰਸ਼ ਨੂੰ ਕਿਲਾ ਹਵਾਲੇ ਕਰ ਦਿਤਾ। ਉਸ ਨੂੰ ਮੁਸਲ-ਮਾਨਾਂ ਨ ਪਗੜ ਲਿਆ ਅਤ ਫ਼ੌਜ ਦੇ ਸਰਦਾਰਾਂ ਦੀ ਵਲੋਂ ਦਿਲੀ ਭੇਜ ਦਿਤਾ ਗਿਆ। ਜਦੋਂ ਪਾਤਸ਼ਾਹ ਨੇ ਬੰਦੇ ਦੀ ਗ੍ਰਿਫ਼ਤਾਰੀ (ਪਕੜ ਲਿਆ) ਸੁਨੀ ਤਾਂ ਮਨ ਵਿਚ ਬੜਾ ਪ੍ਰਸੱਧ ਹੋਇਆ ਅਰ ਪਕੜ ਲੈਨ ਵਾਲਿਆਂ ਲਈ ਬੜੇ ਇਨਾਮ ਆਦਿਕ ਭੇਜੇ ਪ੍ਰੰਤੂ ਜਦੋਂ ਮਲੂਮ ਹੋ ਗਿਆ ਕਿ ਇਹ ਬੰਦਾ ਨਹੀਂ ਹੈ ਤਾਂ ਅਤਿ ਕ੍ਰੋਧ ਆਇਆ ਅਰ ਕਹਿ ਭੇਜਿਆ ਕਿ " ਜਦ ਤੁਹਾਥੋਂ ਇਕ ਮਮੂਲੀ ਸਾਧੂ ਨਹੀਂ ਪਕੜਿਆ ਜਾਂਦਾ ਤਾਂ ਫੇਰ ਫ਼ੌਜ ਦੀ ਸਰਦਾਰੀ ਕੀ ਕਰ ਸਕੋ ਗੇ ॥

ਉਸ ਫ਼ੌਜੀ ਸਰਦਾਰ ਦਾ ਨਾਉਂ ਖਾਨਹਾਮਾਂ ਸੀ ਉਸਨੇ ਲਜਜਾ ਅਰ ਸ਼ਰਮਿੰਦਗੀ ਦੇ ਮਾਰੇ ਲੋਹਗੜ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਕ ਕੇ ਸਿਖਾਂ ਨੂੰ ਮਾਰ ਦੇਨ ਦੀਆਂ ਤਦਬੀਰਾਂ ਸੋਚੀਆਂ ਬਹੁਤ ਸਾਰੇ ਸਿਖ ਪਕੜ ਮੰਗਵਾਏ ਪ੍ਰੰਤੂ ਬੰਦਾ ਨਹੀਂ ਪਕੜਿਆ ਗਿਆ। ਖਾਨ ਹਾਮਾਂ ਨੇ ਚਾਹਿਆ ਕਿ ਉਨਾਂ ਪਕੜੇ ਹੋਏ ਸਿਖਾਂ ਦੇ ਕੇਸ ਮੁਨਾ ਦਿਤੇ ਜਾਵਨ ਪ੍ਰੰਤੂ ਜਦੋਂ ਨਾਈ ਸਾਮਨੇ ਆਇਆ ਤਾਂ ਜੰਜੀਰਾਂ ਨਾਲ ਜਕੜ ਹੋਏ ਸਿਖਾਂ ਨੇ ਧਰਮ ਛਡਨਾ ਨਾ ਕਬੂਲਿਆ ਅਰ ਸੰਗਲਾਂ ਨੂੰ ਉਸੇ ਵੇਲੇ ਟੁਕੜੇ ਟੁਕੜੇ ਕਰਕੇ ਮੁਸਲਮਾਨਾਂ ਨੂੰ ਮਾਰਨਾ ਅਰੰਭ ਕਰ ਦਿਤਾ। ਇਥੋਂ ਤੀਕਰ ਕਿ ਸਭ ਦੇ ਸਭ ਇ-ਕ ਇਕ ਕਰਕੇ ਮਾਰੇ ਗਏ ਪ੍ਰੰਤੂ ਨਾਈ ਨੂੰ ਸਿਰ ਤੇ ਨਾ ਹਥ ਲਾਉਨ ਦਿਤਾ॥

ਬੰਦੇ ਦਾ ਪਿੱਛਾ ਬੜੇ ਚਿਰ ਤੀਕਰ ਬੜੇ ਜਤਨ ਨਾਲ ਹੁੰਦਾ ਰਿਹਾ ਪ੍ਰੰਤੂ ਉਹ ਨਾ ਪਕੜਿਆ ਗਿਆ ਅਰ ਸਿਖਾਂ ਨੇ ਉਸ ਫ਼ੌਜੀ ਸਰਦਾਰ ਦਾ ਨਕ ਸਾਹ ਲਿਆ ਦਿ-ਤਾ ਕਿ ਉਹ ਅਤਿ ਤੰਗ ਆ ਗਿਆ ਜਿਥੇ। ਵੇਲੇ ਸਮਯ ਮਿਲਦਾ ਸਵੇਰੇ ਸੰਧ੍ਯਾ ਅਧੀ ਰਾਤ ਦੇ ਵੇਲੇ ਉਹ ਉਸਤੇ ਟੁਟ ਪੈਂਦੇ ਮਾਰ ਧਾੜ ਕਰਕੇ ਸਾਰਾ ਸਮਿਆਨ ਲੁੱਟ ਲੈ ਜਾਂਦੇ ਇਥੋਂ ਤੀਕਰ ਗਲ ਹੋਈ ਕਿ ਇਹ ਬੇਆਸ ਹੋਕੇ ਸਰਕਾਰੀ ਨੌਕਰੀ ਤੋਂ ਹਟ ਗਿਆ ਅਰ ਆਪਨੇ ਘਰ ਚਲਿਆ ਗਿਆ॥

ਸੰਮਤ ੧੭੬੯ ਬਿ: ਵਿਚ ਪਾਤਸ਼ਾਹ ਨੇ ਆਪ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੰਦੇ ਬਹਾਦਰ ਤੇ ਚੜ੍ਹਾਈ ਕੀਤੀ ਅਰ ਮੁਹੰਮਦ ਖਾਨ ਆਦਿਕ ਫੌਜਦਾਰਾਂ ਨੂੰ ਲੈਕੇ ਲਾਹੌਰ ਤੀਕਰ ਆਇਆ ਲੜਾਈ ਤਾਂ ਚਿਰ ਤੀਕਰ ਹੁੰਦੀ ਰਹੀ ਪ੍ਰੰਤੂ ਬੰਦੇ ਹੋਰੀ ਨਾ ਕਾਬੂ ਆਏ। ਕਿਉਂ ਜੋ ਸਿਖ ਨਿਰਬਲ ਜਿਹੇ ਹੋ ਚਲੇ ਸਨ ਉਹ ਉਸ ਵੇਲੇ ਰਨਭੂਮੀ ਵਿਚ ਆਕੇ ਨਹੀਂ ਲੜਦੇ ਸੇ ਕਿੰਤੂ ਪਹਾੜਾਂ ਤੇ ਲੁਕੇ ਰਹਿੰਦੇ ਸੀ ਸ਼ਤ੍ਰੂਆਂ ਨੂੰ ਗਾਫਲ ਦੇਖ ਕੇ ਵੇਲੇ ਕੁਵੇਲੇ ਚੜ੍ਹ ਦੌੜਦੇ ਅਰ ਸਾਰਾ ਅਸਬਾਬ ਲੁਟ ਲੈ ਜਾਂਦੇ॥

ਸੰਮਤ ੧੭੭੨ ਬਿ: ਵਿਚ ਬਹਾਦਰ ਸ਼ਾਹ ਨੇ ਮ੍ਰਿਤੂ ਪਾਈ ਅਰ ਉਸਦੇ ਬੇਟਿਆਂ ਵਿਚ ਤਖ਼ਤ ਦੇ ਲਈ ਲੜਾਈ ਹੋਨ ਲਗੀ ਇਸ ਕਾਰਨ ਤੇ ਸ਼ਾਹੀ ਫੌਜ ਜੋ ਬੰਦੇ ਦੇ ਪਿਛੇ ਲਗੀ ਰਹਿੰਦੀ ਸੀ ਮੁੜਕੇ ਚਲੀ ਗਈ।

ਸਮਾਂ ਦੇਖ ਕੇ ਬੰਦਾ ਫੇਰ ਪਹਾੜਾਂ ਤੋਂ ਉਤਰਿਆ ਅਰ ਲੁਟ ਮਾਰ ਕਰਦੇ ਹੋਏ ਆਨੰਦਪੁਰ ਆਦਿ ਸਾਰੇ ਸਿਖਾਂ ਦੇ ਪਵਿਤ੍ਰ ਸਥਾਨਾ ਤੇ ਨਵੇਂ ਸਿਰੇ ਪੈਂਠ ਬਿਠਾਈ ਅਰ ਫੇਰ ਸ੍ਰਹਿੰਦ ਦੇ ਮੁਸਲਮਾਨਾ ਤੇ ਹੱਲਾ ਕਰਨ ਦੀਆਂ ਤਿਆਰੀਆਂ ਆਰੰਭ ਕਰ ਦਿਤੀਆ॥

—:—

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਤਵਾਂ ਅੰਕ

ਇਸਦੇ ਉਪ੍ਰੰਤ ਬੰਦੇ ਨੇ ਲੁਧਿਆਨੇ ਅਰ ਫਗ
ਵਾੜੇ ਨੂੰ ਜਿਤਨਾ ਚੌਧਰੀ ਚਹੜਮਲ ਅਰ ਅਮੀ ਖ
ਲੜਨ ਲਈ ਆਏ। ਪਰ ਉਨਾਂ ਨੂੰ ਹਾਰ ਹੋਈ ਅ
ਨਸ ਗਏ ਅਰ ਉਪ੍ਰੰਤ ਭੇਟਾ ਲੈ ਕੇ ਆ ਮਿਲੇ
ਅਰ ਬੰਦੇ ਦੀ ਅਧੀਨਤਾ ਕਬੂਲੀ ਇਸੇ ਪ੍ਰਕਾਰ ਜਾਲੰ
ਧਰ ਦੇ ਜਾਗੀਰਦਾਰ ਫੈਜ਼ੁਲਾ ਖਾਨ ਅਰ ਸੈਫੁਲਾ ਖਾ
ਭੀ ਪੰਜ ਸਤ ਕੋਹ ਅਗੋਂ ਆਨਕੇ ਮਿਲੇ ਇ
ਲੋਕ ਕਿਉਂ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾ
ਨਾਲ ਸ਼ਤ੍ਰਤਾਈ ਅਰ ਵਿਰੋਧਤਾ ਰਖਦੇ ਸੇ ਇਸ ਲਈ
ਬੰਦੇ ਨੇ ਉਨ੍ਹਾਂ ਦੀ ਅਧੀ ਜਾਗੀਰ ਜਬਤ (ਖੋਹ) ਕ
ਲਈ ਅਰ ਅਧੀ ਬਖਸ਼ ਦਿੱਤੀ।

ਸੰਮਤ ੧੭੭੫ ਬਿ: ਵਿਚ ਬੰਦਾ ਬਹਾਦਰ ਸ੍ਰੀ
ਅੰਮ੍ਰਿਤਸਰ ਦੀ ਯਾਤ੍ਰਾ ਨੂੰ ਆਏ ਅਰ ਦਿਵਾਨ ਲਗ
ਕੇ ਆਮ ਤੌਰ ਤੇ ਵਿਦਿਤ ਕਰ ਦਿਤਾ ਕਿ ਜੋ ਪੁਰ
ਗੁਰੂ ਦਾ ਸਿਖ ਹੋਵੇਗਾ ਉਸਨੂੰ ਜਾਗੀਰ ਮਿਲੇਗੀ ਯ
ਜਿਮੀਨ ਦਾ ਮਾਮਲਾ ਮਾਫ ਕਰ ਦਿਤਾ ਜਾਵੇਗਾ ਇ
ਸਾਰੇ ਅਧਿਕ ਸਿਖ ਜੋ ਅਜਕਲ ਜਿਮੀਦਾਰ ਹ
ਬੰਦੇ ਦੇ ਵੇਲੇ ਦੇ ਸਿਖ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੰਦੇ ਨੇ ਫੇਰ ਨਵੀਂ ਫੌਜ ਭਰਤੀ ਕਰਨੀ ਅਰੰਭ ਕਰ ਦਿਤੀ ਅਰ ਥਾਂ ਥਾਂ ਸਿਖ ਹਾਕਮ ਨਿਯਤ ਕੀਤੇ ਥਾਂ ਥਾਂ ਫੌਜਾਂ ਰਖਯਾ ਲਈ ਨਿਯਤ ਕਰ ਦਿਤੀਆਂ॥

ਅੰਮ੍ਰਿਤਸਰ ਨੂੰ ਆਪਵਸਾ ਕਰਕੇ ਬੰਦੇ ਨੇ ਬਟਾਲੇ, ਗੁਰਦਾਸ ਪੁਰ, ਪਠਨਕੋਟ ਆਦਿਕ ਇਲਾ-ਕਿਆਂ ਨੂੰ ਆਪਨੇ ਹਥ ਵਿਚ ਕਰ ਲਿਆ। ਫੇਰ ਪਹਾੜੀਏ ਰਾਜਿਆਂ ਨੂੰ ਜਾ ਲਲਕਾਰਿਆ ਇਹ ਸਾਰੇ ਪਹਿਲੇ ਹੀ ਦੱਬੇ ਹੋਏ ਸਨ। ਬੰਦੇ ਦੀ ਅਧੀਨਤਾਈ ਮੰਨ ਲਈ। ਮੂਲ ਗਲ ਕੀ! ਸਾਰੇ ਪੰਜਾਬ ਵਿਚ ਲੋਗ ਬੰਦੇ ਦੀ ਦੁਹਾਈ ਦੇਨ ਲਗੇ। ਅਰ ਸਾਰਿਆਂ ਦੇ ਮਨ ਵਿਚ ਉਸਦਾ ਸਿੱਕਾ ਬਹਿ ਗਿਯਾ।

ਜਦੋਂ ਬੰਦੇ ਨੇ ਦੇਖਿਆ ਕਿ ਪੰਜਾਬ ਦਾ ਕੁਝ ਭਾਗ ਵਸ ਵਿਚ ਹੋ ਗਿਆ ਤਾਂ ਸੰਮਤ ੧੭੭੦ ਵਿਚ ਲਾਹੌਰ ਦੀ ਵਲ ਆਏ ਅਰ ਗੁਰਦਾਸਪੁਰ ਵਿਚ ਇਕ ਜੰਗੀ ਕਿਲਾ ਉਸਾਰਿਆ ਅਰ ਉਸ ਵਿਚ ਸ਼ਸਤ੍ਰ ਰਸਤ ਆਦਿਕ ਭਰਪੂਰ ਕਰ ਦਿਤੀ। ਜਦੋਂ ਇਹ ਸਭ ਕੁਝ ਹੋ ਚੁਕਿਆ ਤਾਂ ਆਨੰਦਪੁਰ ਵਿਚ ਜਾਕੇ ਪਹਾੜੀਆਂ ਰਾਜਿਆਂ ਨੂੰ ਕਹਾ ਭੇਜਿਆ ਕਿ ਹੁਨ ਵੇਲਾ ਆ ਗਿਆ ਹੈ। ਕਿ ਤੁਸੀ ਸਾਰੇ ਮਿਲਕੇ ਹਿੰਦੂ ਧਰਮ ਦੀ ਰਖਿਆ ਕਰੋ। ਪ੍ਰੰਤੂ ਉਸ ਗਲ ਮੰਨਣ ਵਿਚ ਉਹ ਝਕ ਗਏ ਅਰ ਨਾਂਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਨਾਹ ਕਰ ਦਿਤੀ। ਬੰਦੇ ਨੇ ਉਨਾਂ ਰਾਜਿਆਂ ਨੂੰ ਲੜਾਈ ਲਈ ਲਲਕਾਰਿਆ ਤਾਂ ਸਾਰੇ ਰਾਜੇ ਸਾਮਨੇ ਲਈ ਆਏ। ਪ੍ਰੰਤੂ ਸਿਖਾਂ ਨੇ ਉਨਾਂ ਦੀ ਫੌਜ ਨੂੰ ਨਸ਼ਟ ਕਰਕੇ ਖੇਹ ਕਰ ਦਿਤਾ ਅਰ ਉਨਾਂ ਰਾਜਿਆਂ ਨੂੰ ਅੰਤ ਲਾਚਾਰ ਹੋ ਕੇ ਬੰਦੇ ਦੀ ਅਧੀਨਤਾ ਕਬੂਲਨੀ ਪਈ ਸੰਮਤ ੧੭੭੧ ਬਿ: ਵਿਚ ਬੰਦੇ ਨੇ ਫੇਰ ਆਪਨਾ ਵਿਵਾਹ ਕੀਤਾ ਉਸ ਵਿਚੋਂ ਇਕ ਕੰਨਯਾ ਅਰ ਇਕ ਬੇਟਾ ਉਤਪਤ ਹੋਇਆ॥

ਬੰਦੇ ਨੇ ਇਸ ਪ੍ਰਕਾਰ ਥਾਂ ਥਾਂ ਫਿਰਦੇ ਤੁਰਦੇ ਹੋਏ ਸਾਰੇ ਪੰਜਾਬ ਵਿਚ ਬਲਕਾ ਪਾ ਦਿਤਾ ਉਸ ਵੇਲੇ ਦਿੱਲੀ ਦੇ ਤਖਤ ਤੇ ਫ਼ਰੁਖਸੀਰ ਪਾਤਸ਼ਾਹ ਬੈਠਾ ਸੀ ਉਸਨੇ ਸੂਬੇ ਲਾਹੌਰ ਨੂੰ ਬੜੀ ਸਖਤ ਚਿਠੀ ਲਿਖੀ ਅਰ ਨਾਲ ਹੀ ਆਪਨੀ ਫ਼ੌਜ ਭੇਜ ਕੇ ਸਿਖਾਂ ਨਾਲ ਲੜਨ ਦਾ ਹੁਕਮ ਦਿਤਾ। ਕਰਨਾਲ ਦੇ ਕੋਲ ਉਸ ਫ਼ੌਜ ਨਾਲ ਸਿਖਾਂ ਦੀ ਲੜਾਈ ਹੋਈ। ਬਾਬਾ ਨਾਨਕ ਸਿੰਘ, ਰਾਮ ਸਿੰਘ, ਦਯਾ ਸਿੰਘ ਆਦਿਕ ਸਰਦਾਰ ਬੜੀ ਚਤੁਰਤਾ ਅਰ ਸੂਰਮਤਾਈ ਨਾਲ ਲੜੇ ਪ੍ਰੰਤੂ ਹਾਰ ਖਾਧੀ ਦੂਜੇ ਪਾਸਿਓਂ ਲਾਹੌਰ ਦੇ ਸੂਬੇ ਨੇ ਇਨਾਂ ਨੂੰ ਘੇਰ ਕੇ ਵਿਆਕੁਲ ਕੀਤਾ। ਸਿਖ ਨਠ ਕੇ ਸ੍ਰਹਿੰਦ ਵਿਚ ਇਕਤ੍ਰ ਹੋਏ ਇਥੇ ਪੂਰੇ ਇਕ ਮਹੀਨੇ ਤਾਂਕਰ ਇਕੋ ਜਿਹੀ ਸੰਗ੍ਰਾਮ ਹੁੰਦੀ ਰਹੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅੰਤ ਨੂੰ ਸਿੰਘ ਹਾਰ ਗਏ। ਬੰਦਾ ਉਸ ਵੇਲੇ ਮੰਡੀ ਵਿਚ ਸੀ ਸੁਨ ਦੇ ਹੀ ਸਿੰਘਾਂ ਦੀ ਮਦਤ ਲਈ ਆ ਪਹੁੰਚੇ ਅਰ ਪਾਤ ਸ਼ਾਹੀ ਫੌਜ ਨੂੰ ਇਕ ਪਲ ਘੜੀ ਵਿਚ ਨਸਾ ਦਿਤਾ ਇਹ ਲੜਾਈ ਅਜੇਹੇ ਵੇਲੇ ਹੋਈ ਸੀ ਕਿ ਸਾਰੇ ਮੁਸਲ-ਮਾਨ ਸੁਤੇ ਹੋਏ ਸਨ। ਮੁਸਲਮਾਨ ਬਹੁਤ ਮਾਰੇ ਗਏ। ਕਿੰਨੇ ਤੰਬੂ ਖੇਮੇ ਆਦ ਸਾੜ ਫੂਕ ਸਿਟੇ। ਇਹ ਵਿਚਾਰੇ ਇੰਨੇ ਵਿਆਕੁਲ ਹੋਏ ਕਿ ਉਨਾਂ ਨੂੰ ਰਨਭੂਮੀ ਵਿਚੋਂ ਬਾਹਰ ਨਿਕਲਨਾ ਕਠਨ ਹੋ ਗਯਾ ਜਦੋਂ ਮੁਸਲਮਾਨ ਨਠ ਗਏ ਤਾਂ ਬੰਦੇ ਨੇ ਗੁਰਦਾਸ ਪੁਰ ਦੇ ਕਿਲੇ ਵਿਚ ਆ ਕੇ ਨਿਵਾਸ ਕੀਤਾ। ਅਰ ਸਿਖਾਂ ਦੇ ਨਵੇਂ ਨਵੇਂ ਮਸਾਲਿਆਂ ਦੀ ਭਰਤੀ ਦਾ ਹੁਕਮ ਦਿਤਾ॥

ਗੁਰਦਾਸ ਪੁਰ ਦੇ ਨਿਵਾਸ ਸਮਜ ਵਿਚ ਬੰਦੇ ਨੂੰ ਕਈ ਵਾਰੀ ਮੁਸਲਮਾਨਾਂ ਨਾਲ ਲੜਾਈ ਕਰਨੀ ਪਈ ਜਿਨਾਂ ਵਿਚ ਸਿਖਾਂ ਦੇ ਹਥੋਂ ਉਨਾਂ ਦੀ ਅਤਿ ਦੁਰਗਤੀ ਹੋਈ॥

ਜਦੋਂ ਉਤੋਂ ਥਲੀ ਇਸੇ ਪ੍ਰਕਾਰ ਸ਼ਾਹੀ ਫੌਜ ਹਾਰ ਤੇ ਹਾਰ ਖਾਨ ਲਗੀ ਤਾਂ ਫ਼ਰੁਖ਼ਸੀਅਰ ਡਰਿਆ ਕਿ ਕਿਧਰੇ ਅਜਿਹਾ ਨ ਹੋਵੇ ਕਿ ਇਹ ਸਿਖ ਦਿੱਲੀ ਤੇ ਚੜ੍ਹ ਆਉਨ। ਇਸ ਲਈ ਉਸਨੇ ਹਿੰਦੂ ਦਿਵਾਨਾਂ ਨੂੰ ਇਕਤ੍ਰ ਕਰਕੇ ਇਹ ਸਲਾਹ ਦਿਤੀ ਕਿ ਕਿਸੇ ਪ੍ਰਕਾਰ ਸਿਖਾਂ ਵਿ-

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਰੋਧਤਾ ਉਤਪੰਨ ਕਰ ਦਿਤੀ ਜਾਏ ਇਸ ਲਈ ਕਿ ਉਨਾਂ ਦੇ ਬਲ ਨੂੰ ਨਿਰਬਲ ਕਰਾ ਦਿਤਾ ਜਾਵੇ । ਲੜਕੇ ਸਿਖਾਂ ਨੂੰ ਜਿਤੱਣਾ ਕਠਨਾ ਕਾਰਨ ਸੀ ਇਸ ਲਈ ਹੁਣ ਬੁਧਿ ਯੋਗ ਸਿਮਜਾ ਦਾ ਵਰਤਾਉ ਆਵਸ਼ਕ ਸਮਝਿਆ ਗਿਆ ਅਰ ਠੀਕ ਉਸਨੇ ਚੰਗੀ ਚਾਲ ਸੋਚਕੇ ਇਹ ਤੱਤ ਕਢਿਆ ਕਿ ਦਿੱਲੀ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਦੋਵੇਂ ਸੁਪਤਨੀਆਂ ਸਾਹਿਬਦੇਵਾਂ ਅਰ ਸੁੰਦ੍ਰੀ ਜੀ ਰਹਿੰਦੀਆਂ ਸਨ । ਉਸਨੇ ਹਿੰਦੂਆਂ ਨੂੰ ਵਿਚ ਪਾ ਕੇ ਉਨਾਂ ਨੂੰ ਆਪਣੀ ਵਲ ਕਰ ਲਿਆ ਅਰ ਕਿਉਂ ਜੋ ਬੰਦਾ ਉਨਾਂ ਦਾ ਭਰੋਸੇਵਾਨ ਸੀ । ਉਨਾਂ ਤੋਂ ਪਤ੍ਰ ਲਿਖਵਾਇਆ ਕਿ ਬੰਦੇ ਨੂੰ ਹੁਣ ਪੰਜਾਬ ਵਿਚ ਲੁਟ ਮਾਰ ਨਹੀਂ ਕਰਨੀ ਚਾਹੀਏ ਕਿਉਂ ਜੋ ਪਾਤਸ਼ਾਹ ਸਿਖਾਂ ਨੂੰ ਜਾਗੀਰਾਂ ਆਦਿਕ ਦੇਨ ਲਈ ਰਾਜੀ ਹੈ ਨਾਲ ਹੀ ਕਈ ਸਿਖ ਸ੍ਰਦਾਰਾਂ ਨੂੰ ਲੋਭ ਦੇ ਕ ਆਪਣੀ ਵਲ ਕਰ ਲੈਣ ਲਈ ਕਰ ਲਿਆ ॥

ਜਦੋਂ ਇਹ ਪਤ੍ਰ ਬੰਦੇ ਨੂੰ ਮਿਲਿਆ ਤਾਂ ਉਨਾਂ ਨੇ ਉਸਦੇ ਉਤ੍ਰ ਵਿਚ ਲਿਖਿਆ ਕਿ :—

"ਮਾਤਾ ਜੀ ! ਆਪ ਸਾਨੂੰ ਮੁਸਲਮਾਨਾਂ ਦੇ ਅਧੀਨ ਕਰਾਉਣਾ ਚਾਹੁੰਦੀਆਂ ਹੋ । ਜਦੋਂ ਤੀਕਰ ਸ੍ਰੀ ਗੁਰੂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੋਬਿੰਦ ਸਿੰਘ ਜੀ ਮਹਾਰਾਜ ਦੇ ਦੋਵੇਂ ਮਸੂਮ ਸਾਹਿਬ-ਜ਼ਾਦਿਆਂ ਦੀ ਯਾਦ ਸਾਡੇ ਹਿਰਦਿਆਂ ਵਿਚ ਬਾਕੀ ਹੈ ਅਸੀਂ ਕਦੀ ਆਪਣੇ ਪ੍ਰਣ ਨੂੰ ਨਹੀਂ ਭੁਲਾ ਕਰਾਂਗੇ" ॥

ਇਸ ਉਤ੍ਰ ਤੋਂ ਪਾਤਸ਼ਾਹ ਨੂੰ ਬੜਾ ਭੈ ਉਪਜਿਆ ਉਸਨੇ ਦੋਹਾਂ ਮਾਤਾ ਨੂੰ ਮੀਰਜ਼ਾ ਅਰ ਉਨ੍ਹਾਂ ਸਿਧੀਆਂ ਸਾਧੀਆਂ ਧਰਮ ਵਾਨ ਸੁਪਤਨੀਆਂ ਨੇ ਪਾਤਸ਼ਾਹ ਦੇ ਕਹਿਣੇ ਤੇ ਸਿਖ ਸ੍ਰਦਾਰਾਂ ਨੂੰ ਪਤ੍ਰ ਵਿੱਚ ਲਿਖਵਾ ਦਿਤਾ ਕਿ:—

"ਤੁਸੀਂ ਲੋਕ ਜੇਕਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾ-ਰਾਜ ਜੀ ਦੇ ਸਿਖ ਹੋ ਤਾਂ ਬੰਦੇ ਨਾਲ ਸੰਬੰਧ ਨ ਰਖੋ ਕਿਉਂਕਿ ਉਹ ਸਿਖ ਨਹੀਂ ਹੈ, ਬੈਰਾਗੀ ਹੈ"॥

ਇਸ ਪਤ੍ਰ ਨੇ ਸੰਮਤ ੧੭੭੩ ਵਿਚ ਸਾਰੇ ਸਿਖ ਮਤ ਵਿਚ ਹਲਚਲੀ ਪਾ ਦਿਤੀ। ਅਰ ਬੰਦੇ ਦਾ ਬਲ ਉਸੇ ਦਿਨ ਤੋਂ ਨਿਰਬਲ ਹੋਣ ਲਗਾ। ਬੰਦੇ ਦੀ ਬਾਬਤ ਉਨ੍ਹਾਂ ਮਾਤਾਂ ਨੇ ਪਾਤਸ਼ਾਹ ਦੇ ਕਹਿਣੇ ਕਰਕੇ ਜੋ ਜੋ ਤੁਹ-ਮਤਾਂ ਲਾਈਆਂ ਭਾਵੇਂ ਉਹ ਠੀਕ ਰਹੇ ਹੋਣ ਪ੍ਰੰਤੂ ਫੇਰ ਭੀ ਅਜਿਹੇ ਨ ਸੀ ਕਿ ਸਿਖ ਪਾਟੋ ਧਾੜ ਹੋ ਜਾਂਦੇ ਪ੍ਰੰਤੂ ਉਨ੍ਹਾਂ ਚਿਠੀਆਂ ਨੇ ਵਿਹੁ ਦਾ ਕੰਮ ਦਿਤਾ। ਸੰਮਤ ੧੭੭੪ ਬਿ: ਵਿਚ ਸੈਂਕੜੇ ਹੀ ਸਿਖ ਵਖਰੇ ਹੋ ਗਏ ਕੇਵਲ ਥੋੜੇ ਕੁ ਸਿਖਾਂ ਨੇ ਜੋ ਬੰਦੇ ਤੇ ਨਿਸਚਾ ਰਖਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੇ, ਨਾਲ ਰਹੇ ॥

ਜਦੋਂ ਸਿਖਾਂ ਵਿਚ ਪਾਟੋ ਧਾੜ ਪੈ ਗਈ ਤਾਂ ਪਾਤਸ਼ਾਹ ਨੇ ਬੰਦੇ ਦੇ ਪਕੜਨ ਲਈ ਅਰ ਵਢਨ ਲਈ ਸ਼ਾਹੀ ਫੌਜ ਭੇਜੀ। ਪਠਾਨਕੋਟ ਵਿਚ ਉਸ ਸ਼ੇਰ ਬਹਾਦਰ ਨੇ ਮੁਸਲਮਾਨਾਂ ਦਾ ਸਾਮਨਾ ਕੀਤਾ। ਭਾਵੇਂ ਉਹ ਅਕੱਲੇ ਹੀ ਸਨ। ਪ੍ਰੰਤੂ ਅਤਿ ਕਰੜੀ ਤਰਾਂ ਹਠ ਕਰਕੇ ਲੜੇ ਅਰ ਜਦੋਂ ਰੁਸਤਮ ਖਾਂ ਫੌਜ ਦਾ ਸਰਦਾਰ ਇਨਾਂ ਦੇ ਹਥੋਂ ਮਾਰਿਆ ਗਿਆ। ਤਾਂ ਪਾਤਸ਼ਾਹੀ ਫੌਜ ਉਠ ਭੱਜੀ।

ਫ਼ਰੁਖ਼ਸੀਅਰ ਪਾਤਸ਼ਾਹ ਨੇ ਇਹ ਹਾਲ ਸੁਣਿਆ। ਉਸਦੇ ਖੋਜੀ ਰਤੀ ਰਤੀ ਦੀ ਸਿਖਾਂ ਦੀ ਖਬਰ ਪਹੁੰਚਾਂਦੇ ਰਹਿੰਦੇ ਸੀ। ਉਹਨੇ ਦੇਖਿਆ। ਸਿਖਾਂ ਦੇ ਮਾਰਨੇ ਦਾ ਹੁਨ ਵੇਲਾ ਹਥ ਆਯਾ ਹੈ ਇਕ ਪਾਸਿਓਂ ਉਸਨੇ ਬਹੁਤ ਸਾਰੇ ਸਿਖ ਸਰਦਾਰਾਂ ਨੂੰ ਮਾਫੀਆਂ ਦੇ ਦੇ ਕੇ ਰਾਜ਼ੀ ਕਰ ਲਿਆ ਦੂਜੇ ਪਾਸਿਓਂ, ਨਾਨਕ ਸਿੰਘ, ਅਮਰ ਸਿੰਘ, ਛਤੇ ਸਿੰਘ, ਨੂੰ ਫੌਜ ਵਿਚ ਨੌਕਰੀਆਂ ਦੇ ਕੇ ਸੂਬੇ ਲਾਹੌਰ ਦੇ ਅਧੀਨ ਬਨਾ ਦਿਤਾ। ਉਨਾਂ ਅਧਰਮੀਆਂ ਨੇ ਜੋ ਪਾਤਸ਼ਾਹ ਨਾਲ ਅਕਰਾਰ ਆਦਿਕ ਕੀਤੇ ਸਨ ਉਸ ਦੀਆਂ ਸ਼ਰਤਾਂ ਨੀਵੇਂ ਲਿਖੀਆਂ ਜਾਂਦੀਆਂ ਹਨ:—

(੧) ਸਿਖ ਪਾਤਸ਼ਾਹੀ ਰਾਜਧਾਨੀ ਵਿਚ ਕਦੀ ਲੁਟ ਮਾਰ ਨ ਕਰਨ ਗੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(२) ਕੋਈ ਬੰਦੇ ਬੈਰਾਗੀ ਦਾ ਸਾਥ ਨ ਦੇਗਾ।

(३) ਜੇਕਰ ਕੋਈ ਗ਼ਨੀਮ (ਲੁਟੇਰਾ ਯਾ ਸ਼ਤ੍ਰੂ) ਪੰਜਾਬ ਤੇ ਚੜ੍ਹਾਈ ਕਰੇਗਾ ਤਾਂ ਸਿਖ ਲਾਹੌਰ ਦੇ ਹਾਕਮ ਦੀ ਮਦਤ ਕਰਨ ਗੇ।

ਪਾਤਸ਼ਾਹ ਵਲੋਂ ਇਹ ਸ਼ਰਤਾਂ ਸਨ:—

(१) ਕੋਈ ਪਾਤਸ਼ਾਹ ਸਿਖਾਂ ਦੀ ਜਗੀਰ ਨ ਖੋਹ ਲਏਗਾ।

(२) ਕਿਸੇ ਹਿੰਦੂ ਨੂੰ ਧਿੱਕੋ ਜੋਰੀ ਮੁਸਲਮਾਨ ਨਹੀਂ ਬਨਾਯਾ ਜਾਇਗਾ।

(३) ਨਾ ਕੋਈ ਮੁਸਲਮਾਨ ਕਿਸੇ ਹਿੰਦੂ ਦੇ ਸਾਮਨੇ ਗਊ ਹਤਿਆ ਕਰੇਗਾ।

ਇਹ ਅਕਰਾਰ ਨਾਮਾ ਇਕ ਕਪਟੀ ਵਾੜੀ ਸੀ ਜਿਸਨੇ ਭੋਲੇ ਭਾਲੇ ਸਿਖਾਂ ਨੂੰ ਛਲੀ ਹਰਿਆਵਲ ਦਿਖਾ ਕੇ ਲੁਭਾਇਵਾਨ ਕਰ ਲਿਆ। ਪ੍ਰੰਤੂ ਇਸ ਨਾਲ ਪਾਤਸ਼ਾਹ ਦਾ ਕੰਮ ਉਸ ਵੇਲੇ ਜਰੂਰ ਬਨ ਗਿਆ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਠਵਾਂ ਅੰਕ

ਜਦੋਂ ਤੀਕਰ ਸਿਖ ਆਪੋ ਵਿਚ ਮਿਲੇ ਗਿਲੇ ਹੋਏ ਸੇ ਕਿਸੇ ਦਾ ਹੌਸਲਾ ਨਹੀਂ ਸੀ ਕਿ ਉਨਾਂ ਦੇ ਨਾਸ਼ ਕਰਨ ਲਈ ਹਥ ਚੁੱਕ ਹੁਨ ਜਦੋਂ ਕਿ ਉਹ ਫੁਟ ਮੰਦੇ ਦੇ ਕਾਰਨ ਦੋ ਟਲ ਹੋਗਏ ਆਪੋ ਵਿਚ ਵਿਰੋਧ ਅਰ ਈਰਖਾ ਰਖਨ ਲਗੇ ਤਾ ਬੰਦੇ ਨੇ ਗੁਰਦਾਸਪੁਰ ਵਿਚ ਬਾਰਾਂ ਹਜਾਰ ਆਪਨੇ ਸਿਖ ਬਨਾ ਲਏ ਪ੍ਰੰਤੂ ਇਸ ਵਿਰੋਧ ਨੇ ਉਨਾਂ ਦੀ ਹਿੰਮਤ ਦਾ ਲੱਕ ਤੋੜ ਦਿਤਾ ਫਰ ਭੀ ਉਹ ਪ੍ਰਮਾਤਮਾ ਦੀ ਮੌਜ ਤੇ ਪ੍ਰਸੰਨ ਹੋਕੇ ਉਸੇ ਪ੍ਰਕਰ ਅਗੇ ਵਾਂਗੂ ਲੁਟ ਮਾਰ ਧਾੜ ਕਰਨ ਲਗ। ਸਭ ਤੋਂ ਪਹਿਲਾਂ ਸ਼ਹਿਰ ਕਲਾਨੌਰ ਨੂੰ ਜਾ ਘਰਿਆ। ਪਰ ਨਵਾਬ ਫਤੇ ਖਾਂ ਰਈਸ ਪੰਜ ਹਜਾਰ ਰੁਪਯਾ ਅਰ ਪੰਜ ਸੁੰਦ੍ਰ ਘੋੜੇ ਲੈ ਕੇ ਭੇਟਾ ਲਈ ਲਿਆਇਆ ਅਰ ਬੰਦੇ ਜੀ ਦੀ ਅਧੀਨਤਾਈ ਮੰਨ ਲਈ।

ਬੰਦੇ ਨੇ ਫਰ ਸਿਆਲਕੋਟ, ਵਜੀਰਾਬਾਦ, ਗੁਜਰਾਂਵਾਲਾ ਆਦਿਕ ਇਲਾਕਿਆਂ ਨੂੰ ਇਕ ਦੂਜੇ ਉਪ੍ਰੰਤ ਆਪਨੇ ਵਸ ਵਿਚ ਕਰ ਲਿਆ ਅਰ ਜਿੱਥੇ ਜਿੱਥੇ ਹਿੰਦੂਆਂ ਨੇ ਮੁਸਲਮਾਨਾਂ ਦੇ ਵਿਰੁਧ ਚੁਗਲੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੀਤੀਆਂ ਓਥੋਂ ਓਥੋਂ ਉਨਾਂ ਤੋਂ ਬੁਰੀ ਤਰਾਂ ਬਦਲਾ ਲੈ ਲੈ ਅਗੇ ਨੂੰ ਵਧ ਦੁਆਬ, ਧਨੀ, ਪੋਠੋਹਾਰ ਆਦਿਕਾਂ ਵਿਚ ਲੁਟ ਮਾਰ ਕਰਦੇ ਹੋਏ ਦਰਯਾ ਅਟਕ ਤੇ ਪਹੁੰਚੇ ਇਥੇ ਹਜਾਰਾਂ ਲੋਕ ਇਨਾਂ ਦੇ ਸੇਵਕ ਹੋ ਗਏ।

ਇਸ ਯਾਤ੍ਰਾ ਵਿਚ ਬੰਦੇ ਦਾ ਕਿਸੇ ਨੇ ਸਾਮਨਾ ਨਹੀਂ ਕੀਤਾ। ਜਕਰ ਹਿੰਦੂ ਉਨਾਂ ਨੂੰ ਧੋਖੇ ਨਾਲ ਨ ਪਗੜਾ ਦੇਂਦੇ ਤਾਂ ਖਵਰੇ ਇਹ ਕਿਸੇ ਹਦ ਤੀਕਰ ਗੈਰ ਮਮੂਲੀ ਬਲ ਪ੍ਰਾਪਤ ਕਰ ਲੈਂਦੇ। ਪ੍ਰੰਤੂ ਫਰੁਖਸੀਅਰ ਆਪਨੀ ਬੁਧਿਮਾਨਤਾ ਵਰਤਨ ਤੋਂ ਗਾਫਲ ਨਹੀਂ ਸੀ। ਮੰਡੀ ਦਾ ਰਾਜਾ ਜਿਸਨੇ ਉਨਾਂ ਦੀ ਸੇਵਕੀ ਪ੍ਰਾਪਤ ਕੀਤੀ ਹੋਈ ਸੀ ਉਨਾ ਨੂੰ ਮੰਡੀ ਵਿਚ ਬੁਲਾ ਭੇਜਿਆ। ਕਹਿੰਦੇ ਹਨ ਇਥੇ ਧੋਖੇ ਨਾਲ ਉਸਨੇ ਉਨਾਂ ਦੀ "ਵਸੀ ਕਿਦਜਾ" ਦੀ ਪੁਸਤਕ ਚੁਰਾ ਲਈ॥

ਮੰਡੀ ਤੋਂ ਬੰਦਾ ਬਹਾਦਰ ਗੁਰਦਾਸ ਪੁਰ ਆਏ ਅਰ ਕੁਝਕੁ ਸਿਖਾਂ ਨੂੰ ਲੈਕੇ ਲਾਹੌਰ ਦੀ ਵਲ ਚਲ ਨਿਕਲੇ ਅਸਲਮ ਖਾਂ ਨਾਮੇ ਨਾਜ਼ਮ ਲਾਹੌਰ ਨਾਲ ਲੜਾਈ ਹੋਈ ਦੋ ਦਿਨਾਂ ਤੀਕਰ ਲੜਾਈ ਰਹੀ ਜਦੋਂ ਬੰਦੇ ਨੇ ਦੇਖਯਾ ਕਿ ਜਿਤ ਹੋਨੀ ਕਠਨ ਹੈ। ਰਨਭੂਮੀ ਛਡ ਕੇ ਗੁਰਦਾਸ ਪੁਰ ਦੇ ਕਿਲੇ ਵਿਚ ਚਲੇ ਆਏ ਅਰ ਕੁਝ ਦਿਨ ਆਰਾਮ ਕਰਕੇ ਸਿਖਾਂ ਨੂੰ ਪਤ੍ਰ ਲਿਖੇ ਕਿ:—

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਆਪ ਲੋਕ ਧੋਖਾ ਖਾ ਗਏ ਹੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਭਾਰਤ ਫਰਜ ਨੂੰ ਮਿਟੀ ਵਿਚ ਰਲਾ ਦਿਤਾ ਹੈ। ਮੈਂ ਆਪ ਤੋਂ ਵਖਰਾ ਨਹੀਂ ਹਾਂ ਹੁਨ ਭੀ ਕਿਹਾ ਮੰਨੋ ਅਰ ਸ਼ਤ੍ਰੂਆਂ ਦਾ ਸਾਥ ਛਡੋ। ਪ੍ਰੰਤੂ ਕਿਸੇ ਨੇ ਉਲਾਂਦੀ ਗਲ ਨ ਗੌਲੀ। ਅਬ ਫੇਰ ਨਸ਼ਟ ਹੋਈ ਹੋਈ ਭਾਰਤ ਨੂੰ ਪ੍ਰਾਪਤ ਕਰਨਾ ਕਠਨ ਸੀ ਕਿੰਤੂ ਅਤਿ ਬੇਵਸ ਹੋ ਗਿਆ॥

ਜਦੋਂ ਸਿਖ ਚੰਗੀ ਤਰਾਂ ਫਰੁਖ਼ਸੀਅਰ ਦੇ ਜਾਲੂ ਕਪਟ ਵਿਚ ਆ ਗਏ। ਪਾਤਸ਼ਾਹ ਦੇ ਹੁਕਮ ਨਾਲ ਸਾਰੇ ਸੂਬਿਆਂ ਦੇ ਨਾਜ਼ਮਾਂ ਨੇ ਗੁਰਦਾਸ ਪੂਰ ਦੇ ਕਿਲੇ ਨੂੰ ਘੇਰ ਲਿਆ ਦਿਲੀ ਦੀ ਪਾਤਸ਼ਾਹੀ ਫ਼ੌਜ ਉਨਾਂ ਤੋਂ ਬਿਨਾਂ ਤੀਹ ਹਜਾਰ ਦੇ ਲਗ ਭਗ ਸੀ। ਸੂਰਮਿਆਂ ਨੇ ਜਾਨਾਂ ਤੋੜ ਤੋੜ ਕੇ ਲੜਾਈ ਕੀਤੀ। ਕਹਿੰਦੇ ਹਨ ਕਿ ਚੌਹ ਮਹੀਨਿਆਂ ਤੀਕਰ ਇਕੋ ਜਿਹੀ ਤਲਵਾਰ ਚਲਦੀ ਰਹੀ ਪ੍ਰੰਤੂ ਕਿਉਂਕਿ ਮੁਸਲਮਾਨਾਂ ਨੂੰ ਜਿਤ ਹੋ ਜਾਨ ਦੀ ਆਸ਼ਾ ਸੀ ਇਸ ਕਰਕੇ ਕਿਲੇ ਦਾ ਘੇਰਾ ਨਹੀਂ ਛਡਿਆ। ਜਦੋਂ ਕਿਲੇ ਵਿਚੋਂ ਰਸਤ ਮੁੱਕ ਗਈ ਤਾਂ ਬੰਦੇ ਦੀ ਫੌਜ ਭੁਖ ਨਾਲ ਵਿਆਕੁਲ ਹੋਨ ਲਗੀ ਉਸ ਸਮਯ ਰਾਤ ਵੇਲੇ ਬਹੁਤ ਸਾਰੇ ਸਿਖ ਸਿਪਾਹੀ ਇਕ ਇਕ ਦੋ ਦੋ ਕਰਕੇ ਕਿਲੇ ਵਿਚੋਂ ਬਾਹਰ ਨਿਕਲੇ ਅਰ ਜੋ ਬਾਕੀ ਰਹਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗਏ ਸਨ ਉਨ੍ਹਾਂ ਨੂੰ ਹਾਕਮ ਲਾਹੌਰ ਨੇ ਇਹ ਕਹਾ ਭੇਜਿਆਂ ਕਿ ਜੇ ਸਿਖ ਸ਼ਾਹੀ ਝੰਡੇ ਹੇਠ ਆ ਜਾਨ ਤਾਂ ਉਨ੍ਹਾਂ ਦੀ ਜਾਨ ਬਖਸ਼ੀ ਜਾਏ ਗੀ। ਜਾਨ ਦੇ ਬਚਨ ਦੇ ਲੋਭ ਕਾਰਨ ਬਹੁਤ ਸਾਰੇ ਸਿਖ ਬਾਹਰ ਆ ਗਏ ਪ੍ਰੰਤੂ ਜਦੋਂ ਮੁਸਲਮਾਨਾਂ ਨੂੰ ਦੇਖਿਆ ਕਿ ਉਹ ਕੈਦ ਕਰਨ ਨੂੰ ਕਰਦੇ ਹਨ ਤਾਂ ਅੰਦਰ ਰੁਕ ਗਏ ਬੰਦਾ ਉਸ ਅਜੋਗ ਸਹਿਨ ਵਾਲੀ ਦਸ਼ਾ ਨੂੰ ਨਾ ਦੇਖ ਸਕਿਆ ਸਿਖਾਂ ਨੂੰ ਨਾਲ ਲੈ ਕੇ ਮੁਸਲਮਾਨਾਂ ਤੇ ਧਾਵਾ ਕਰ ਦਿਤਾ ਅਰ ਇਸ ਪ੍ਰਕਾਰ ਉਨ੍ਹਾਂ ਨੂੰ ਮਾਰਿਆ ਕਿ ਜਿਸਦਾ ਕੋਈ ਅੰਤ ਹੀ ਨਹੀਂ ਪ੍ਰੰਤੂ ਅੰਤ ਨੂ ਇਨਾਂਦੀ ਕੋਈ ਪੇਸ਼ ਨਾ ਚਲੀ। ਮੁਸਲਮਾਨ ਇਤਿਹਾਸਿਕ ਲਿਖਦੇ ਹਨ ਕਿ " ਉਹ ਕੈਦ ਹੋਕੇ ਦਿੱਲੀ ਭੇਜੇ ਗਏ ਅਰ ਪਾਤਸ਼ਾਹ ਦੇ ਹੁਕਮ ਨਾਲ ਮਸਤ ਹਾਥੀ ਦੇ ਪੈਰਾਂ ਥਲੇ ਮਿਦਾਏ ਗਏ॥

ਇਕ ਇਤਿਹਾਸਕ ਕਹਿੰਦਾ ਹੈ ਕਿ " ਲੋਹੇ ਦੇ ਪਿੰਜਰੇ ਵਿਚ ਬੰਦ ਕਰਕੇ ਦਿਲੀ ਭੇਜਿਆ ਗਿਆ ਉਥੇ ਉਨ੍ਹਾਂ ਦਾ ਮੂੰਹ ਕਾਲਾ ਕੀਤਾ ਗਿਆ ਸਾਰੇ ਸ਼ਹਿਰ ਵਿਚ ਫਿਰਾਏ ਗਏ। ਨਾਲ ਜਿਹੜੇ ਸਿਖ ਸਨ ਖਤਿਆਂ ਤੇ ਚੜ੍ਹਾਏ ਗਏ। ਕੈਦੀਆਂ ਨੂੰ ਕਾਲੀਆ ਭੇਡਾਂ ਦੀਆ ਖੱਲਾਂ ਪੁਆਈਆਂ ਗਏਆਂ। ਉਸ ਦੇ ਉਪ੍ਰੰਤ ਰੋਜ ਸੌ ਸੌ ਸਿਖ ਦਿਲੀ ਦੀ ਕੁਟਵਾਲੀ ਦੇ ਸਾਮਨੇ ਵਢੇ ਜਾਂਦੇ ਸੇ। ਪ੍ਰੰਤੂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਾਹ ਸਿਖ ਕੌਮ ਤੇਰੇ ! ਉਨਾਂ ਦੇ ਮੂੰਹ ਤੇ ਕੋਈ ਡਰ ਦਾ ਚਿੰਨ ਨਹੀਂ ਪ੍ਰਗਟ ਹੋਇਆ । ਸਭ ਨੇ ਖ਼ੁਸ਼ੀ ਖ਼ੁਸ਼ੀ ਜਾਨਾਂ ਦਿਤੀਆਂ ਅਰ ਸ਼ਹੀਦ ਹੋਏ॥

ਬੰਦੇ ਦਾ ਛੋਟਾ ਬੇਟਾ ਹੁਨ ਤੀਕਰ ਜਿਊਂਦਾ ਸੀ ਫਰੁਖ ਸੀਅਰ ਨੇ ਉਸ ਨੂੰ ਕੈਦ ਕਰ ਰਖਿਆ ਸੀ । ਨਿਰ-ਦਈ ਪਾਤਸ਼ਾਹ ਨੇ ਬੰਦੇ ਨੂੰ ਹੁਕਮ ਦਿਤਾ ਕਿ ਆਪਨੇ ਹਥੀਂ ਅਪਨੇ ਪੁਤ੍ਰ ਨੂੰ ਵਢੋ। ਪ੍ਰੰਤੂ ਜਦੋਂ ਇਨਕਾਰ ਕੀਤਾ ਗਿਆ। ਤਾਂ ਜਲਾਦ ਨੇ ਲੜਕੇ ਨੂੰ ਮਾਰ ਕੇ ਉਸਦਾ ਕਲੇਜਾ ਬੰਦੇ ਦੇ ਉਪਰ ਸੁਟ ਦਿਤਾ। ਤੱਤੇ ਤੱਤੇ ਚਿਮ-ਟਯਾਂ ਨਾਲ ਮਾਸ ਦੇ ਲੋਥੜੇ ਲਾਹ ਲਾਹ ਕੇ ਅਤਿ ਨਿਰ-ਦਯਤਾ ਨਾਲ ਮਾਰਿਆ। ਹਡੀਆਂ ਦਿਸ ਰਹੀਆਂ ਹਨ। ਦੇਖਨ ਵਾਲਿਆਂ ਦੇ ਲੂੰ ਕੰਢ ਖੜੋਂਦੇ ਹਨ। ਹੇ ਈਸ਼੍ਵਰ! ਹੇ ਪ੍ਰਮਾਤਮਾ!! ਇਹ ਨਿਰਦਯਤਾ ਇਹ ਅਨ੍ਯਾਈ!!! ਪ੍ਰੰਤੂ ਬੰਦੇ ਦਾ ਕੀ ਹਾਲ ਸੀ। ਮੂੰਹੋਂ ਸੀ ਤਕ ਨਾ ਕੀਤਾ। ਅਰ ਉਹ ਉਸ ਕਸ਼ਟ ਦੁਖ ਨੂੰ ਸਹਾਰਦੇ ਹੋਏ "ਵਾਹਿਗੁਰੂ ਜੀ ਕੀ ਫ਼ਤੇ" ਦੀ ਧੁਨਿ ਪੁਕਾਰ ਦੇ ਹੋਏ ਬੜੇ ਮਾਨ ਸਹਿਤ ਇਸ ਸੰਸਾਰ ਅਸਾਰ ਤੋਂ ਗੁਰਪੁਰੀ ਗਮਨ ਕਰ ਗਏ। ਬੰਦੇ ਨੂੰ ਅਖੀਰੀ ਦਮ ਤੀਕਰ ਇਸ ਗਲ ਦਾ ਮਾਨ ਸੀ ਕਿ ਪ੍ਰਮੇਸ਼੍ਵਰ ਨੇ ਮੈਨੂੰ ਮੁਸਲਮਾਨਾਂ ਦੇ ਅਨ੍ਯਾਇ ਅਰ ਦੁਸ਼ਟਤਾ ਦੇ ਨਾਸ਼ ਕਰਨ ਲਈ ਭੇਜਿਆ ਹੈ। ਮੈ ਕੁਛ ਕੁਛ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਸਦੀ ਪੂਰਨਤਾ ਵਿਚ ਸਤ ਕਰ ਦਿਖਾਯਾ ਹੈ ਭਾਵੇਂ ਸਿਖਾਂ ਨੇ ਕਪਟ ਅਰ ਧੋਖੇ ਵਿਚ ਆ ਕੇ ਮੇਰਾ ਸਾਥ ਛਡ ਦਿਤਾ ਪ੍ਰੰਤੂ ਕੁਝ ਪ੍ਵਾਹ ਨਹੀਂ ਹੈ। ਅਨਯਾਇ ਦੇ ਬੀਜ ਨਾਸ਼ ਦਾ ਆਰੰਭ ਹੋ ਗਿਆ ਹੈ ਅਰ ਹੁਨ ਉਸਦਾ ਬ੍ਰਿਛ ਨਹੀ ਵਧਦਾ ਫੁਲਦਾ। ਇਸ ਪ੍ਰਕਾਰ ਕਹਿੰਦੇ ਹੋਏ ਬੰਦੇ ਨੇ ਦੇਹਾਂਤ ਸਮਯ ਤੀਕਰ ਹਠ ਨੂੰ ਨਾ ਛਡਿਆ ਅਰ ਇਸੇ ਧੁਨ ਵਿਚ ਪ੍ਰਲੋਕ ਗਮਨ ਕਰ ਗਿਆ ਜੇ ਕਰ ਛਤ੍ਰੀ ਧਰਮ ਸਤ ਹੈ ਅਰ ਸਾਨੂੰ ਪੂਰਾ ਪੂਰਾ ਯਕੀਨ ਹੈ ਕਿ ਉਹ ਸਤ ਹੈ ਤਾਂ ਬੰਦਾ ਆਵਸ਼ਯ ਫੁਲੇ ਅਰ ਪ੍ਰਸੰਨਤਾ ਦਸ਼ਾ ਨੂੰ ਪ੍ਰਾਪਤ ਹੋਨ ਗੇ॥

ਕਈ ਇਕ ਮੁਸਲਮਾਨ ਕਵੀਸ਼ਰ ਇਸ ਪ੍ਰਕਾਰ ਬੰਦੇ ਦੀ ਮ੍ਰਿਤ੍ਯੂ ਬਾਬਤ ਲਿਖਦੇ ਹਨ ਕਿ:—

"ਸੈਂਕੜੇ ਆਪਤੀਆਂ ਅਰ ਕਸ਼ਟਾਂ ਦੇ ਉਪ੍ਰੰਤ ਜਿਨ੍ਹਾਂ ਦਾ ਉਸਨੇ ਅਤਿ ਹਠ ਨਾਲ ਸਾਮਨਾ ਕੀਤਾ ਅਰ ਮੱਥੇ ਤੇ ਵੱਟ ਤੀਕਰ ਨਾ ਪਾਇਆ ਅਰ ਹਾਥੀ ਦੇ ਪੈਰ ਨਾਲ ਮਿਧਾ ਕੇ ਮਰਵਾਯਾ ਗਿਆ ਅਰ ਉਸਦੀ ਦੇਹ ਇਕ ਖੱਡ ਵਿਚ ਸੁਟੀ ਗਈ"

(ਸ਼ਮਸ਼ੇਰ ਖਾਲਸਾ)

"ਅਠਵੇਂ ਦਿਨ ਬੰਦੇ ਦੀ ਵਾਰੀ ਆਈ ਅਰ ਜਦ ਉਹ ਪੇਸ਼ ਕੀਤਾ ਗਿਆ ਤਾਂ ਇਕ ਮੁਸਲਮਾਨ ਅਮੀਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਨੇ ਉਸਤੋਂ ਪੁਛਿਆ ਕਿ "ਤੁਹਾਡੇ ਜਿਹੇ ਮਹਾਤਮਾ ਬੁਧਿਮਾਨ ਅਰ ਪ੍ਰਕਾਸ਼ਵਾਨ ਪੁਰਸ਼ ਨਾਲ ਇਹ ਕਿਸ ਤਰਾਂ ਹੋਇਆ ਕਿ ਜਿਨਾਂ ਨੇ ਆਪਨੂੰ ਨਰਕ ਦਾ ਅਧਿਕਾਰੀ ਬਨਾਯਾ" ਬੰਦੇ ਨੇ ਉਤ੍ਰ ਦਿਤਾ ਕਿ "ਉਹ ਤਾਂ ਰਬ ਦੇ ਹਥਾਂ ਵਿਚ ਦੁਸ਼ਟਾਂ ਦੇ ਡੰਨ ਲਈ ਸ਼ਸਤ੍ਰ ਸੀ। ਅਰ ਹੁਨ ਕਿ ਉਹ ਆਪ ਅਪਨੇ ਅਮਲਾਂ ਦਾ ਡੰਨ ਭੁਗਤ ਰਿਹਾ ਹੈ ਜੋ ਉਸਨੇ ਰਬ ਦੇ ਸਾਮਨੇ ਵਿਚ ਕੀਤੀ ਹੈ" ਉਸਦਾ ਪੁਤ੍ਰ ਉਸਦੇ ਪਟਾਂ ਤੇ ਪਾਯਾ ਗਿਆ ਅਰ ਇਕ ਬਰਛਾ ਉਸਦੇ ਹਥਾਂ ਵਿਚ ਦਿਤਾ ਗਿਆ ਅਰ ਉਸਨੂੰ ਕਿਹਾ ਕਿ ਅਪਨੇ ਕਲੇਜੇ ਦੇ ਟੁਕੜੇ ਨੂੰ ਅਪਨੇ ਹਥੀਂ ਵਢ। ਉਸਨੇ ਆਪਨੇ ਬੇਟੇ ਨੂੰ ਵਢਿਆ ਨਹੀਂ ਅਰ ਧੀਰਜ ਅਰ ਸ਼ਾਂਤੀ ਸਹਿਤ ਸੈਨਤ ਨਾਲ ਨਾਹ ਕਰਦਾ ਰਿਹਾ ਉਪ੍ਰੰਤ ਉਸਦੇ ਤੱਤੀਆਂ ਸੀਖਾਂ ਮਾਰ ਚਿਮਟਿਆਂ ਨਾਲ ਉਸਦੇ ਲੋਥੜੇ ਲਾਹੇ ਗਏ ਅਰ ਇਨਾਂ ਕਸ਼ਟ ਦ੍ਵਾਰਾ ਹੀ ਉਸਦੇ ਪ੍ਰਾਨ ਨਿਕਲ ਗਏ ਅਰ ਮੁਸਲ-ਮਾਨ ਕਹਿੰਦੇ ਹਨ ਕਿ ਉਸਦਾ ਕਾਲਾ ਆਤਮਾ ਨਰਕ ਵਿਚ ਚਲਾ ਗਿਆ" (ਕੈਨਿੰਗਹਮ)

"ਜਦੋਂ ਸਾਰੇ ਵਢੇ ਗਏ ਤਾਂ ਬੰਦੇ ਦੀ ਵਾਰੀ ਆਈ ਉਸਨੂੰ ਲੋਹੇ ਦੇ ਪਿੰਜਰੇ ਵਿਚੋਂ ਕਢਿਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗਿਆ ਉਸਨੂੰ ਕਾਲੀ ਪੁਸ਼ਾਕ ਪੁਆਈ ਗਈ ਅਰ ਲਾਲ ਪਗ ਬੰਨਵਾਈ ਗਈ ਉਸਦੇ ਆਲੇ ਦੁਆਲੇ ਨੇਜ਼ਿਆਂ ਦੀਆਂ ਪਲਾਂਘਾਂ ਲਾਈਆਂ ਗਈਆਂ ਜਿਨਾਂ ਤੇ ਉਸਦੇ ਸੰਗੀਆਂ ਸਾਥੀਆਂ ਦੇ ਸੀਸ ਲਗੇ ਹੋਏ ਸਨ। ਬੰਦੇ ਦੀ ਇਕ ਮਨੋਹਰ ਬਲੀ ਸੀ ਉਸਨੂੰ ਭੀ ਫਾਂਸੀ ਦੇ ਕੇ ਪ੍ਰਲੋਕ ਗਮਨ ਕੀਤਾ ਗਿਆ। ਅਰ ਉਸ ਨੂੰ ਇਕ ਸੂਲੀ ਤੇ ਲਟਕਾਇਆ ਗਿਆ ਕਿ ਬੰਦਾ ਜਾਨ ਬੂਝ ਲਵੇ ਕਿ ਉਸਦਾ ਕੁਝ ਬਾਕੀ ਨਹੀਂ ਰਿਹਾ ਹੈ। ਫਰ ਬੰਦੇ ਦੇ ਇਕ ਅੰਞਾਨੇ ਬਾਲ ਨੂੰ ਉਸ ਦੀ ਗੋਦੀ ਵਿਚ ਲਿਟਾਯਾ ਗਿਆ ਅਰ ਇਕ ਕਟਾਰ ਉਸਦੇ ਹਥ ਵਿਚ ਦਿਤੀ ਗਈ ਇਸ ਲਈ ਕਿ ਉਸਨੂੰ ਆਪਨੇ ਹਥੀਂ ਵਢੇ। ਅਨਫੰਟਨ ਸਾਹਿਬ ਦਾ ਕਥਨ ਹੈ ਕਿ "ਉਸਨੇ ਅਜੇਹੇ ਕਰਨ ਵਿਚ ਨਾਂਹ ਕੀਤੀ ਤਾਂ ਜਲਾਦ ਨੇ ਤੁਰਤ ਉਸਨੂੰ ਉਸਦੀਆਂ ਅਖਾਂ ਦੇ ਸਾਮਨੇ ਵਢ ਦਿਤਾ ਅਰ ਉਸਦਾ ਕਲੇਜਾ ਕਢ ਕੇ ਬੰਦੇ ਦੀ ਛਾਤੀ ਤੇ ਮਾਰਿਆ ਕਿਉਂਕਿ ਉਹ ਉਸੇ ਦੇ ਕਲੇਜੇ ਦਾ ਟੁਕੜਾ ਸੀ। ਜਦੋਂ ਇਹ ਸਭ ਕੁਝ ਹੋਚੁਕਾ ਤਾਂ ਲੋਹੇ ਦੀਆਂ ਸੀਖਾਂ ਅਰ ਚਿਮਟੇ ਤਾਏ ਗਏ ਅਰ ਉਨਾਂ ਤੋਂ ਬੰਦੇ ਦੀਆਂ ਬੋਟੀਆਂ ਖਿਚਵਾਈਆਂ ਗਈਆਂ। ਬੰਦੇ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਿੰਮਤ ਨੂੰ ਵੇਖੋ ਕਿ ਉਸਨੇ ਸੀ ਤੀਕਰ ਨਾ ਕੀਤੀ ਅਰ ਸਾਰੇ ਕਸ਼ਟ ਅਰ ਆਪਤੀਆਂ ਅਤਿ ਹਠ ਅਰ ਬੜੇ ਹੌਂਸਲੇ ਨਾਲ ਆਪਣੇ ਉਪਰ ਝੱਲੇ। ਮੁਹੰਮਦ ਅਮੀਨ ਖ਼ਾਂ ਨੇ ਜਦ ਉਸਦੇ ਹੌਸਲੇ ਅਰ ਹਠ ਦਾ ਇਹ ਹਾਲ ਦੇਖਿਆ ਤਾਂ ਉਸਤੋਂ ਇਹ ਪੁਛਿਆ ਕਿ "ਤੂੰ ਕਿਉਂ ਬੁਰੇ ਕੰਮ ਕੀਤੇ ਸਨ, ਜਿਨਾਂ ਦੇ ਬਦਲੇ ਇਸ ਬੁਰੀ ਦਸ਼ਾ ਨੂੰ ਪਹੁੰਚਿਓਂ"। ਬੰਦੇ ਨੇ ਉਤ੍ਰ ਦਿਤਾ ਕਿ "ਸਾਡੇ ਪੰਥਾਂ ਵਾਲੇ ਇਸ ਗਲ ਨੂੰ ਮੰਨਦੇ ਹਨ ਕਿ ਜਦੋਂ ਪ੍ਰਮਾਤਮਕ ਸ੍ਰਿਸ਼ਟੀ ਵਿਚ ਅਹੰਤਾ ਅਰ ਹੰਕਾਰ ਅਰ ਅਗਿਆਨ ਹਦੋਂ ਬਾਹਰਾ ਵਧ ਜਾਂਦਾ ਹੈ ਤਾਂ ਉਨਾਂ ਦੇ ਡੰਨ ਲਈ ਮੇਰੇ ਜਿਹਾ ਨਿਰਦਈ ਉਤਪਤ ਕਰਦਾ ਹੈ ਅਰ ਫੇਰ ਉਸ ਨਿਰਦਈ ਦਾ ਡੰਨ ਤੇਰੇ ਜਿਹੇ ਬਲਵਾਨ ਸੂਰਮੇ ਸਹਿੰਦੇ ਹਨ। ਬੰਦਾ ਅਰ ਉਸਦੇ ਸੰਗੀਆਂ ਦਾ ਡੰਨ ਪਸ਼ੂਪਨੇ ਅਰ ਬੜੀ ਨਿਰਦਇਤਾ ਦਾ ਮਲੂਮ ਹੁੰਦਾ ਹੈ"।

(ਤਵਾਰੀਖ ਪੰਜਾਬ)

"ਬੰਦੇ ਦੇ ਨਾਲ ੭੪੦ ਨਵੀਨ ਜੁਆਨ ਸਨ ਸਾਰਿਆਂ ਦੇ ਸਾਰਿਆਂ ਨੂੰ ਕਾਜ਼ੀ ਨੇ ਵਢਨ ਲਈ ਸ਼ਹਿਰ ਦਾ ਹੁਕਮ ਸੁਨਾਇਆ। ਵਢਨ ਦਾ ਨਾਉਂ ਸੁਨਕੇ ਸਿਖ ਪ੍ਰਸੰਨ ਹੋ ਜਾਂਦੇ ਸਨ ਫਿਰ ਮੌਲਵੀ ਲਿਖਦਾ ਹੈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

“ਕਿ ਤਲਵਾਰ ਨਾਲ ਵਢੇ ਜਾਨੇ ਤੇ ਉਹ ਸ੍ਵਰਗ ਦੀ ਪੌੜੀ ਸਮਝਦੇ ਸਨ ਕਹਿੰਦੇ ਹਨ ਕਿ ਇਕ ਬੁਢੀ ਮਾਈ ਦਾ ਪੁੱਤ੍ਰ ਜੋ ਬੰਦੇ ਦਾ ਸਿਖ ਸੀ । ਪਕੜਿਆ ਹੋਇਆ ਆਇਆ । ਮਾਂ ਭੀ ਰੋਂਦੀ ਕੁਰਲਾਂਦੀ ਨਾਲ ਆਈ ਅਰ ਪਾਤਸ਼ਾਹ ਨੂੰ ਕਹਿਣ ਲਗੀ ਕਿ “ਮੇਰਾ ਲੜਕਾ ਬੇਔਗਨ ਹੈ ਇਸਨੂੰ ਬਖਸ਼ ਦਿਓ ਕਿਉਂ ਜੋ ਉਹ ਸਿਖ ਨਹੀਂ ਹੈ” । ਜਦੋਂ ਮੁੰਡੇ ਤੋਂ ਪੁਛਿਆ ਗਿਆ ਉਹ ਕਹਿਨ ਲਗਾ ਕਿ “ਮੈਂ ਗੁਰੂ ਦਾ ਸੱਚਾ ਸਿਖ ਹਾਂ”। ਪਾਤਸ਼ਾਹ ਨੇ ਕਿਹਾ “ਕਿ ਬੁਢੀਏ! ਹੁਨ ਦਸ ਕੀ ਕਹਿੰਦੀ ਹੈਂ ?” “ਉਹ ਵਿਚਾਰੀ ਰੋ ਪਈ” ਪਾਤਸ਼ਾਹ ਨੂੰ ਮੁੰਡਾ ਬੋਲਿਆ “ਮੇਰੇ ਲਈ ਕਿਉਂ ਚਿਰ ਕਰਦੇ ਹੋ ਮੈਂ ਭੀ ਗੁਰੂ ਜੀ ਦੇ ਚਰਨਾਂ ਵਿਚ ਜਾਨ ਲਈ ਉਡੀਕ ਵਿਚ ਹਾਂ”

ਮੂਲ ਗਲ ਕੀ ਕਿ ਇਹ ਸਿਖ ਉਸ ਨਿਰਭਨਤਾ ਅਰ ਹਠ ਨਾਲ ਸ਼ਹੀਦ ਹੋਏ ਕਿ ਜਿਸਦਾ ਦ੍ਰਿਸ਼ਟਾਂਤ ਸੰਸਾਰ ਵਿਚ ਕਿਧਰੇ ਨਹੀ ਮਿਲੇ ਗਾ । ਅਨਫੈਟਨ ਸਾਹਿਬ ਤਵਾਰੀਖ ਹਿੰਦ ਦਾ ਕਰਤਾ ਇਸ ਪ੍ਰਕਾਰ ਉਨਾਂ ਦੀ ਸੂਰ-ਮਤਾਈ ਦਾ ਬ੍ਰਿਤਾਂਤ ਲਿਖਦਾ ਹੈ ਕਿ“ ਬੰਦਾ ਬੜੇ ਬੜੇ ਸ੍ਰਦਾਰਾਂ ਸਮੇਤ ਉਨਾਂ ਦੇ ਹਥੋਂ ਪਕੜਿਆ ਗਿਆ । ਕਈ ਤਾਂ ਉਨਾਂ ਦੇ ਬਹੁਤ ਸਾਰੇ ਕੈਦੀ ਯੁਧ ਸਥਾਨ ਤੇ ਵਢੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗਏ। ਅਰ ਚੋਣਵੇਂ ਨਾਮੀ ਆਦਮੀ ੧੪੦ ਬੰਦੇ ਸਮੇਤ ਦਿਲੀ ਨੂੰ ਭੇਜੇ ਗਏ। ਉਪ੍ਰੰਤ ਉਸਦੇ ਦਿਲੀ ਦੇ ਗਲੀ ਕੂਚਿਆਂ ਵਿਚ ਊਠਾਂ ਤੇ ਚੜ੍ਹਾ ਕੇ ਫਿਰਾਏ ਗਏ। ਅਰ ਘ੍ਰਿਣਤਾ ਅਰ ਨੀਚਤਾਈ ਦੀ ਦ੍ਰਿਸ਼ਟੀ ਕਾਰਨ ਕੁਤਿਆਂ ਦੀ ਸੰਪਤਿ ਹੋਣ ਦ੍ਵਾਰਾ ਕਾਲੀਆਂ ਭੇਡਾਂ ਦੀਆਂ ਖਲਾਂ ਇਸ ਪ੍ਰਕਾਰ ਪੁਆਈਆਂ ਗਈਆਂ ! ਕਿ ਉਨ੍ਹਾਂ ਦੇ ਕੇਸ਼ ਉਪਰ ਦੀ ਵਲ ਨੂੰ ਰਹੇ ਅਰ ਲੋਕਾਂ ਦੇ ਦੁਰਬਚਨ ਸੁਣਾਏ ਗਏ ਜਿਨ੍ਹਾਂ ਦੇ ਸੁਨਣੇ ਦੇ ਓਹ ਬਿਨਾਂ ਸੰਦੇਹ ਸੁਣ-ਈਏ ਸਨ ਪ੍ਰੰਤੂ ਜੋ ਬਦਲੇ ਉਨ੍ਹਾਂ ਦੇ ਲਈ ਸੋਚੇ ਗਏ ਉਹ ਉਨ੍ਹਾਂ ਦੇ ਔਗਨਾਂ ਦੀ ਗਿਣਤੀ ਤੋਂ ਅਧਿਕ ਵਧੀਕ ਸਨ। ਜੇ ਕਰ ਔਗਨ ਭੀ ਬਹੁਤ ਭਾਰੇ ਸਨ। ਇਸ ਲਈ ਸਤਾਂ ਦਿਨਾਂ ਤੀਕਰ ਥੋੜੇ ਥੋੜ ਕਰਕੇ ਵਢੇ ਗਏ ਪ੍ਰੰਤੂ ਉਹ ਅਤਿ ਹਠੀਏ ਰਹੇ ਅਰ ਜਦੋਂ ਕਿ ਜਾਨ ਬਖ਼ਸ਼ੀ ਦੇ ਬਦਲੇ ਵਿਚ ਧਰਮ ਤਿਆਗਨ ਅਰ ਪੰਥ ਜਤਨ ਲਈ ਕਿਹਾ ਗਿਆ ਤਾਂ ਉਹ ਬੜੀ ਸੂਰਮਤਾਈ ਅਰ ਦਲੇਰੀ ਨਾਲ ਆਪਨੇ ਸਚੇ ਧਰਮ ਤੋਂ ਕੁਰਬਾਨ ਹੋ ਗਏ। ਬੰਦੇ ਨੂੰ ਅਧਿਕ ਕਸ਼ਟ ਦੇਣ ਲਈ ਬਾਕੀ ਰਖਿਆ।

ਇਹ ਸਿਖ ਅਤਿ ਸੂਰਮੇ, ਦਲੇਰ ਅਰ ਬਹਾਦਰ ਸਨ, ਬਾਬੇ ਬੰਦੇ ਨੇ ਹੁਨਰ ਦੇ ਕੁਰਬਾਨੀ ਯੋਗ ਸੂਰਮੇ ਅਰ ਦਲੇਰ ਆਦਮੀ ਪ੍ਰਗਟ ਕੀਤੇ ਸੇ। ਭਾਵੇਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੰਦਾ ਜੀ ਛੁਟ ਮੇਵੇ ਦੇ ਸ਼ਿਕਾਰ ਹੋਵੇ ਪਰੰਤੂ ਉਨਾਂ ਦਾ ਆਤਮਾ ਭਵਿਖਯਤ ਸਮਯ ਦੇ ਸਿਖਾਂ ਵਿਚ ਨਿਜਤ ਰਹਿ ਕੇ ਕੰਮ ਕਰਦਾ ਰਿਹਾ ਬੰਦੇ ਦੀ ਸੂਰਮਤਾਈ ਅਰ ਬਹਾਦਰੀ ਅਤਿ ਮਨੋਹਰ ਅਰ ਅਦਭੁਤ ਸੀ। ਪ੍ਰੰਤੂ ਅੰਤ ਨੂੰ"

ਅਰਜਨ ਭੀਮ ਅਰ ਕਰਨ ਸਭ ਬਲੀ
ਸੂਰਮੇ ਆਮ॥ ਕੇਵਲ ਉਨਕਾ ਜਗਤ
ਮੈਂ ਬਾਕੀ ਰਹਿ ਗਿਆ ਨਾਮ॥

ਃ ਃ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਾਈ ਤਾਰਾ ਸਿੰਘ ਜੀ

ਪਹਿਲਾ ਅੰਕ

ਬੰਦੇ ਬਹਾਦਰ ਦੀ ਅੱਖ ਅਜੇ ਕਠਨਤਾ ਸਹਿਤ ਬੰਦ ਹੀ ਹੋਈ ਸੀ ਕਿ ਸਿਖਾਂ ਦੇ ਸੰਤਾਉਨੇ ਅਰ ਦੁਖ ਦੇਨੇ ਦੀ ਕਲਾ ਬੜੇ ਜੋਰ ਨਾਲ ਚਲਨ ਲਗੀ। ਓਧਰ ਬੰਦੇ ਨੇ ਆਪਨੀ ਅਖ ਮੀਟੀ ਏਧਰ ਸਿਖਾਂ ਦੀ ਨੀਂਦਰ ਖੁਲੀ ਅਰ "ਪਾਇ ਕੁਹਾੜਾ ਮਾਰਿਆ ਗਾਫਲ ਆਪਨੇ ਹਥ" ਵਾਲੀ ਗਲ ਹੋ ਗਈ ਪਰ ਹੁਨ ਪਛਤਾਇਆਂ ਕੀ ਹੋ ਸਕਦਾ ਸੀ। ਛਲ ਦੇ ਕਪਟ ਦਾ ਪਰਦਾ ਚੁਕਿਆ ਗਿਆ। ਅਰ ਹੁਨ ਇਨਾਂ ਨੂੰ ਮਲੂਮ ਹੋਯਾ ਕਿ ਕਿਉਂ ਸਿਖਾਂ ਵਿਚ ਪਾਟੋ ਧਾੜ ਕਰਾਈ ਗਈ ਸੀ। ਭਾਵੇਂ ਕਹਿਨ ਨੂੰ ਤਾਂ ਲੋਕ ਕਹਿਨ ਗੇ ਕਿ ਬੰਦਾ ਯਾਰ੍ਹਵਾਂ ਗੁਰੂ ਬਨਿਆ ਚਾਹੁੰਦਾ ਸੀ ਇਸ ਕਾਰਨ ਉਹ ਤਿਆਗਨੇ ਯਗ ਸੀ ਪ੍ਰੰਤੂ ਜੋ ਅਸਲੀ ਤਤ੍ਵ ਨੂੰ ਜਾਨਦੇ ਹਨ ਉਨਾਂ ਤੋਂ ਇਹ ਗਲ ਗੁੱਝੀ ਨਹੀਂ ਹੈ ਕਿ ਬੰਦੇ ਨੇ ਸਿਖਾਂ ਦੇ ਵਖੋ ਵਖ ਹੋ ਜਾਨ ਤੇ ਤੰਗ ਆਕੇ ਅਪਨਾ ਵਖਰਾ ਪੰਥ ਚਲਾ-

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਆ ਸੀ ਹਾਂ ! ਏਨੀ ਅਵਸ਼ਜ ਉਸਨੇ ਭੁਲ ਕੀਤੀ ਕਿ-ਅੰਮ੍ਰਿਤਸਰ ਦੇ ਮੰਦਰ ਵਿਚ ਜਾ ਕੇ ਤਖ਼ਤ ਤੇ ਬੈਠਾ । ਪ੍ਰੰਤੂ ਕੇੜ੍ਹਾ ਪੁਰਸ਼ ਹੈ ਕਿ ਜਿਸਤੋਂ ਭੁਲ ਨਹੀਂ ਹੋ ਜਾਂਦੀ ਯਥਾ "ਭੁਲਨ ਅੰਦਰ ਸਭਕੋ ਅਭੁਲ ਗੁਰੂ ਕਰਤਾਰ"

ਹੁਨ ਸਿਖ ਥਾਂ ਥਾਂ ਚੁਨ ਚੁਨ ਕੇ ਮਾਰੇ ਜਾਣ ਲਗੇ ਉਨਾਂ ਤੇ ਜੋ ਆਪਤੀਆ ਆਈਆਂ ਉਨਾਂ ਦਾ ਦਸਨਾ ਅਤਿ ਕਠਨ ਹੈ ॥

ਬੰਦੇ ਸੂਰਮੇ ਨੂੰ ਅਬਦੁਲ ਸਮੰਦ ਖ਼ਾਂ ਤੂਰਾਨੀ ਨੇ ਪਕੜਿਆ ਸੀ ਇਸ ਲਈ ਫ਼ਰੁਖ਼ਸੀਅਰ ਨੇ ਉਸਨੂੰ ਲਾਹੌਰ ਦਾ ਨਾਜ਼ਮ ਨਿਅਤ ਕੀਤਾ ਸਾ। ਜਦੋਂ ਫ਼ਰੁਖ਼ਸੀ-ਅਰ ਮਰਗਿਆ ਤਾਂ ਅਬਦੁਲ ਸਮਦ ਨੇ ਤੱਤ ਖ਼ਾਲਸਾ ਦੇ ਨਾਲ ਸ਼ਤ੍ਰੁਤਾਈ ਦੇ ਨਵੀਨ ਢੰਗ ਕਢਨੇ ਚਾਹੇ । ਅਕਰਾਰ ਨਾਮੇ ਅਨੁਸਾਰ ਜੋ ਜਾਗੀਰਾਂ ਸਿਖਾਂ ਨੂੰ ਦਿਤੀਆਂ ਗਈਆਂ ਸਨ ਖੁਹ ਲੀਤੀਆਂ । ਭੋਲੇ ਭਾਲੇ ਸਿੰਘ ਕੁਝ ਤਾਂ ਨਸ ਕੇ ਰਾਜਪੂਤਾਨੇ ਵਿਚ ਚਲੇ ਆਏ ਅਰ ਉਥੋਂ ਦੇ ਰਾਜਿਆਂ ਦੀ ਨੌਕਰੀ ਕਰ ਲਈ, ਕੁਝ ਗਰ ਦੁਵਾਰਿਆਂ ਵਿਚ ਆ ਕੇ ਰਹਿਨ ਲਗੇ । ਜਿਨਾਂ ਨੂੰ ਲਾਹੌਰ ਦੇ ਨਾਜ਼ਮ ਪਾਸੋ ਰੁਪਯਾ ਰੋਜ ਗੁਜਾਰੇ ਲਈ ਮਿਲਦਾ ਸੀ ਉਨਾਂ ਨੂੰ ਕੇਵਲ ਹੁਨ ਉਸਦਾ ਅਧਾ ਮਿਲਨ ਲਗਾ । ਬਹੁਤ ਸਾਰੇ ਸਿਖਾਂ ਨੇ ਨੌਕਰੀ ਛਡ ਦਿਤੀ ਜੋ ਵਿਚਾਰੇ ਗਰੀਬ ਸਨ ਕਸ਼ਟ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਹਾਰਨ ਲਗੇ ਪਰੰਤੂ ਸੌ ਵਿਚੋਂ ਨੜਿਨਵੇ ਸਿਖ ਬੇ ਕਾਰ ਹੋਕੇ ਅਵਾਰਾ (ਵੇਹਲ) ਫਿਰਨ ਲਗੇ॥

ਬੰਦੇ ਦਾ ਉਨਾਂ ਲਈ ਮਰਨਾ ਵਿਖ ਸਿਧ ਹੋਯਾ ਜਦੋਂ ਸਿਖਾਂ ਵਿਚ ਨਿਰਬਲਤਾਈ ਸਿਧ ਹੋਣ ਲਗੀ ਤਾਂ ਲਾਹੌਰ ਦੇ ਨਾਜ਼ਮ ਨੇ ਉਨਾਂ ਨੂੰ ਕਸ਼ਟ ਅਰ ਦੁਖ ਦੇਨੇ ਆਰੰਭ ਕੀਤੇ ਸੰਮਤ ੧੭੭੯ ਬਿ: ਤੋਂ ਉਨਾਂ ਤੇ ਦੂਨੇ ਮਾਮਲੇ ਲਾਏ ਗਏ ਅਰ ਆਮ ਤੌਰ ਤੇ ਇਹ ਵਿਦਿਤ ਕਰ ਦਿਤਾ ਕਿ ਜਿਨਾਂ ਦਾ ਮਾਲ ਅਸਬਾਬ ਕਿਸੇ ਵੇਲੇ ਸਿਖਾਂ ਨੇ ਲੁਟਿਆ ਹੋਵੇ ਤਾਂ ਉਹ ਅਰਜੀਆ ਲਿਖ੨ ਕੇ ਸਾਡੇ ਪਾਸ ਭੇਜ ਦੇਨ। ਉਸ ਹੁਕਮ ਦਾ ਫਲ ਇਹ ਹੋਇਆ ਕਿ ਜਿਨਾਂ ਨੇ ਅਪਨੀਆਂ ਅਖਾਂ ਨਾਲ ਕਦੀ ਲੁਟ ਮਾਰ ਦੇ ਦ੍ਰਿਸ਼ਜ ਭੀ ਨਹੀਂ ਦੇਖੇ ਸੁਨੇ ਸਨ। ਉਨਾਂ ਨੇ ਭੀ ਪਤ੍ਰ ਲਿਖ ਭੇਜੇ। ਕਈ ਇਕ ਕੌਮੀ ਸ਼ਤ੍ਰੂ, ਕੌਮ ਵੈਰੂ ਅਰ ਦੁਸ਼ਟ ਹਿੰਦੂਆਂ ਨੇ ਭੀ ਅਜੇਹੀਆ ਅਰਜੀਆਂ ਦਿਤੀਆਂ। ਪੰਜਾਬ ਵਿਚ ਕੋਈ ਭੀ ਸਿਖ ਬਾਕੀ ਨਹੀਂ ਰਿਹਾ ਜਿਸਦੇ ਵਿਰੁਧ ਚਾਰ ਪੰਜ ਅਰਜੀਆਂ ਨਾ ਆਈਆਂ ਹੋਨ। ਕਿਸੇ ਤੇ ਖੂਨ ਦੀ ਚਰਗਲੀ ਕਿਸੇ ਤੇ ਲੁਟ ਮਾਰ ਦਾ ਮੁਕਦੱਮਾ ਬਨਾਇਆ ਗਿਆ। ਬਹੁਤ ਸਾਰੇ ਸਿਖ ਅਤਿ ਵਿਸ-ਮਾਦਿਕ ਹੋਏ ਅਰ ਤੰਗ ਆਕੇ ਪੰਜਾਬ ਤਿਆਗ ਗਏ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਤੇ ਰਾਜਪੂਤਾਨੇ ਦੀ ਨਿਵਾਸ ਕਰ ਲਈ ਜਦੋਂ ਇਹ ਦਸ਼ਾ ਦੇਖੀ ਗਈ । ਗੁਰਦੁਵਾਰਿਆਂ ਨੂੰ ਢਾਹਿਆ ਗਿਆ ਮੰਦਰ ਫੇਰੀ ਖੇਹ ਕਰ ਦਿਤੇ ਗਏ ਅਰ ਫੇਰ ਹਿੰਦੂਆਂ ਨੂੰ ਧਿੰਙੋ ਜੋਰੀ ਮੁਸਲਮਾਨ ਬਨਾਨ ਦੇ ਜਤਨ ਦਾ ਪ੍ਰਾਰੰਭ ਕੀਤਾ ਗਿਆ ।

ਵਿਚਾਰੇ ਸਿਖਾਂ ਨੇ ਸਰਬ ਕਸ਼ਟ ਸਹਾਰੇ ਪ੍ਰੰਤੂ ਜਦੋਂ ਸੁਨਿਆ ਕਿ ਗੁਰਦੁਵਾਰੇ ਢਾਹੇ ਗਏ ਉਨਾਂ ਦਾ ਲਹੂ ਉਛਲਿਆ ਅਰ ਰਾਜਪੂਤਾਨੇ ਦੇ ਸਾਰੇ ਸਿਖਾਂ ਨੇ ਮਿਲ ਕਰਕੇ ਸੰਮਤ ੧੭੭੯ ਬਿ: ਵਿਚ ਪੰਜਾਬ ਤੇ ਧਾਵਾ ਕਰ ਦਿਤਾ ਅਰ ਦੁਸ਼ਟਾਂ ਤੋਂ ਅਪਨੇ ਬਦਲੇ ਲੈਨ ਲਗੇ ਜਿਨਾਂ ਝੂਠੀਆਂ ਅਰਜ਼ੀਆਂ ਦਿਤੀਆਂ ਸਨ ਉਨਾਂ ਦਾ ਨਾਸ਼ ਕਰ ਦਿਤਾ । ਕੈਦਖਾਨਿਆਂ ਦੇ ਬੂਹੇ ਖੋਲ ਦਿਤੇ ਗਏ ਅਰ ਫੇਰ ਪਹਿਲੀਤਰਾਂ ਲੁਟ ਮਾਰ ਕਰਨੀ ਆਰੰਭ ਕਰ ਦਿਤੀ ਜਿਨਾਂ ਮੌਲਵੀਆਂ ਨੇ ਹਿੰਦੂਆਂ ਨੂੰ ਜੋਰੋ ਜੋਰੀ ਮੁਸਲਮਾਨ ਬਨਾਉਨ ਦਾ ਸ਼ਰਾ ਦਾ ਹੁਕਮ ਦਿਤਾ ਸੀ ਉਨਾਂ ਨੂੰ ਜੀਊਂਦੇ ਜੀ ਅਗ ਵਿਚ ਸਾੜ ਦਿਤਾ ਗਿਆ । ਖੁਸ ਗਈਆਂ ਹੋਈਆਂ ਜਾਗੀਰਾਂ ਤੇ ਆਪਨੀ ਮਾਲਕੀ ਕਰ ਲਈ ਅਤੇ ਹੁਨ ਕਿਉਂ ਕਿ ਉਨਾਂ ਦਾ ਕੋਈ ਸਰਦਾਰ ਨਹੀਂ ਰਿਹਾ ਸੀ ਲੁਟਮਾਰ ਕਰਨੇ ਹੀ ਤੇ ਬਸ ਸਮਝੀ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿਥੇ ਵੇਲਾ ਦੇਖਿਆ ਜਾਕੇ ਲੁਟ ਮਾਰ ਕੀਤੀ ਅਰ ਪਤੱਰਾ ਹੋਏ। ਲਾਜ਼ਮ ਬੜਾ ਹਰਾਨ ਹੋਇਆ ਪ੍ਰੰਤੂ ਇਸ ਧੁਖਦੀ ਹੋਈ ਅੱਗ ਨੂੰ ਨਾ ਬੁਝਾ ਸਕਿਆ। ਅੰਤ ਉਸਨੇ ਭੀ ਸੋਚ ਵਿਚਾਰ ਤੋਂ ਕੰਮ ਲੈਣਾ ਚਾਹਿਆ।

ਸੰਮਤ ੧੭੭੯ ਬਿ: ਵਿਚ ਅੰਮ੍ਰਿਤਸਰ ਦੇ ਦਿਵਾਲੀ ਦੇ ਮੇਲੇ ਦਾ ਲਗਣਾ ਮੁਸਲਮਾਨਾਂ ਨੇ ਬੰਦ ਕਰਾ ਦਿਤਾ ਸੀ ਉਸਨੂੰ ਸਿਖਾਂ ਨੇ ਫੇਰ ੧੭੯੨ ਬਿ: ਵਿਚ ਫੇਰ ਲਾਉਣਾ ਆਰੰਭ ਕੀਤਾ। ਉਸ ਵੇਲੇ ਸਿਖਾਂ ਦੇ ਦੋ ਭਾਗ ਸਨ। ਇਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਤਤ ਖ਼ਾਲਸਾ ਅਰ ਦੂਜਾ ਬੰਦੇ ਦਾ ਬੰਦਈ ਖਾਲਸਾ। ਕਿਉਂ ਕਿ ਬਹੁਤ ਚਿਰ ਪਿਛੋਂ ਮੇਲਾ ਲਗਾ ਸੀ ਲਖਾਂ ਰੁਪਯਾਂ ਦਾ ਚੜ੍ਹਾਵਾ ਚੜ੍ਹ ਗਿਆ ਉਸ ਦੇ ਹਿਸੇਦਾਰ ਦੋਵੇਂ ਖਾਲਸਾ ਹੋਏ। ਆਪੋ ਵਿਚ ਫੁਟ ਗਏ ਅਰ ਤਲਵਾਰਾਂ ਚਮਕ ਪਈਆਂ ਅਰ ਖੂਨ ਖਰਾਬੇ ਭੀ ਹੋਏ ਜਦੋਂ ਇਹ ਸਾਰੇ ਲੜ ਰਹੇ ਸਨ ਤਾਂ ਇਕ ਬ੍ਰਿਧ ਸਿੰਘ ਭਾਈ ਮਨੀ ਸਿੰਘ ਜੀ ਵਿਚ ਆਕੇ ਕਹਿਨ ਲਗੇ ਕਿ "ਗੁਰੂ ਦੇ ਪਿਆਰਿਓ! ਬੰਦੇ ਜੀ ਦੀ ਮ੍ਰਿਤੂ ਨੇ ਸਾਨੂੰ ਅਤਿ ਨਿਰਬਲ ਕਰ ਦਿਤਾ ਹੈ ਅਸੀਂ ਕਾਸੇ ਜੋਗੇ ਨਹੀਂ ਰਹੇ। ਤੁਸੀਂ ਜਾਣਦੇ ਹੋ ਕਿ ਸਾਡੇ ਵਿਚ ਸ਼ਤਰੂਆਂ ਨੇ ਕਿਹੇ ਕਪਟ ਅਰ ਧੀਮੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਨੇ ਨਾਲ ਫੁਟ ਪੁਆਈ ਸੀ ਹੁਣ ਭੀ ਉਹ ਦਸ਼ਾ ਨਜ਼ਰ ਆ ਰਹੀ ਹੈ ਕੀ ਤੁਸੀਂ ਆਪੇ ਵਿਚ ਹੀ ਲੜ ਭਿੜ ਕੇ ਜਾਨਾਂ ਦੇ ਦਿਓ ਗੇ ? ਜੇਕਰ ਇਸ ਵੇਲੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਯਾ ਬੰਦਾ ਬਹਾਦਰ ਏਥੇ ਹੁੰਦੇ ਤਾਂ ਉਹ ਕੀ ਕਹਿੰਦੇ ? ਭਰਾਵੋ ਆਪਨੇ ਧਰਮ ਨੂੰ ਨਾ ਭੁਲੋ"।

ਭਾਈ ਮਨੀ ਸਿੰਘ ਦੀ ਇਹ ਗਲ ਸੁਨਕੇ ਸਿਖਾਂ ਨੇ ਤਲਵਾਰਾਂ ਨੂੰ ਮਿਆਨ ਵਿਚ ਕਰ ਲਿਆ ਦੋਵੇਂ ਪਾਸਿਓਂ ਕਹਿਨ ਲਗੇ ਕਿ "ਭਾਈ ਜੀ! ਜਿਹਾ ਆਪ ਹੁਕਮ ਕਰੋ ਅਸੀਂ ਉਹੋ ਹੀ ਪ੍ਰਵਾਨ ਕਰਾਂਗੇ ਅਤੇ ਮੰਨਾਂ ਗੇ ।

ਮਨੀ ਸਿੰਘ ਜੀ ਬੋਲੇ "ਇਸ ਵੇਲੇ ਬਿਨ ਵਾਹਿਗੁਰੂ ਦੇ ਸਾਡਾ ਹੋਰ ਹੋਰ ਕੋਈ ਮਾਲਕ ਨਹੀਂ ਹੈ ਇਸ ਲਈ ਸਚੇ ਅਕਾਲ ਪੁਰਖ ਦੀ ਇਛਾ ਅਨੁਸਾਰ ਪ੍ਰਸੰਨ ਹੋਨਾ ਚਾਹੀਏ ਦੋ ਕਾਗਤਾਂ ਦੇ ਟੁਕੜਿਆਂ ਤੇ ਇਕ ਤੇ "ਸ੍ਰੀ ਵਾਹਿਗੁਰੂ ਜੀ ਕੀ ਫ਼ਤੇ ਹੈ" ਅਰ ਦੂਜੇ ਤੇ "ਬੰਦੇ ਜੀ ਦੀ ਦਰਸ਼ਨੀ ਫ਼ਤੇ" ਲਿਖਕੇ ਹਰਿਕੀ ਪੌੜੀ ਤੇ ਅੰਮ੍ਰਿਤ ਵਿਚ ਤਰਾ ਦਿਤੇ ਇਸਤੋਂ ਇਹ ਸਿਧ ਹੋ ਜਾਇਗਾ ਕਿ ਜੇਕਰ ਦੋਵੇਂ ਪੁਰਜੇ ਫਿਰ ਭੀਕਰ ਤਰਦੇ ਰਹਿਣ ਤਾਂ ਦੋਵੇਂ ਇਕੋ ਜਿਨੇ ਹਿਸੇ ਵੰਡ ਕੇ ਮਾਲਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਨਨ ਅਰ ਦੋਹਾਂ ਵਿਚੋਂ ਇਕ ਜੋੜਾ ਡੁਬ ਗਿਆ ਤਾਂ ਉਸਦਾ ਕੋਈ ਅਧਿਕਾਰ ਨਹੀਂ ਰਹੇ ਗਾ" ਦੋਵੇਂ ਪਾਸਿਆਂ ਦੇ ਸਜਨ ਇਸ ਗਲ ਤੇ ਰਾਜ਼ੀ ਹੋ ਗਏ ਅਰ ਜਦੋਂ ਕਾਗਜਾਂ ਦੇ ਦੋਵੇਂ ਟੁਕੜੇ ਜਲ ਵਿਚ ਪ੍ਰਵਾਹ ਦਿਤੇ ਗਏ ਕਰਤਾਰ ਦੀ ਮਰਜੀ ਦੇਖੋ! ਵਾਹਿਗੁਰੂ ਦੇ ਨਾਉਂ ਦਾ ਕਾਗਜ ਤਾਂ ਤਰਦਾ ਰਿਹਾ ਅਰ ਬੰਦੇ ਦੇ ਨਾਉਂ ਦਾ ਟੁਕੜਾ ਪਵਨ ਦੇ ਬੁੱਲੇ ਵਾਂਙੂ ਡੁਬ ਗਿਆ ਅਰ ਇਸ ਨਿਆਇ ਤੋਂ ਸਦਾ ਦੇ ਲਈ ਸਿਖਾਂ ਦਾ ਸਦੀਵੀ ਅਧਿਕਾਰ ਦਰਬਾਰ ਸਾਹਿਬ ਦੀ ਅਰਦਾਸ ਅਰ ਚੜ੍ਹਾਵੇ ਵਿਚ ਕੈਮ ਹੋਗਿਆ।

ਬੰਦਈ ਸਿਖਾਂ ਨੂੰ ਬੜੀ ਹੈਰਾਨਗੀ ਹੋਈ ਅਰ ਉਨਾਂਵਿਚੋਂ ਕੁਝ ਕੁਝ ਸਾਰੇ ਹੀ ਲੋਕ ਤੱਤ ਖ਼ਾਲਸਾ ਨਾਲ ਆ ਮਿਲੇ ਅਰ ਵਿਰੋਧ ਦੀ ਅੱਗ ਜਿਸਦੇ ਭੜਕ ਪੈਣ ਦਾ ਖਿਆਲ ਸੀ ਇਸ ਪ੍ਰਕਾਰ ਬੁਝ ਗਈ॥

ਨਾਜ਼ਮ ਦੀ ਸੋਚ ਵਿਚਾਰ ਨਾ ਕੰਮ ਆਈ ਹੁਣ ਸਿਖਾਂ ਵਿਚ ਇਕ ਪ੍ਰਕਾਰ ਦਾ ਮੇਲ ਮਿਲਾਪ ਉਪਜਨ ਲਗਾ। ਅਰ ਫੇਰ ਉਹ ਲੁਟ ਮਾਰ ਕਰਕੇ ਭੜੂਆਂ ਤੋਂ ਬਦਲੇ ਲੈਣ ਲਗੇ।

+++

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੂਜਾ ਅੰਕ

ਬਹਾਦਰ ਸ਼ਾਹ ਦੇ ਉਪ੍ਰੰਤ ਮਹੰਮਦ ਸ਼ਾਹ ਦਿਲੀ ਦਾ ਰਾਜ ਕਰਨ ਲਗਾ ਜਦ ਉਸਨੇ ਪੰਜਾਬ ਦੀ ਲੁਟ ਮਾਰ ਦਾ ਹਾਲ ਸੁਨਿਆ ਤਾਂ ਅਤਿ ਕ੍ਰੂਧ-ਵਾਨ ਹੋਕੇ ਲਾਹੌਰ ਦੇ ਨਾਜ਼ਮ ਨੂੰ ਮੁਲਤਾਨ ਬਦਲ ਦਿਤਾ ਅਰ ਮਹੰਮਦ ਜ਼ਕਰੀਆ ਖਾਨ ਨੂੰ ਲਾਹੌਰ ਦਾ ਨਾਜ਼ਮ ਬਨਾਯਾ। ਉਸ ਦੁਸ਼ਟ ਨੇ ਆਉਂਦਿਆਂ ਹੀ ਦਿਵਾਨ ਲਖਪਤ ਰਾਇ ਨੂੰ ਬੁਲਾ ਕੇ ਸਿਖਾਂ ਦੇ ਨਾਸ਼ ਕਰਨ ਲਈ ਇਕ ਫ਼ੌਜ ਨਿਅਤ ਕੀਤੀ ਜੋ ਸਦਾ ਉਨਾਂ ਦੇ ਖੋਜ ਵਿਚ ਹੀ ਰਹਿੰਦੀ ਸੀ ਅਰ ਜਿਥੇ ਵੇਲਾ ਦੇਖਦੀ ਡੰਨ ਦੇਂਦੀ ਸੀ॥

ਉਸ ਘਾਤ੍ਰੀ ਫੌਜ ਦਾ ਫਲ ਇਹ ਹੋਇਆ ਕਿ ਸਿਖਾਂ ਨੂੰ ਇਕ ਥਾਂ ਟਿਕਾਨਾ ਕਰਨ ਦੀ ਵਿਚਾਰ ਨ ਲਭੀ ਨਾਜ਼ਮ ਨੇ ਹੁਕਮ ਦੇ ਦਿਤਾ ਕਿ ਹਰ ਇਕ ਪਿੰਡ ਦਾ ਚੋਧਰੀ ਕਿਸੇ ਭੀ ਸਿਖ ਨੂੰ ਆਪਨੇ ਪਿੰਡ ਵਿਚ ਨਾ ਰਹਿਨ ਦੇਵੇ ਅਰ ਜੇਕਰ ਉਹ ਕੋਈ ਇਸ ਹੁਕਮ ਦੇ ਵਿਰੁਧ ਕਰੇ ਗਾ ਤਾਂ ਉਸਨੂੰ ਕਠਨ ਅਰ ਕਰੜਾ ਡੰਨ ਦਿਤਾ ਜਾਇ ਗਾ। ਇਸਦੇ ਬਿਨਾ, ਹਾਕਮ ਦੇ ਫੌਜੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਵਿਸ਼ੇਸ਼ ਤਾਈ ਨਾਲ ਪਿੰਡ ਪਿੰਡ ਵਿਚ ਫਿਰਨ
ਲਗੇ ਕਿ ਉਨਾਂ ਦੇ ਭੈ ਕਰਕੇ ਸਿਖਾਂ ਨੂੰ ਰਹਿਨਾ ਕਠਨ
ਹੋਗਿਆ ਸਿਖ ਦੇਖਦੇ ਦੇਖਦੇ, ਪਿੰਡਾਂ, ਗ੍ਰਾਵਾਂ ਅਰ
ਸ਼ਹਿਰਾਂ ਤੋਂ ਗੁਪਤ ਹੋ ਗਏ ਜੋ ਵਿਚਾਰੇ ਡਰਾਕਲ ਸਨ
ਆਪਨੇ ਪੰਥ ਅਰ ਧਰਮ ਨੂੰ ਤਿਆਗ ਬੈਠੇ ਅਰ ਜੋ ਦ੍ਰਿੜ੍ਹ
ਅਰ ਹਠੀਏ ਸਨ ਬਨਾਂ ਨੂੰ ਭੱਜ ਗਏ ਅਰ ਜੋ ਉਨਾਂ ਦੋਹਾਂ
ਗੱਲਾਂ ਵਿੱਚੋਂ ਕੁਝ ਭੀ ਨ ਕਰ ਸਕੇ ਉਹ ਨਾਜ਼ਮ ਦੇ ਹੱਥ
ਮਾਰੇ ਗਏ। ਕਿਧਰੇ ਕਿਧਰੇ ਕਿਸੇ ਕਿਸੇ ਪਿੰਡ ਵਿਚ ਦੋ
ਚਾਰ ਮਸੂਮ ਸਿਖ ਰਹਿੰਦੇ ਸਨ ਪਰ ਇਹ ਭੀ ਆਪਨੇ
ਆਪਨੂੰ ਬਚਿਆਂ ਹੋਇਆਂ ਨਹੀਂ ਸਮਝਦੇ ਸਨ॥

ਰੌਂਢ ਵਾਲੀ ਫ਼ੌਜ ਦੀ ਨਿਰਦਤਤਾਈ ਨੇ ਸਿਖਾਂ ਨੂੰ
ਅਧਿਕ ਭੈਵਾਨ ਕਰ ਦਿਤਾ। ਉਨਾਂ ਦੀ ਲੁਟ ਮਾਰ
ਕਰਨੀ ਵਿਸ਼ੇਸ਼ ਹੋ ਗਈ। ਪ੍ਰੰਤੂ ਫ਼ੌਜ ਦੇ ਹਰ ਵੇਲੇ ਪਿੱਛੇ
ਲਗੇ ਰਹਿਨੇ ਤੇ ਜਦੋਂ ਲੁਟਨ ਦਾ ਵੇਲਾ ਘਟ ਮਿਲਨ
ਲਗਾ ਤਾਂ ਇਹ ਬਹੁਤ ਪਹਾੜਾਂ ਤੇ ਵਿਕਾਲਾ ਕਰਨ ਲਗੇ
ਅਰ ਆਪਨਾ ਗੁਜ਼ਾਰਾ ਘਾਸ ਪਾਤ ਆਦਿ ਪਹਾੜੀ ਫਲਾਂ
ਆਦਿਕਾਂ ਤੇ ਕਰਨਾ ਨਿਸਚਤ ਕੀਤਾ ਇਹ ਲੁਟ ਮਾਰ
ਕਰਨ ਵਾਲੇ ਸਿੰਘਾਂ ਦਾ ਟੋਲਾ ਪੰਥ ਕਹਾਉਂਦਾ ਸੀ। ਅਰ
ਪੰਥ ਨੂੰ ਗੁਰੂਆਂ ਸਮਾਨ ਸਮਝਕੇ ਸਿਖਯਾ ਤਾਂ ਆਪਨਾ
ਦਸਵੰਧ ਗੁਪਤ ਤੌਰ ਤੇ ਉਸਨੂੰ ਭੇਜ ਦਿਤਾ ਕਰਦੇ ਸੇ ਯਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿਧਰੇ ਕਿਧਰੇ ਕੇਵਲ ਦੋ ਚਾਰ ਜਗਾਂ ਅਜੇਹੇ ਸਦਾ ਵਰਤ ਚਲਾ ਰਖੇ ਸਨ ਜਿਥੋਂ ਲੋੜ ਦੇ ਵੇਲੇ ਉਨਾਂ ਨੂੰ ਦਸਤ ਮਿਲ ਜਾਇਆ ਕਰਦੀ ਸੀ ॥

ਅਜੇਹੇ ਨਾਮ ਕਾਰਨ ਸਦਾ ਵਰਤਾਂ ਵਿਚੋਂ ਇਕ ਭਾਈ ਤਾਰਾ ਸਿੰਘ ਜੀ ਦਾ ਭੀ ਲੰਗਰ ਸੀ। ਜੋ ਉਨਾਂ ਦੇ ਜੀਵਨ ਦੀ ਸਮਾਪਤੀ ਦਾ ਸਨੇਹਾ ਲੈ ਆਇਆ ਸੀ ॥

ਮੁਸਲਮਾਨਾਂ ਨੂੰ ਤਾਰਾ ਸਿੰਘ ਜੀ ਦੇ ਲੰਗਰ ਤੋਂ ਜਿਸ ਖ਼ਾਸ ਗਲ ਦੇ ਕਾਰ ਸ਼ਤ੍ਰੁਤਾਈ ਉਪਜੀ। ਉਸਦੀ ਵਿਥਜਾ ਇਸ ਪ੍ਰਕਾਰ ਦਸੀ ਜਾਂਦੀ ਹੈ ਕਿ—

"ਨੁਸ਼ਹਿਰਾ ਨਾਮੇ ਇਕ ਪਿੰਡ ਜੋ ਲਾਹੌਰ ਦੇ ਜ਼ਿਲੇ ਵਿਚ ਹੈ। ਕਈ ਸਿਖ ਇਥੇ ਪੈਲੀ ਵਾਹੀ ਕੀਤਾ ਕਰਦੇ ਸ ਇਹ ਵਿਚਾਰੇ ਬਿਲਕੁਲ ਅਮਨਯੋਗਵਾਨ ਸਨ। ਪ੍ਰੰਤੂ ਸਾਹਿਬ ਰਾਇ ਨਾਮੇ ਹਿੰਦੂ ਚੌਧਰੀ ਉਨਾਂ ਨੂੰ ਜਾਨ ਬੁਝ ਕੇ ਦੁਖ ਦੇਂਦਾ ਤੇ ਸਤਾਉਂਦਾ ਰਿਹਾ ਅਰ ਉਨਾਂ ਦੀਆਂ ਪੈਲੀ-ਆਂ ਵਿਚ ਆਪਨੇ ਘੋੜੇ ਚਰਨ ਲਈ ਛਡ ਦੇਂਦਾ ਹੁੰਦਾ ਸੀ ਜਦੋਂ ਕੋਈ ਸਿਖ ਉਸਨੂੰ ਜਾ ਕੇ ਕਹਿੰਦਾ ਸੁਨਦਾ ਤਾਂ ਉਹ ਉਨਾਂ ਨੂੰ ਗਾਲਾਂ ਕਢਦਾ। ਜਦੋਂ ਕਈ ਵਾਰੀ ਇਸ ਪ੍ਰਕਾਰ ਹੋਇਆ। ਇਕ ਦਿਨ ਉਹ ਉਨਾਂ ਸਿਖਾਂ ਨੂੰ ਕਹਿਨ ਲਗਾ। ਕਿ ਤੁਸੀਂ ਪੈਲੀਆਂ ਦੇ ਚਰਨੇ ਦੀ ਕੀ ਜ਼ੇਪੀ ਕਰਦੇ ਹੋ ਜਦ ਤਕ ਮੈਂ ਮੁਸਲਮਾਨਾਂ ਦੇ ਹਥੋਂ ਤੁਹਾ-

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਛੇ ਸਿਰ ਨਾ ਮੁਨਵਾ ਦਿਆਂ ਗਾ ਅਰ ਤੁਹਾਡੇ ਸਿਰ ਦੇ ਵਾਲਾਂ ਤੋਂ ਘੋੜੇ ਬੰਨਨ ਦੇ ਰਸੇ ਨ ਬਨਾ ਲਵਾਂ ਗਾ ਤਦੋਂ ਤੀਕਰ ਮੈਂ ਚੈਨ ਨਹੀਂ ਕਰਾਂ ਗਾ । ਵੇਲਾ ਨੇੜੇ ਆ ਪੁਜਾ ਹੈ ਕਿ ਜਦੋਂ ਤੁਹਾਡੇ ਹਥਾਂ ਪੈਰਾਂ ਵਿਚ ਬੇੜੀਆਂ ਹੋਨ ਗੀਆਂ ਅਰ ਤੁਸੀ ਲਾਹੌਰ ਦੇ ਕਿਲੇ ਵਿਚ ਕੈਦ ਕੀਤੇ ਜਾਓ ਗੇ ਅਰ ਤੁਹਾਡੇ ਸਿਰ ਮੁਨਾਇਆਂ ਨਾਲ ਟੰਗੇ ਜਾਨ ਗੇ ਮੈਂ ਜਾਨਦਾ ਹਾਂ ਤੁਸੀਂ ਸਭ ਦੇ ਸਭ ਲੁਟੇਰੇ ਅਰ ਡਾਕੇ ਮਾਰਦੇ ਹੋ ਸਦਾ ਲੁਟ ਮਾਰ ਕਰਦੇ ਹੋ ਪੈਲੀ ਤਾਂ ਕੇਵਲ ਦਿਖਾਵਾ ਹੈ । ਸਿਖਾਂ ਨੇ ਦੋ ਕਰ ਜੋੜ ਕਿਹਾ "ਚੌਧਰੀ ਜੀ ! ਅਜੇਹੀ ਗਲ ਨਹੀਂ ਕਰਨੀ ਚਾਹੀਏ ਇਸ ਤੇ ਸਾਡੀ ਹੇਠੀ ਹੁੰਦੀ ਹੈ" ਪਰ ਉਹ ਕਦੋਂ ਮੰਨਨ ਲਗਾ ਸੀ ਰਾਤ ਦੇ ਵੇਲੇ, ਫਰ ਉਸਦੇ ਘੋੜੇ ਪੈਲੀਆਂ ਵਿਚ ਚਰਨ ਲਈ ਛਡੇ ਗਏ । ਨੁਸ਼ਹਿਰੇ ਦੇ ਸਿਖਾਂ ਨੇ ਆਪੋ ਵਿਚ ਮਤਾ ਪਕਾ ਕੇ ਦੂਜੇ ਦਿਨ ਬਘੇਲ ਸਿੰਘ ਅਰ ਅਮਰ ਸਿੰਘ ਨੂੰ ਸਦ ਭੇਜਿਆ ਅਰ ਇਹ ਇਹ ਧਿੰਙੋ ਜੋਰੀ ਚੌਧਰੀ ਦੇ ਘੋੜੇ ਫੜ ਕੇ ਲੈ ਗਏ ਅਰ ਆਲਾ ਸਿੰਘ ਦੀ ਰਾਹੀਂ ਫੇਰ ਕੇ ਮੋਖ ਤਾਰਾ ਸਿੰਘ ਦੇ ਲੰਗਰ ਵਿਚ ਭੇਜ ਦਿਤਾ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੀਜਾ ਅੰਕ

ਜ਼ਿਲੇ ਅੰਮ੍ਰਿਤਸਰ ਦੇ ਪਰਗਨੇ ਪੱਟੀ ਦੇ ਨੇੜੇ ਭਾਈ ਤਾਰਾ ਸਿੰਘ ਜੀ ਦੀ ਇਕ ਗੜ੍ਹੀ ਸੀ ਇਹ ਅਤਿ ਮਹਾਤਮਾਂ, ਸਚਪੂਰਖ, ਧਰਮਵਾਨ ਅਰ ਭਜਨੀਕ ਪਰਸ਼ ਸਨ। ਅਨਾਥਾਂ ਦੇ ਸਹਾਇਕ, ਗਰੀਬਾਂ ਦੇ ਸਾਥੀ। ਜੋ ਕੋਈ ਦੁਖੀਆ ਆਪਤਿ ਦਾ ਮਾਰਿਆ ਇਨਾਂ ਦੇ ਕੋਲ ਆਇਆ ਇਹ ਤਨੋਂ ਮਨੋਂ ਉਸਦੀ ਸਹਾਇਤਾ ਕੀਤਾ ਕਰਦੇ ਸੇ। ਰੋਜ ਆਪਨੇ ਲੰਗਰ ਤੋਂ ਜਲ ਅੰਨ ਆਦਕ ਦੁਆ ਦਿਤਾ ਕਰਦੇ ਸੇ ਰੋਜ ਆਪਨੇ ਸਦਾ ਵਰਤ ਤੋਂ ਭੋਜਨ ਖੁਆਂਦੇ ਸੇ ਇਹ ਪੁਰਸ਼ ਅਸਲ ਵਿਚ ਬੜਾ ਹੀ ਧਰਮਾਤਮਾ ਸੀ ਪ੍ਰੰਤੂ ਸੰਸਾਰ ਵਿਚ ਕੇੜਾ ਧਰਮਾਤਮਾ ਜਿਸ ਨੂੰ ਆਪਤਿ ਅਰ ਕਸ਼ਟ ਦਾ ਸ਼ਿਕਾਰ ਨਹੀਂ ਹੋਣਾ ਪਿਆ ॥

ਇਕ ਦਿਨ ਇਹ ਆਪਨੇ ਘਰ ਬੈਠੇ ਧਰਮ ਚਰਚਾ ਕਰ ਰਹੇ ਸਨ ਕਿ ਚੌਧਰੀ ਸਾਹਿਬ ਰਾਇ ਪੱਟੀ ਦੇ ਠਾਣੇਦਾਰ ਨੂੰ ਨਾਲ ਲੈਕੇ ਉਨਾਂ ਦੇ ਘਰ ਆਂ ਪਹੁੰਚਿਆ ਅਰ ਕਹਿਣ ਲਗਾ ਕਿ "ਆਪ ਦੇ ਪਾਸ ਸਾਡੇ ਘੋੜੇ ਪਕੜੇ ਹੋਏ ਆਏ ਹਨ। ਭਾਈ ਤਾਰਾ ਸਿੰਘ ਜੀ ਨੇ ਕਿਹਾ ਇਥੇ ਕੋਈ ਘੋੜਾ ਨਹੀਂ ਆਇਆ। ਚੌਧਰੀ ਨੇ ਕਿਹਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿ" ਆਪਨੇ ਤਬੇਲੇ ਦੀ ਤਲਾਸ਼ੀ ਦਿਓ। ਤਲਾਸ਼ੀ ਦਾ ਸ਼ਬਦ ਕੰਨਾ ਨੂੰ ਬੁਰਾ ਮਲੂਮ ਹੋਇਆ। ਤਾਰਾ ਸਿੰਘ ਜੀ ਨੇ ਉੱਤ੍ਰ ਦਿਤਾ ਕਿ" ਤਲਾਸ਼ੀ ਚੋਰਾਂ ਦੀ ਲਈ ਜਾਂਦੀ ਹੈ ਸਾਡੇ ਸੰਤਾਂ ਦੀ ਤਲਾਸ਼ੀ ਲੈਨ ਵਾਲਾ ਕੇੜ੍ਹਾ ਹੈ॥

ਇਸ ਉੱਤ੍ਰ ਸੁਨਨੇ ਤੇ ਚੌਧਰੀ ਦੀਆਂ ਅਖਾਂ ਕ੍ਰੋਧ ਨਾਲ ਲਹੂ ਲੁਹਾਨ ਹੋ ਗਈਆਂ। ਉਸਨੇ ਆਪਨੇ ਆਦ-ਮੀਆਂ ਨੂੰ ਸੈਨਤ ਮਾਰੀ ਇਹ ਤਾਂ ਘਰੋਂ ਲੜਨ ਦੀ ਖਾਤਰ ਹੀ ਆਏ ਸਨ ਸਿਖਾਂ ਦੇ ਟੋਲੇ ਨੂੰ ਉਥੇ ਨਾ ਹੋਨਾ ਜਾਨਕੇ ਉਨਾਂ ਨੇ ਚਾਹਿਆ ਕਿ ਤਾਰਾ ਸਿੰਘ ਨੂੰ ਕਾਬੂ ਕਰ ਲੈਨ। ਪਰ ਇਹ ਆਪਨੀ ਥਾਂ ਤੋਂ ਉਛਲੇ ਅਰ ਉਸੇ ਵੇਲੇ ਉਨਾਂ ਦੇ ਨੌਕਰਾਂ ਅਰ ਚੌਧਰੀ ਦੇ ਆਦਮੀਆਂ ਵਿਚ ਤਲਵਾਰ ਚਲਨ ਲਗੀ। ਠਾਨੇ ਦਾਰ ਨੇ ਭੀ ਬਹੁਤ ਕੁਛ ਰਾਜ ਦਾ ਭੈ ਜਤਾਇਆ ਪ੍ਰੰਤੂ ਇਸ ਸਿਧੇ ਸਾਦੇ ਪੁਰਸ਼ ਨੇ ਰਤੀ ਭੀ ਪ੍ਰਵਾਹ ਨ ਕੀਤੀ ਅਰ ਉਹ ਉਨਾਂ ਦੇ ਪੁਰਸ਼ਾਂ ਦੇ ਹਥੋਂ ਮਾਰਿਆ ਗਿਆ ਅਰ ਚੌਧਰੀ ਜਿਊਂਦਾ ਪਕੜ੍ਹਿ-ਆ ਗਿਆ॥

ਉਸ ਸਮਯ ਦੇ ਸਿਖ ਸਦਾ ਆਪਨੀ ਜਾਨ ਤੋਂ ਬੇਆਸ ਰਿਹਾ ਕਰਦੇ ਸੇ। ਸਿਖਾਂ ਨੇ ਸਾਹਬਰਾਇ ਨੂੰ ਪਕੜ ਕੇ ਉਸਦੇ ਸਿਰ ਤੇ ਐਨੀਆਂ ਜੁੱਤੀਆਂ ਮਾਰੀਆਂ ਕਿ ਸਿਰ ਪੋਲਾ ਕਰ ਦਿਤਾ। ਅਰ ਇਕ ਵਾਲ ਭੀ ਸਿਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੋ ਨ ਛਡਿਆ ਸਿਖਾਂ ਨੇ ਉਸਨੂੰ ਕਿਹਾ " ਇਹ ਤੇਰੇ ਦੂਰ-ਬਚਨ ਅਰ ਗਾਲਾਂ ਦਾ ਡੰਨ ਹੈ ਤੂੰ ਕਿਹਾ ਕਰਦਾ ਸੀ ਕਿ ਸਿਖਾਂ ਦੇ ਸਿਰ ਦੇ ਵਾਲ ਖੁਹਾਏ ਜਾਨ ਗੇ ਦੇਖ ਤੇਰੀ ਕੀ ਦੁਰਗਤੀ ਹੋ ਰਹੀ ਹੈ ॥

ਜਦੋਂ ਸਾਹਿਬ ਰਾਇ ਦੀ ਚੰਗੀ ਤਰਾਂ ਧੂੜ ਝੜ ਚੁਕੀ ਤਾਂ ਤਾਰਾ ਸਿੰਘ ਨੇ ਉਸਨੂੰ ਛਡ ਦਿਤਾ ਇਹ ਰੋਂਦਾ ਪਿਟਦਾ ਹੋਯਾ ਪੱਟੀ ਦੇ ਹਾਕਮ ਦੇ ਪਾਸ ਗਿਆ ਅਰ ਆਪਨੀ ਹੀਨਤਾ ਦੀ ਕਹਾਨੀ ਕਹਿ ਸੁਨਾਈ। ਪੱਟੀ ਦਾ ਹਾਕਮ ਉਸ ਵੇਲੇ ਜ਼ਫ਼ਰਬੇਗ ਸੀ ਇਹ ਸੰਨ ੧੭੯੨ ਬਿਃ ਫਗਨ ਦੇ ਮਹੀਨੇ ਵਿਚ ਪੰਜ ਸੌ ਅਸ੍ਵਾਰ ਲੈ ਕੇ ਉਨਾਂ ਦੀ ਗੜ੍ਹੀ ਤੇ ਚੜ੍ਹ ਦੌੜਿਆ। ਅਦਭੁਤ ਦੇਵ ਨੇਤ ਉਸੇ ਵੇਲੇ ਇਕ ਸੌ ਤੋਂ ਅਧਿਕ ਸਿਖ ਅਕਠੇ ਹੋ ਗਏ ਸਨ ਇਹ ਮੁਸਲਮਾਨਾਂ ਦੇ ਨਾਲ ਲੜ ਪਏ। ਦੋਹੀਂ ਪਾਸਿਓਂ ਤਲਵਾਰਾਂ ਚਲਨ ਲਗੀਆਂ ਮੁਸਲਮਾਨ ਪੰਜ ਸੌ ਸੀ ਸਿਖ ਮਸਾਂ ਸੌ ਕੁ ਸੀ ਇਕ ਇਕ ਲਈ ਦੋ ਬਹੁਤ ਹੁੰਦੇ ਹਨ ਪਰੰਤੂ ਇਥੇ ਤਾਂ ਇਕ ਇਕ ਲਈ ਪੰਜ ਪੰਜ ਸਨ। ਪਰਅਖੀਂ ਦੇ ਪਲਕਾਰੇ ਵਿਚ ਪੰਜ ਸੌ ਆਦਮੀ ਧਰਤੀ ਤੇ ਲਹੂ ਲੁਹਾਨ ਹੁੰਦੇ ਹੋਏ ਦਿਸਨ ਲਗੇ। ਫ਼ੌਜਦਾਰ ਦਾ ਛੋਟਾ ਭਰਾ ਮਾਰਿਆ ਗਿਆ ਅਰ ਹਾਕਮ ਆਪ ਨਸ-ਕੇ ਅਡੀ ਨਾਮੇ ਪਿੰਡ ਵਿਚ ਆ ਸਾਹ ਲਿਆ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਹ ਸਿਖ ਹਨੇਰ ਦੇ ਲੜਾਕੇ ਸੀ । ਮੰਡੀ ਦੇ ਹਾਕਮ ਨੇ ਆਪਨੀ ਸਿਰ ਬੀਤੀ ਕਹਾਨੀ ਖਾਨ ਬਹਾਦਰ ਨਾਮੇ ਲਾਹੌਰ ਦੇ ਨਾਜ਼ਮ ਨੂੰ ਲਿਖ ਭੇਜੀ ਉਸਨੇ ਇਕੋ ਵਾਰ ਚਾਰ ਹਜਾਰ ਆਦਮੀ ਫੌਜ ਦਾ ਤਾਰਾ ਸਿੰਘ ਦੇ ਪਕੜਨ ਲਈ ਭੇਜਿਆ ।

ਜਦੋਂ ਤੀਕਰ ਇਹ ਫ਼ੌਜ ਉਨਾਂ ਦੇ ਪਿੰਡ ਵਿਚ ਪਹੁੰਚੀ ਇਥੇ ਭੀ ਕੁਝ ਸਿਖ ਕੱਠੇ ਹੋ ਗਏ ਸਨ । ਤਾਰਾ ਸਿੰਘ ਨੇ ਉਨਾ ਨੂੰ ਸਾਮਨੇ ਹੋਕੇ ਕਿਹਾ ਕਿ "ਭਰਾਵੋ ਸਾਡਾ ਧਰਮ ਹੀ ਇਹੋ ਹੈ ਕਿ ਧਰਮ ਪਿਛੇ ਕੁਰਬਾਨ ਹੋਈਏ ਆਪ ਲੋਕ ਮੇਰੀ ਸਹਾਇਤਾ ਲਈ ਇਥੇ ਇਕਤ੍ਰ ਹੋਏ ਹੋ ਇਹ ਆਪ ਦੀ ਕ੍ਰਿਪਾ ਅਰ ਆਪਦਾ ਪਰਮ ਧਰਮ ਹੈ । ਪ੍ਰੰਤੂ ਜੇਕਰ ਕਿਸੇ ਪੁਰਸ਼ ਨੂੰ ਰਤੀ ਭੀ ਹੀਲਾ ਹੁਜੱਤ ਹੋਵੇ ਤਾਂ ਉਹ ਅਜੇ ਹੁਨੇ ਹੀ ਖ਼ੁਸ਼ੀ ਨਾਲ ਮੁੜਕੇ ਪਿਛਾਂ ਜਾ ਸਕਦਾ ਹੈ ਇਸ ਲਈ ਕਿ ਲੜਾਈ ਦੇ ਵੇਲੇ ਕਿਸੇ ਨੂੰ ਕਹਿਨਾ ਸੁਨਨਾ ਨਾ ਪਵੇ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸ਼ੇਰਾਂ ਨੇ ਪੰਥ ਦੇ ਨਾਉਂ ਨੂੰ ਕਲੰਕ ਲਾਇਆ ਹੈ ਮੈਂ ਮੌਤ ਦੇ ਮੂੰਹ ਵਿਚ ਹਾਂ ਅਰ ਖ਼ੁਸ਼ੀ ਸਹਿਤ ਮਰਨ ਮਾਰਨ ਲਈ ਤਿਆਰ ਹਾਂ ਤੁਹਾਨੂੰ ਭੀ ਅਜੇਹਾ ਕਰਨਾ ਯੋਗ ਹੈ" ।

ਤਾਰਾ ਸਿੰਘ ਦੀਆਂ ਗਲਾਂ ਨੇ ਸਿਖਾਂ ਵਿਚ ਜੋਸ਼

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਤਪਤ ਕੀਤਾ ਆਸ ਪਾਸ ਦੇ ਬਹੁਤ ਸਿਖ ਜੋ ਉਨਾਂ ਦੀ ਸਹਾਇਤਾ ਨੂੰ ਆਏ ਸੇ, ਸਿਰ ਨੂੰ ਤਲੀ ਤੇ ਰਖਕੇ ਲੜਨ ਲਈ ਤਿਆਰ ਹੋਏ।

ਨਾਜ਼ਮ ਦੀ ਫੌਜ ਆ ਗਈ ਉਧਰੋਂ ਸਿਖ ਅਸ਼ਨਾਨ ਪਾਠ ਕਰ ਭੋਜਨ ਪ੍ਰਸ਼ਾਦ ਅਚਵ ਕੇ ਰਨ-ਭੂਮੀ ਵਿਚ ਜਾਕੇ ਗਜਨ ਲਗੇ। ਇਕ ਤਲਾ ਦੇ ਕਿਨਾਰੇ ਮੋਰਚਾ ਬੰਨਿਆਂ ਗਿਆ। ਠਾਂ ਠਾਂ ਬੰਦੂਕਾਂ ਦੀ ਘੁਨਕਾਰ ਹੋਨ ਲਗੀ। ਜਦੋਂ ਗੋਲਾ ਬਰੂਦ ਆਦਿਕ ਮੁੱਕ ਗਿਆ ਤਾਂ ਤੀਰਾਂ ਦੀ ਵਾਛੜ ਕਰਨ ਲਗੇ ਚਿਰ ਤੀਕਰ ਤੀਰ ਚਲਦੇ ਰਹੇ ਹਜਾਰਾਂ ਸੂਰਮੇ ਰਨਭੂਮੀ ਵਿਚ ਮਾਰੇ ਗਏ ਜਦੋਂ ਚਿਲੜਾਂ ਵਿਚੋਂ ਤੀਰ ਮੁਕ ਗਏ ਤਾਂ "ਸਤਿ ਸ੍ਰੀ ਅਕਾਲ" ਪੁਕਾਰਦੇ ਹੋਏ ਹੱਥਾਂ ਵਿਚ ਤਲਵਾਰਾਂ ਲੈ ਕੇ ਸਿਖ ਮੁਸਲਮਾਨਾਂ ਤੇ ਟੁੱਟ ਪਏ ਅਰ ਰਨਭੂਮੀ ਵਿਚ ਮੁਸਲਮਾਨਾਂ ਦੇ ਆਹੂ ਲਾਹਕੇ ਲਹੂ ਦਾ ਹੜ ਵਗਾ ਦਿਤਾ॥

ਉਨਾਂ ਦਾ ਲੜਨਾ ਹਨੇਰ ਦਾ ਸੀ ਇਹ ਤਲਵਾਰਾਂ ਇਸ ਪ੍ਰਕਾਰ ਚਲਾਉਂਦੇ ਸੇ ਕਿ ਦੇਖਨ ਵਾਲੇ ਮੂੰਹ ਵਿਚ ਉਂਗਲਾਂ ਪਾ ਕੇ ਚਿੱਥਦੇ ਸੇ। ਜਿਧਰ ਹਥ ਮਾਰਿਆ ਬਿਨਾਂ ਸਿਰ ਲਾਹੇ ਨ ਪਿਛੇ ਹਥ ਹਟਾਇਆ। ਤਾਰਾ ਸਿੰਘ ਅੰਤ ਸਮੇਂ ਤੀਕਰ ਲੜਦੇ ਰਹੇ ਜਦੋਂ ਘਾਉ ਲਗਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਗਦੇ ਸ਼ਰੀਰ ਛਾਨਣੀ ਹੋਗਿਆ ਅਰ ਉਨਾਂ ਨੇ ਬਹੁਤ ਲੜਨ ਦੀ ਯੋਗਤਾਈ ਆਪਨੇ ਆਪ ਵਿਚ ਨਾ ਦੇਖੀ ਤਾਂ ਹੱਲਾ ਕਰਕੇ ਫੇਰ ਸਾਰੇ ਮੁਸਲਮਾਨਾਂ ਤੇ ਝਪਟੇ ਕਿੰਨਿਆਂ ਨੂੰ ਨਸ਼ਟ ਕੀਤਾ। ਅਰ ਅੰਤਨੂੰ ਆਪ ਭੀ ਇਕ ਮੁਸਲਮਾਨ ਦੇ ਹਥੋਂ ਮਾਰੇ ਗਏ ਇਸ ਵੱਲੇ ਨਾ ਹੀ ਤਾਂ ਇਕ ਸਿਖ ਪਿਛੇ ਹਟਿਆ ਅਰ ਨਾ ਹੀ ਕਿਸੇਨੇ ਰਨਭੂਮੀ ਨੂੰ ਛਡਿਆ। ਸਭ ਇਕ ਇਕ ਕਰਕੇ ਮਾਰੇ ਗਏ ਜਿਥੇ ਇਹ ਸਭੇ ਸ਼ਹੀਦ ਹੋਏ ਸਨ ਉਥੇ ਬੜਾ ਸੁੰਦ੍ਰ ਇਕ ਸ਼ਹੀਦਗੰਜ ਬਨਿਆ ਹੋਯਾ ਹੈ ਸ਼ੋਭਾ ਅਰ ਮੰਨਨੇ ਯੋਗ ਹੈ।

ਇਸ ਸੂਰਮਤਾਈ ਅਰ ਬਹਾਦਰੀ ਦੇ ਕਥਨ ਇਸ ਪ੍ਰਕਾਰ ਕਹੇ ਜਾਂਦੇ ਹਨ॥ ਯਥਾ:-

"ਸ਼ੇਰ ਬਹਾਦਰ ਸੂਰੇ ਜੋਧੇ ਧਾਕਾਂ ਜਗ ਵਿਚ ਪਾਈਆਂ। ਐਸੇ ਸੂਰੇ ਨਾ ਹਮ ਦੇਖੇ ਕਹਿੰਦੇ ਵਿਚ ਖੁਦਾਈਆਂ। ਇਕ ਇਕ ਸੂਰਾ ਸਿਖ ਬਹਾਦਰ ਤੇਗਾਂ ਚਾ ਲਿਸ਼ਕਾਈਆਂ। ਟਿੰਡਾਂ ਤੋੜ ਪਕੜ ਬਹੁ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਠੇ ਮੁੰਡੀਆਂ ਚਾ ਉਡਾਈਆਂ॥
ਗਰਜ ਸਿੰਘਾਂ ਦੀ ਸੁਨਕੇ ਡਰਦਾ ਇੰਦ੍ਰ
ਭੀ ਭਗਵਾਨਾ। ਕਸੱਨ ਤੀਰ ਕਮਾਨ
ਚਲਾਵਨ ਮਾਰਨ ਸੇਧ ਨਿਸ਼ਾਨਾ। ਇਕ
ਇਕ ਸਿਖ ਦਸ ਤੁਰਕਨ ਤਾਂਈਂ ਮਾਰੇ
ਵਿਚ ਮਦਾਨਾ। ਹੋਨ ਸ਼ਹੀਦ ਗੁਰੂ ਦੇ
ਬਦਲੇ ਧਰਮ ਉਤੋਂ ਕੁਰਬਾਨਾ॥

ਸਿਖਾਂ ਦਾ ਸੁਨ ਨਾਉਂ ਸੀ ਲੁਕਦੇ ਮੁਸਲ-
ਮਾਨ ਵਿਚਾਰੇ। ਮਤਾਂ ਕੋਈ ਸਿਖ ਪਿਛੋਂ
ਆਕੇ ਸਾਡਾ ਸੀਸ ਉਤਾਰੇ। ਸਹੰਸ੍ਰ ਜੂਹਾਂ
ਰੋਕਨ ਸੂਰੇ ਬਲੀ ਅਤਿ ਬਲਕਾਰੇ। ਮੁਸ-
ਲਮਾਨ "ਤਾਇਬ" ਹਬੋਂ ਤੋਬਾ ਤੋਬ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੁਕਾਰੇ। ਜੰਗਲ ਬੀਆਬਾਨ ਉਜਾੜੀਂ
ਚਾਹੇ ਪਰਬਤ ਮਾਹੀਂ। ਇਕ ਸਮਾਨ ਸਭੇ
ਕੁਝ ਜਾਨਨ ਕਰਦੇ ਭਯ ਕੁਝ ਨਾਹੀਂ।
ਹੋਨ ਸ਼ਹੀਦ ਧਰਮ ਦੇ ਬਦਲੇ ਭੂਮੀ
ਤਿਆਗਨ ਨਾਹੀਂ। ਅੰਤ ਗਤੀ ਤਕ
ਪ੍ਰਗਟਨ ਸੂਰੇ ਵਿਚ ਜਗਤ ਦੇ ਆਹੀਂ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਾਈ ਮਨੀ ਸਿੰਘ ਜੀ

ਪਹਿਲਾ ਅੰਕ

ਭਾਵੇਂ ਰੌਂਦ ਵਾਲੀ ਫ਼ੌਜ ਦਿਨੇ ਰਾਤੀਂ ਸਿਖਾਂ ਦੇ ਪਿਛੇ ਲਗੀ ਰਹਿੰਦੀ ਸੀ। ਪ੍ਰੰਤੂ ਸਿਖ ਭੀ ਆਪਣੇ ਕੰਮੋਂ ਨਹੀਂ ਮੁੜਦੇ ਸੇ। ਲੁੱਟ ਮਾਰ ਕਰਦੇ ਹੀ ਰਹਿੰਦੇ ਸੇ। ਜਦੋਂ ਲੋਕ ਬਹੁਤ ਵਧੇ ਤਾਂ ਰਨਭੂਮੀ ਵਿਚ ਆਕੇ ਸਾਮਨਾ ਕੀਤਾ। ਜੇਕਰ ਗਿਨਤੀ ਕੋਈ ਬਹੁਤ ਨਹੀਂ ਸੀ ਤਾਂ ਰਾਤ ਦੇ ਸਮੇਂ ਛਾਪਾ ਮਾਰਿਆ ਅਰ ਝਟ ਪਟ ਪਰਬਤਾਂ ਦੀਆਂ ਖੁੰਦ੍ਰਾਂ ਵਿਚ ਜਾ ਲੁਕੇ ਜਿਥੇ ਉਨਾਂ ਦਾ ਢੂੰਢਣਾ ਕਠਨ ਸੀ।

ਉਹ ਇਸ ਲੁਟ ਮਾਰ ਵਿਚ ਭੀ ਪੰਥਿਕ ਪ੍ਰੇਮ ਦਾ ਧਿਆਨ ਰਖਦੇ ਸੇ ਮੁਸਲਮਾਨਾਂ ਨੂੰ ਤਾਂ ਚੰਗੀ ਤਰਾਂ ਲੁਟਦੇ ਪੁਟਦੇ ਸੇ ਪ੍ਰੰਤੂ ਹਿੰਦੂਆਂ ਨੂੰ ਕਦਾਚਿਤ ਨਹੀਂ ਛੇੜਦੇ ਸੇ।

ਇਕ ਵਾਰੀ ਦੋ ਸ਼ਾਹੂਕਾਰ ਦਿੱਲੀ ਨੂੰ ਜਾ ਰਹੇ ਸੀ ਇਕ ਮੁਸਲਮਾਨ ਸੀ ਜਿਸਨੂੰ ਮੁਰਤਜ਼ਾਖਾਂ ਕਹਿੰਦੇ ਸੀ ਦੂਜਾ ਹਿੰਦੂ ਸੀ ਜਿਸਦਾ ਨਾਉਂ ਪ੍ਰਤਾਪ ਚੰਦ ਸੀ। ਸਿਖਾਂ ਨੇ ਦੋਹਾਂ ਨੂੰ ਲੁਟਿਆ ਪ੍ਰੰਤੂ ਜਦੋਂ ਮਲੂਮ ਹੋਇਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿ ਦੂਜਾ ਪੁਰਸ਼ ਹਿੰਦੂ ਹੈ ਉਸਦਾ ਸਾਰਾ ਮਾਲ ਜਿਉਂ ਦਾ ਤਿਉਂ ਮੋੜ ਦਿਤਾ ਅਰ ਭੁਲ ਬਖ਼ਸ਼ਵਾਈ।

ਜਦੋਂ ਯਾਤ੍ਰੀ ਫ਼ੌਜ ਉਨਾਂ ਨੂੰ ਕਾਬੂ ਨਾ ਕਰ ਸਕੀ ਤਾਂ ਉਨਾਂ ਦੀਆਂ ਸਿੰਘਣੀਆਂ ਨੂੰ ਕਸ਼ਟ ਦੇਨੇ ਚਾਹੇ। ਪ੍ਰੰਤੂ ਸਿਖ ਫੇਰ ਭੀ ਨਾ ਮੁੜੇ। ਅਰ ਹੁਨ ਅਧਿਕ ਸਿੰਘ ਜੁਵਾਨ ਅਜੇਹੇ ਹੋਨ ਲਗੇ ਜੋ ਵਿਆਹੇ ਨਹੀਂ ਸਨ।

ਘਬਰਾ ਕੇ ਲਾਹੌਰ ਅਰ ਸਰਹਿੰਦ ਦੇ ਨਾਜ਼ਮਾਂ ਨੇ ਅਰ ਜਾਲੰਧਰ ਦੇ ਹਾਕਮ ਨੇ ਆਪਨੇ ਆਪਨੇ ਇਲਾਕਜਾਂ ਵਿਚ ਢੰਢੋਰਾ ਫੇਰ ਦਿਤਾ ਕਿ "ਜੋ ਪੁਰਸ਼ ਕਿਸੇ ਸਿਖ ਦੀ ਮੁਖਬਰੀ ਕਰੇਗਾ ਉਸਨੂੰ ਦਸ ਰੁਪਯੇ, ਪਗੜਨ ਵਾਲੇ ਨੂੰ ਪੰਜੀ ਰੁਪਯੇ, ਠਾਨੇ ਵਿਚ ਪਗੜਕੇ ਲਿਆਉਨ ਵਾਲੇ ਨੂੰ ਪੰਜਾਹ ਰੁਪੈ, ਅਰ ਸਿਰ ਵਢ ਕੇ ਲਿਆਉਨ ਵਾਲੇ ਨੂੰ ਸੌ ਰੁਪਯਾ ਇਨਾਮ ਮਿਲੇਗਾ। ਅਰ ਸਿਖਾਂ ਦੀ ਬਰਬਾਦੀ ਵਿਚ ਵਿਸ਼ੇਸ਼ ਕਰ ਸਹਾਇਤਾ ਦੇਨ ਵਾਲੇ ਨੂੰ ਜਾਗੀਰ ਭੀ ਬਖਸ਼ੀ ਜਾਇਗੀ"।

ਇਸ ਢੰਢੋਰੇ ਦੇ ਕਾਰਨ ਹਿੰਦੂ ਮੁਸਲਮਾਨ ਸਾਰੇ ਹੀ ਲੋਭ ਦੇ ਮਾਰੇ ਸਿਖਾਂ ਦੀ ਖੋਜਨਾ ਕਰਨ ਲਗੇ ਲੋਭ ਬੁਰੀ ਬਲਾ ਹੁੰਦਾ ਹੈ। ਮੁਸਲਮਾਨ ਤਾਂ ਸਿਖਾਂ ਦੇ ਸ਼ਤ੍ਰੂ ਹੈ ਹੀ ਸਨ। ਹਿੰਦੂ ਭੀ ਖੋਜਨਾ ਕਰਨ ਲਗੇ। ਫਲੈ ਇਹ ਹੋਇਆ ਕਿ ਹਰ ਰੋਜ ਸਿਖਾਂ ਦੀ ਬੜੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗਿਣਤੀ ਬੇਤਰਸੀ ਦੇ ਨਾਲ ਮਾਰੀ ਜਾਨ ਲਗੀ ਪਰ ਸਿਖ ਫੇਰ ਭੀ ਨ ਵਰਜੇ ਰਹੇ। ਇਸ ਪ੍ਰਕਾਰ ਪੰਜਾਬ ਨੂੰ ਲੁਟਨਾ ਆਰੰਭ ਕੀਤਾ ਕਿ ਲੋਕਾਂ ਦਾ ਨਕ ਸਾਹ ਕਰ ਦਿਤਾ। ਜਮਨਾ ਤੋਂ ਲੈਕੇ ਅਟਕ ਤੀਕਰ ਲੋਕ ਵਿਆਕੁਲ ਹੋਏ। ਸੂਰਮੇ ਸਿੰਘਾਂ ਨੇ ਇਸ ਪ੍ਰਕਾਰ ਮੁਸਲਮਾਨਾਂ ਦੀ ਨਕ ਜਾਨ ਲੈ ਆਂਦੀ ਕਿ ਤਿੰਨਾਂ ਵਰਿਆਂ ਤੀਕਰ ਲਾਹੌਰ ਦੇ ਮਾਮਲੇ ਦਾ ਖਜਾਨਾ ਦਿਲੀ ਨਾ ਜਾ ਸਕਿਆ।

ਪਾਤਸ਼ਾਹ ਨੇ ਕ੍ਰੋਧਵਾਨ ਹੋਕੇ ਦੋ ਹਜਾਰ ਆਦਮੀ ਰੁਪਯਾ ਵਸੂਲ ਕਰਨ ਲਈ ਲਾਹੌਰ ਭੇਜੇ। ਇਹ ਆਪਣੇ ਖ਼ਰਚ ਲਈ ਪੰਜ ਹਜਾਰ ਰੁਪਯਾ ਰੋਜੀਨਾ ਮੰਗਦੇ ਸੀ। ਬੜੀ ਕਠਨਤਾਈ ਨਾਲ ਕਿਸ ਤਰਾਂ ਵੱਢੀ ਆਦਿਕ ਦੇ ਕੇ ਨਾਜ਼ਮ ਨੇ ਮਾਮਲੇ ਦੇ ਖਜਾਨੇ ਦਾ ਕੁਝ ਹਿੱਸਾ ਦਿਲੀ ਨੂੰ ਭੇਜਯਾ।

ਜਦੋਂ ਸਿੰਘਾਂ ਨੇ ਖਜਾਨਾ ਜਾਨ ਦਾ ਹਾਲ ਸੁਣਿਆਂ। ਤਾਂ ਤਰਨਤਾਰਨ ਦੇ ਕੋਲ ਕਰਕੇ ਪਾਤਸ਼ਾਹੀ ਫੌਜ ਤੇ ਹੱਲਾ ਕਰ ਦਿਤਾ। ਬੜੀ ਭਾਰੀ ਲੜਾਈ ਹੋਈ ਭਾਵੇਂ ਸਿੰਘ ਗਿਣਤੀ ਵਿਚ ਘਟ ਸੇ ਪ੍ਰੰਤੂ ਹਠੀ ਹੋਨ ਕਰਕੇ ਸ਼ਤ੍ਰੂ ਉਨਾ ਤੋਂ ਡਰਦੇ ਸੇ ਮੁਸਲਮਾਨਾਂ ਨੂੰ ਮਾਰਕੇ ਉਹ ਸਾਰਾ ਖਜਾਨਾ ਲੁਟਲਿਆ। ਅਰ ਫ਼ੌਜ ਇਨਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੂਰਮਿਆਂ ਦਾ ਕੁਝ ਨਾ ਕਰ ਸਕੀ ।

ਸੰਮਤ ੧੭੯੭ ਬਿ: ਵਿਚ ਤੀਹ ਹਜਾਰ ਸੂਰਮੇ ਪਠਾਨ ਸਰਦਾਰ ਦਿਲੀਓਂ ਸਿਖਾਂ ਦੇ ਮਾਰਨ ਲਈ ਭੇਜੇ ਗਏ । ਨਾਜਮਾਂ ਨੇ ਜਿਥੋਂ ਤੀਕ ਹੋ ਸਕਿਆ ਬੜੀ ਸਹਾਇਤਾ ਕੀਤੀ ਅਰ ਫੌਜ ਭੇਜੀ ਜਦੋਂ ਸਿਖਾਂ ਨੇ ਇਹ ਖਵਰ ਸੁਨੀ ਤਾਂ ਪਹਾੜਾਂ ਤੇ ਚੜ੍ਹ ਗਏ । ਸ਼ਾਹੀ ਫ਼ੌਜ ਬੇਵਸੀ ਹੋਕ ਮਸੂਮ ਵਿਚਾਰੇ ਜਿੰਮੀਦਾਰਾਂ ਸਿਖਾਂ ਨੂੰ ਕਸ਼ਟ ਦੇਨ ਲਗੀ । ਇਥੋਂ ਤੀਕਰ ਕਿ ਜੋ ਹਿੰਦੂ ਦਾੜ੍ਹੀ ਵਾਲਾ ਮਿਲਦਾ ਬੇ ਤਰਸੀ ਨਾਲ ਵਢ ਦਿਤਾ ਜਾਂਦਾ ਯਾ ਉਸਨੂੰ ਧਿੰਙੋ ਜੋਰੀ ਮੁਸਲਮਾਨ ਕਰ ਲੈਂਦੇ ॥

ਜਦੋਂ ਸਿਖਾਂ ਨੇ ਇਹ ਗਲ ਸੁਨੀ ਤਾ ਆਪੋ ਵਿਚ ਗੁਰਮਤਾ ਕੀਤਾ ਅਰ ਜੇੜ੍ਹੇ ਲੋਕ ਜੋਰੋ ਜੋਰੀ ਤੁਰਕ ਹੋਏ ਉਨਾਂ ਨੂੰ ਫੇਰ ਸ਼ੁਧ ਕਰਕੇ ਆਪਨੇ ਨਾਲ ਰਲਾ ਲਿਆ । ਬ੍ਰਾਹਮਨਾਂ ਨੇ ਇਸ ਗਲ ਵਿਚ ਅਤਿ ਵਿਰੋਧਤਾ ਕੀਤੀ ਪਰ ਸਿਖਾਂ ਨੇ ਇਕ ਭੀ ਨਾ ਸੁਨੀ ਇਥੋਂ ਤੀਕਰ ਕਿ ਸੰਮਤ ੧੭੯੦ ਬਿ: ਵਿਚ ਰਾਮ ਸਿੰਘ ਨਾਮੇ ਇਕ ਸਿੰਘ ਜੋ ਬੜੀ ਸਖਤੀ ਨਾਲ ਮੁਸਲਮਾਨ ਬਨਾਇਆ ਗਿਆ ਸੀ ਉਸਨੂੰ ਭੀ ਸ਼ੁਧ ਕਰ ਲਿਆ ॥

ਸੰਮਤ ੧੭੯੪ ਬਿ: ਵਿਚ ਮੁਸਲਮਾਨੀ ਫ਼ੌਜ ਦਿਲੀ ਨੂੰ ਮੁੜ ਗਈ । ਸਿਖਾਂ ਨੇ ਫੇਰ ਆਪਨੀ ਲੁਟ ਮਾਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰਨੀ ਅਰੰਭ ਕਰ ਦਿਤੀ। ਉਨਾਂ ਦੇ ਖੋਜੀ ਭੀ ਥਾਂ ਥਾਂ ਰੌਂਦ ਕਰਨ ਲਗੇ। ਅਰ ਵੇਲੇ ਕੁਵੇਲੇ ਮਾਰ ਕੁਟ ਲੁੱਟ ਪੁੱਟ ਦਾ ਕੰਮ ਫੇਰ ਪ੍ਰਚਲਿਤ ਹੋਇਆ। ਲਾਹੌਰ ਦੇ ਸੂਬੇ ਖ਼ਾਨ ਬਹਾਦਰ ਨੇ ਇਕ ਦੀਨ ਹੈਦਰੀ ਦੇ ਨਾਉਂ ਦਾ ਝੰਡਾ ਬਨਾ ਕੇ ਮੁਸਲਮਾਨਾਂ ਨੂੰ ਉਸਦੀ ਛਤ੍ਰ ਛਾਂਇਆਂ ਲੜਨ ਦਾ ਪ੍ਰਚਾਰ ਕੀਤਾ ਪ੍ਰੰਤੂ ਉਸ ਵਿਚ ਭੀ ਕੁਝ ਨਾ ਸਿਖਾਂ ਦਾ ਖੋਹ ਸੱਕਿਆ ਅਰ ਅੰਤ ਤੰਗ ਹੋਕੇ ਪਾਤਸ਼ਾਹ ਨੂੰ ਲਿਖਿਆ ਕਿ "ਸਿਖਾਂ ਦੀ ਜਿਨੀਂ ਜੜ੍ਹ ਪੁੱਟੀ ਜਾਂਦੀ ਹੈ ਉਹ ਉਨੇਂ ਹੀ ਹੋਰ ਵਧੀਕ ਵਧਦੇ ਜਾਂਦੇ ਹਨ। ਚੰਗੀ ਗਲ ਇਹੋ ਹੈ ਕਿ ਉਨਾਂ ਨੂੰ ਜਾਗੀਰਾਂ ਆਦਿਕ ਦੇ ਕੇ ਰਾਜ਼ੀ ਕਰ ਲਿਆ ਜਾਵੇ ਨਹੀਂ ਤਾਂ ਉਹ ਕਿਸੇ ਦਿਨ ਦਿਲ ਨੂੰ ਭੀ ਵੈਰਾਨ ਕਰ ਦੇਨ ਗੇ॥

ਪਾਤਸ਼ਾਹ ਨੇ ਉਸ ਗਲ ਨੂੰ ਯੋਗ ਜਾਨਿਆ ਸਿਖਾਂ ਦੇ ਲਈ ਇਕ ਲੱਖ ਜਾਗੀਰ ਅਰ ਉਨਾਂ ਦੇ ਸਰਦਾਰਾਂ ਲਈ ਨਵਾਬਾਂ ਦਾ ਓਹਦਾ ਮਨਜੂਰ ਹੋਇਆ ਜਦੋਂ ਸ਼ਾਹੀ ਏਲਚੀ ਲਾਹੌਰ ਆਇਆ ਤਾਂ ਸੂਬੇ ਲਾਹੌਰ ਨੇ ਸੁਬੇਗ ਸਿੰਘ ਨਾਮੇ ਵਕੀਲ ਨੂੰ ਪਾਤਸ਼ਾਹੀ ਏਲਚੀ ਦੇ ਨਾਲ ਸੰ: ੧੭੯੦ ਬਿ: ਵਿਚ ਅੰਮ੍ਰਿਤਸਰ ਵਿਚ ਸਿਖਾਂ ਦੇ ਕੋਲ ਭੇਜਿਆ ਇਥੇ ਸਿੰਘਾਂ ਦਾ ਬੜਾ ਭਰਾ ਟੋਲਾ ਬੜੇ ਠਾਟ ਬਾਠ ਸਹਿਤ ਮੌਜੂਦ ਸੀ। ਜਿਸ ਵੇਲੇ ਸ਼ਾਹੀ ਪਰਵਾਨਾ ਮੁਹਰ ਲਗੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੋਈ ਵਿਖਾਇਆ ਗਿਆ ਅਰ ਸਿਖਾਂ ਨੇ ਉਸਦਾ ਹਾਲ ਸੁਨਿਆ ਤਾਂ ਬੰਦੇ ਦੀ ਗਲ ਯਾਦ ਆਈ ਜਾਗੀਰਾਂ, ਉਹਦੇ ਅਰ ਇਨਾਮ ਆਦਿਕ ਲੈਨ ਤੋਂ ਨਾਂਹ ਕਰ ਦਿਤੀ। ਉਹ ਕਹਿਨ ਲਗੇ "ਸ੍ਰੀ ਵਾਹਿਗੁਰੂ ਜੀ ਦਾ ਖਾਲਸਾ ਆਪ ਪਾਤਸ਼ਾਹ ਹੈ। ਪ੍ਰੰਤੂ ਜਦੋਂ ਸਬੇਗ ਸਿੰਘ ਨੇ ਬਹੁਤ ਕੁਝ ਕਿਹਾ ਸੁਨਿਆ ਅਰ ਹਥ ਜੋੜ ਕੇ ਬੇਨਤੀ ਕੀਤੀ ਕਿ ਇਹ ਬੜਾ ਕੋਮਲ ਸਮਾ ਹੈ । ਤਾਂ ਸਾਰਿਆਂ ਸਿਖਾਂ ਨੇ ਜਗੀਰਾਂ ਆਦਿਕ ਕਬੂਲ ਕਰ ਲਈਆਂ ਅਰ ਨਵਾਬ ਦਾ ਉਹਦਾ ਭਾਈ ਕਪੂਰ ਸਿੰਘ ਨੂੰ ਦੁਵਾਇਆ। ਜੋ ਜਾਤੀ ਦਾ ਜੱਟ ਸੀ। ਅਰ ਉਸ ਵੇਲੇ ਸਿਖਾਂ ਨੂੰ ਪੱਖਾ ਝੱਲ ਰਿਹ, ਸੀ ॥

ਪਾਤਸ਼ਾਹ ਦੀ ਇਹ ਕਪਟੀ ਸੋਚ ਦਾ ਵਾਰ ਚਲ ਗਿਆ ਸਿਖ ਠੰਢੇ ਸੀਲੇ ਹੋ ਗਏ ਅਰ ਅੰਮ੍ਰਿਤ ਸਰ ਵਿਚ ਰਹਿ ਕੇ ਭਜਨ ਭਾਵ ਵਿਚ ਸਮਾਂ ਬਿਤੀਤ ਕਰਨ ਲਗੇ ਉਸ ਸਮਾ ਨੇ ਮਾਤਾ ਸੁੰਦ੍ਰੀ ਜੀ ਨੇ ਕਈ ਆਦਮੀ ਦਿੱਲੀਓਂ ਸਿਖਾਂ ਨੂੰ ਸਮਝਾਉਨ ਲਈ ਭੇਜੇ ਸਨ ਇਸ ਲਈ ਮਿਲ ਗਿਲ ਕੇ ਰਹਿਨ ਅਰ ਲੁੱਟ ਮਾਰ ਤੋਂ ਮੁੜ ਜਾਨ ਸਿਖਾਂ ਨੇ ਸਭ ਗੱਲਾਂ ਮੰਨ ਲਈਆਂ ॥

ਸਿਖ ਲੋਕ ਉਸ ਵੇਲੇ ਮੇਲ ਮਿਲਾਪ ਦੇ ਨਿਅਮ ਦੇ ਅਧੀਨ ਸਨ ਜੋ ਕੁਝ ਜਾਗੀਰਾਂ ਦੀ ਖੱਟੀ ਹੁੰਦੀ ਆਪੋ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਵੰਡ ਲੈਂਦੇ ਸੇ ਜਾਤ ਪਾਤ ਦਾ ਰਤੀ ਵਿਚਾਰ ਨਹੀਂ ਕੀਤਾ ਜਾਂਦਾ ਸੀ । ਜੇ ਕਰ ਉਨਾਂ ਦੀ ਕਦੀ ਆਪੋ ਵਿਚ ਲੜਾਈ ਝਗੜਾ ਭੀ ਹੁੰਦਾ ਤਾਂ ਉਨਾਂ ਦੀ ਸਭਾ ਫੈਸਲਾ ਕਰਕੇ ਮੇਲ ਮਿਲਾਪ ਕਰ ਦੇਂਦੀ ਸੀ । ਉਸ ਸਭਾ ਦੇ ਸਹਾਇਕ" ਕਪੂਰ ਸਿੰਘ, ਹਰੀ ਸਿੰਘ, ਦਵੈਤ ਸਿੰਘ, ਜੱਸਾ ਸਿੰਘ, ਰਾਮ ਸਿੰਘ, ਕਰਮ ਸਿੰਘ, ਅਤਰ ਸਿੰਘ, ਬਿਨੋਦ ਸਿੰਘ, ਸ਼ੇਰ ਸਿੰਘ, ਅਰ ਭਾਈ ਮਨੀ ਸਿੰਘ, ਜੀ ਆਦਿਕ ਸਮਝੇ ਜਾਂਦੇ ਸਨ ॥

ਭਾਈ ਮਨੀ ਸਿੰਘ ਜੀ ਹੋਰਨਾਂ ਦੂਜਿਆਂ ਭਾਈਆਂ ਪਾਸੋਂ ਅਤਿ ਯੋਗਵਾਨ, ਵਿਦ੍ਵਾਨ ਅਰ ਧਰਮਵਾਨ ਸਨ । ਇਹ ਜਾਤੀ ਦੇ ਜਟ ਸਨ । ਉਨਾਂ ਦੇ ਪਿਤਾ ਦਾ ਨਾਉਂ ਭਾਈ ਭੀਖਾ ਸੀ । ਇਕ ਵਾਰੀ ਪਿਤਾ ਪੁਤ੍ਰ ਦੋਵੇਂ ਸ੍ਰੀ ਗੁਰੂ ਗੋਬਿੰਦਸਿੰਘ ਜੀ ਮਹਾਰਾਜ ਦੇ ਦਰਸਨ ਨੂੰ ਆਏ ਸੇ ਸ੍ਰੀ ਗੁਰੂਗੋਬਿੰਦ ਸਿੰਘ ਜੀਮਹਾਰਾਜ ਨੇ ਇਸ ਲੜਕੇ ਨੂੰ ਖੂਬ ਅਜੇਹਾ ਚੰਗਾ ਜਾਨਿਆ ਕਿ ਆਪਣੇ ਸੰਗ ਰਖਨ ਲਗੇ । ਮਨੀ ਸਿੰਘ ਭੀ ਗੁਰੂ ਸਾਹਿਬ ਨਾਲ ਅਤਿ ਰਚ ਮਿਚ ਗਏ । ਜਿਸ ਵੇਲੇ ਗੁਰੂ ਖਾਲਸਾ ਪੰਥ ਰਚਿਆ ਗਿਆ ਸੀ ਤਦ ਭੀ ਮਨੀ ਸਿੰਘ ਜੀ ਗੁਰੂ ਸਾਹਿਬ ਜੀ ਦੇ ਨਾਲ ਸਨ ਅਰ ਉਨਾਂ ਦੀ ਸੇਵਾ ਕਰਦੇ ਰਹੇ ।

ਜਦੋਂ ਮਨੀ ਸਿੰਘ ਜੀ ਨੇ ਦੇਖਿਆ ਕਿ ਹੁਨ ਸਿਖਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਅਮਨ ਚੈਨ ਹੈ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਅਨੇਕਾਂ ਰਾਗਾਂ ਦ੍ਵਾਰਾ ਪ੍ਰਗਟ ਕੀਤੀ ਪ੍ਰੰਤੂ ਪੰਥ ਨੇ ਉਸਨੂੰ ਚੰਗਾ ਨਾ ਸਮਝਿਆ ॥

ਮਨੀ ਸਿੰਘ ਦੀ ਪ੍ਰੇਮ ਭਾਵਣਾ ਅਰ ਸ਼ੀਲਤਾਈ ਏਨੀ ਵਧੀ ਸੀ ਕਿ ਹਿੰਦੂ ਅਨੇਕਾਂ ਹੀ ਟੋਲਿਆਂ ਦੇ ਟੋਲੇ ਉਨਾਂ ਦੇ ਆਲੇ ਦੁਆਲੇ ਬੈਠੇ ਰਹਿੰਦੇ ਸੀ । ਅਰ ਈਰਖੀ ਮੁਸਲਮਾਨਾਂ ਦੇ ਮੂੰਹੋਂ ਜਦੋਂ ਕਦੀ ਸਿਖਪੰਥ ਦੀ ਹੀਨਤਾਈ ਕਰਦੇ ਹੋਏ ਮੇਹਣੇ ਕੁਮੇਹਣਿਆਂ ਕਰਦੇ ਸੁਣਦੇ ਸੇ ਤਾਂ ਇਹ ਮਹਾਤਮਾ ਪੁਰਸ ਆਪਣੀ ਮਿਠੀ ਰਸਨਾ ਦ੍ਵਾਰਾ ਉਸ ਨੂੰ ਸਮਝਾ ਕੇ ਅਗੇ ਨਹੀਂ ਵਧਨ ਦੇਂਦੇ ਸੀ ਇਥੋਂ ਤੀਕ ਕਿ ਆਪ ਹੀ ਸ਼ਰਮਿੰਦਜਾਂ ਹੋ ਜਾਂਦਾ ਸੀ ॥

ਮੁਸਲਮਾਨਾਂ ਨਾਲ ਸੁਲਾਂਹ ਸਫ਼ਈ ਕਰਨੇ ਉਪ੍ਰੰਤ ਭਾਈ ਮਨੀ ਸਿੰਘ ਸੰਮਤ ੧੭੯੧ ਬਿਃ ਵਿਚ ਸਿਖ ਨੂੰ ਪੰਜ ਭਿੰਨ ਭਿੰਨ ਟੋਲਿਆਂ ਵਿਚ ਵੰਡ ਕੇ ਦੇਸ਼ ਵਿਚ ਥਾਂ ਥਾਂ ਯਾਤ੍ਰਾ ਕਰਨੇ ਅਰ ਗੁਰੂ ਸਾਹਿਬਾਂ ਦੀ ਪਵਿਤ੍ਰ ਬਾਨੀ ਦਾ ਪ੍ਰਚਾਰ ਅਰ ਉਪਦੇਸ਼ ਕਰਨੇ ਲਈ ਗਏ ਇਸ ਲਈ ਕਿ ਇਸ ਅਮਨ ਤੋਂ ਲਾਭਵਾਨ ਹੋਕੇ ਸਿਖਾਂ ਦੇ ਟੋਲੇ ਨੂੰ ਕੁਛ ਹੋਰ ਵਧਾ ਲਿਆ ਜਾਏ। ਅਰ ਸਿਖ ਧਰਮ ਦਾ ਵਿਚਾਰਾਂ ਦਾ ਪ੍ਰਚਾਰ ਹੋਵੇ ॥

ਇਹ ਸਿਖ ਸ਼ਸਤ੍ਰ ਧਾਰੀ ਹੋਕੇ ਏਧਰ ਓਧਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਘੁੰਮਦੇ ਫਿਰਦੇ ਰਹੇ, ਲੁਟ ਮਾਰ ਵਲੋਂ ਬਿਲ ਕੁਲ ਹਥ ਚੁਕ ਲਿਆ ਅਰ ਜੋ ਕੁਝ ਕਿਰਤੀ ਸਿੰਘ ਭੇਟ ਪੂਜਾ ਦੀ ਅਰਦਾਸ ਆਦਿਕ ਕਰਾਉਂਦੇ ਉਸੇ ਤੇ ਸੰਤੋਖ ਕਰਦੇ ॥

ਫੇਰ ਭੀ ਪ੍ਰਚਾਰਦੇ ਕੰਮ ਵਿਚ ਉਹ ਪੂਰਨਤਾ ਜੋ ਭਾਈ ਮਨੀ ਸਿੰਘ ਅਰ ਨਵਾਬ ਕਪੂਰ ਸਿੰਘ ਆਦਿਕ ਚਾਹੁੰਦੇ ਸੇ ਨਾ ਹੋਈ। ਕਿੰਤੂ ਇਹ ਫਲ ਹੋਯਾ ਕਿ ਸਿਖ ਜਿਥੇ ਕਿੱਥੇ ਵਸਕੇ ਜਿਮੀਦਾਰ ਆਦਿਕ ਕੰਮਾਂ ਵਿਚ ਲਗ ਗਏ ਕੇਵਲ ਕੁਝਕੁ ਬ੍ਰਿਧ ਸਿਖ ਅੰਮ੍ਰਿਤਸਰ ਵਿਚ ਰਹਿ ਗਏ ॥

—:o:—

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੂਜਾ ਅੰਕ

ਅਨੋਖਾ ਸਮਯ ਸੀ। ਅਨੋਖੀ ਅਦਮੀਅਤ। ਅਗੇ ਚਲੋ ਤਾਂ ਠੋਕਰਾਂ ਲਗਨ ਅਰ ਪਿੱਛੇ ਚਲਨ ਤਾਂ ਦੁਲੱਤਿਆਂ ਦਾ ਡਰ ਲਗਾ ਰਹੇ ਜਦੋਂ ਸਿਖ ਇਸ ਪ੍ਰਕਾਰ ਬਿਖੜ ਗਏ। ਖਾਨ ਬਹਾਦਰ ਸੂਬਾ ਲਾਹੌਰ ਨੇ ਸਮਝਿਆ ਕਿ ਹੁਨ ਉਨਾਂ ਵਿਚ ਮੇਲ ਖਿਲਾਪ ਹੋਨਾ ਅਸੰਭਵ ਹੈ। ਤਾਂ ਉਸਨੇ ਦਿਵਾਨ ਲਖਪਤ ਰਾਇ ਨੂੰ ਜੋ ਜਰਗਾਂ ਦਾ ਮੁਨੀਮ ਅਰ ਪ੍ਰਬੰਧਿਕ ਸੀ ਆਪਨਾ ਭੇਤੀ ਬਨਾ ਲਿਆ। ਅਰ ਦਿਲੀ ਦੇ ਪਾਤਸ਼ਾਹ ਦੀ ਵਲੋਂ ਜਗੀਰਾਂ ਜਬਤ ਕਰ ਲੈਨ ਦਾ ਹੁਕਮ ਜਾਰੀ ਕੀਤਾ। ਜਦੋਂ ਸਿਖਾਂ ਨੇ ਉਜਰ ਮਾਜਰਾ ਕੀਤਾ ਤਾਂ ਅਗੋਂ ਉਤ੍ਰ ਮਿਲਿਆ ਕਿ ਪਾਤਸ਼ਾਹ ਦੀ ਨੌਕਰੀ ਕਰੋ। ਦਿਵਾਨ ਲਖਪਤ ਰਾਇ ਨੇ ਇਸੇ ਹੁਕਮ ਦੇ ਖਤ੍ਰ ਥੀ ਥਾਂ ਥਾਂ ਸਿਖਾਂ ਦੇ ਨਾਮ ਭੇਜ ਦਿਤੇ।

ਜਾਗੀਰਾਂ ਖੁਸਨ ਲਗੀਆਂ। ਸਿਖ ਸਮਝ ਗਏ ਕਿ ਪਾਤਸ਼ਾਹ ਦੀ ਨੀਤ ਬੇਈਮਾਨ ਹੋਗਈ ਹੈ। ਵਿਚਾਰੇ ਬਹੁਤ ਚਿਰ ਤੀਕਰ ਸੰਤੋਖ ਨਾਲ ਉਡੀਕਦੇ ਰਹੇ ਕਿ ਉਨਾਂ ਦੇ ਅਧਿਕਾਰ ਖੋਹਨ ਦੇ ਵਿਰੁਧ ਪਾਤਸ਼ਾਹ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਧਿਆਨ ਆਂਏਗਾ ਪਰ ਇਹ ਬਿਲਕੁਲ ਅਯੋਗ ਹੋਇਆ ਇਸ ਲਈ ਉਹ ਤੰਗ ਆਕੇ ਸੰਮਤ ੧੭੯੨ ਬਿ: ਤੋਂ ਫੇਰ ਉਹੋ ਹੀ ਕੰਮ ਕਰਨਾ ਆਰੰਭ ਕੀਤਾ ਅਰ ਲੁਟ ਮਾਰ ਕਰਕ ਪਿੰਡਾਂ ਦੇ ਪਿੰਡ ਉਜਾੜਨ ਲਗੇ । ਖ਼ਾਂਨ ਬਹਾਦਰ ਦਾ ਛੋਟਾ ਭਰਾ ਅਰ ਦਿਵਾਨ ਲਖਪਤ-ਰਾਇ ਉਤੋਂ ਬਲੀ ਯਾਤ੍ਰੀ ਫ਼ੌਜ ਦੇ ਨਾਲ ਰਹਿਕੇ ਉਨ੍ਹਾਂ ਦਾ ਪਿੱਛਾ ਕਰਦੇ ਰਹੇ ਸੇ ਪ੍ਰੰਤੂ ਸਭ ਬਿਅਰਥ!

ਨਵਾਬ ਕਪੂਰ ਸਿੰਘ ਜਦੋਂ ਸਿਖਾਂ ਦੀ ਫ਼ੌਜ ਨੂੰ ਲੀਤੇ ਹੋਏ ਮਾਲਵੇ ਦੇਸ਼ ਵਿਚ ਪਹੁੰਚਿਆ । ਤਾਂ ਉਥੇ ਨਾ ਕਿ ਕੇਵਲ ਲੁਟ ਮਾਰ ਦਾ ਹੀ ਮਾਲ ਉਨਾਂਨੂੰ ਮਿਲਿ-ਆ ਕਿੰਤੂ ਉਸ ਦੇਸ਼ ਦੇ ਸਿਖਾਂ ਨੇ ਕਈਆਂ ਵਰਿਆਂ ਦਾ ਦਸਵੰਧ ਚੜ੍ਹਾਵਾ ਤੇ ਭੇਟਾਂ ਭੀ ਦਿਤੀਆਂ । ਅਰ ਉਨਾਂ ਦੀ ਕ੍ਰਿਪਾ ਸਹਿਤ ਸਿਖਾਂ ਦੇ ਹਥ ਬਹੁਤ ਸਾਰੇ ਘੋੜੇ, ਊਠ ਅਰ ਸ਼ਸ਼ਤ੍ਰ ਆਦਿਕ ਲਗੇ । ਅਮਨ ਅਮਾਨ ਦੇ ਸਮੇਂ ਤਾਂ ਬਹੁਤ ਵਧੀਕ ਲੋਕ ਸਿਖ ਨ ਬਨ ਸਕੇ ਪ੍ਰੰਤੂ ਹੁਨ ਹਿੰਦੂਆਂ ਨੂੰ ਅੰਮ੍ਰਿਤ ਦਾ ਧਿਆਨ ਆਇਆ ਇਥੋਂ ਤੀਕਰ ਕਿ ਆਲਾ ਸਿੰਘ ਰਾਜਾ ਨੇ ਆਪਨੇ ਪੁਤ੍ਰਾਂ ਸਨੀਕ ਸਿਖ ਬਨ ਜਾਵਨ ਦਾ ਹੁਕਮ ਦਿਤਾ।

ਜਦੋਂ ਸਿਖਾਂ ਦਾ ਟੋਲਾ ਤੁਰਦਾ ਫਿਰਦਾ ਹੋਯਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੰਮਤ ੧੭੯੩ ਬਿ: ਵਿਚ ਅੰਮ੍ਰਿਤਸਰ ਦੇ ਨੇੜੇ ਆਇਆ ਤਾਂ ਲਾਹੌਰ ਦੀ ਫੌਜ ਨਾਲ ਸੰਗ੍ਰਾਮ ਛਿੜ ਪਈ। ਇਥੇ ਸਿਖਾਂ ਨੂੰ ਹਾਰ ਆਈ ਅਰ ਉਹ ਨਠ ਕੇ ਚੂਨੀਆਂ ਦੀ ਰਖ ਵਿਚ ਚਲੇ ਗਏ।

ਮੁਸਲਮਾਨਾਂ ਨੂੰ ਸਿਖਾਂ ਦੀ ਅਧਿਕਭਾਈ ਦੇਖਕੇ ਇਹ ਭ੍ਰਮ ਹੋਇਆ ਕਿ ਅੰਮ੍ਰਿਤਸਰ ਦੇ ਤਲਾ ਵਿਚ ਉਨਾਂ ਦੇ ਗੁਰੂਆਂ ਨੇ ਮਾਤਲੋਕ ਵਿਚੋਂ ਅੰਮ੍ਰਿਤ ਲਿਆ ਕੇ ਪਾਇਆ ਹੈ ਜੇਕਰ ਕਿਸੇ ਤਰਾਂ ਸਿਖਾਂ ਦਾ ਅਸ਼ਨਾਨ ਆਦਿਕ ਹੋਨਾ ਬੰਦ ਹੋਜਾਏ ਤਾਂ ਉਨਾਂ ਦੀ ਉਨਤੀ ਹੋਨੀ ਬੰਦ ਹੋਜਾਏਗੀ। ਦੁਸ਼ਟਾਂ ਨੇ ਅਜਿਹਾ ਹੀ ਕੀਤਾ ਕਿ ਅੰਮ੍ਰਿਤਸਰ ਦੇ ਤਲਾ ਵਿਚ ਮੁਸਲਮਾਨਾਂ ਦਾ ਚੌਂਕੀ ਪਹਿਰਾ ਲਗ ਗਿਆ ਸਿਖਾਂ ਨੂੰ ਅਸ਼ਨਾਨ ਕਰਨ ਤੋਂ, ਚਾਹੇ ਹਰਿਮੰਦਰ ਵਿਚ ਅਰਦਾਸ ਕਰਨ ਦੀ ਮਨਾਹੀ ਹੋਗਈ। ਸਿਖਾਂ ਵਿਚ ਨਾ ਤਾਂ ਐਨਾਂ ਬਲ ਹੀ ਸੀ ਕਿ ਸਾਮਨਾ ਕਰਦੇ। ਅਰ ਨਾ ਇੰਨਾ ਜੋਰ ਸੀ ਕਿ ਉਨਾਂ ਨੂੰ ਰੋਕੀ ਰਖਦੇ ਇਸ ਲਈ ਕੁਝ ਚਿਰ ਤੀਕਰ ਏਧਰ ਓਧਰ ਮਾਰੇ ਮਾਰੇ ਫਿਰਦੇ ਰਹੇ।

ਹਾਂ! ਭਾਈ ਮਨੀ ਸਿੰਘ ਜੀ ਇਕ ਅਜੇਹੇ ਮਹਾਤਮਾ ਸਨ। ਜਿਨਾਂ ਨੇ ਬਹੁਤ ਸਾਰੇ ਮੁਸਲਮਾਨਾਂ ਨੂੰ ਆਪਨਾ ਪਖਪਾਤੀ ਬਨਾ ਰਖਯਾ ਸੀ, ਸੂਫੀ ਫਕੀਰ ਖਾਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰਕੇ ਉਨਾਂ ਨੂੰ ਅਤਿ ਪ੍ਰੇਮ ਅਰ ਚਾਹ ਨਾਲ ਮਿਲਦੇ ਗਿਲਦੇ ਸੇ। ਇਸ ਲਈ ਓਹ ਸਦਾ ਅੰਮ੍ਰਿਤਸਰ ਵਿਚ ਰਹਿਕੇ ਆਪਨੇ ਪੰਥਿਕ ਕਾਰਜ ਪੂਰੇ ਕਰਦੇ ਰਹਿੰਦੇ ਸੇ ਉਨਾਂ ਦੇ ਪ੍ਰੇਮ ਭਾਵ ਅਰ ਪ੍ਰਚਾਰ ਨੂੰ ਦੇਖਕੇ ਹਿੰਦੂ ਮੁਸਲਮਾਨ ਸਭ ਰਾਜੀ ਸਨ ਅਰ ਇਸ ਕਾਰਨ ਤੇ ਕਿਸੇ ਨੇ ਉਨਾਂ ਨੂੰ ਉਥੋਂ ਕਢਨ ਲਈ ਤੰਗ ਨਹੀਂ ਕੀਤਾ ਸੀ॥

ਦੋ ਵਰਿਆਂ ਤੀਕਰ ਇਕਵਾਰਗੀ ਸਿਖ ਇਸ ਪ੍ਰਕਾਰ ਆਪਨੇ ਤੀਰਥਥਾਨ ਤੋਂ ਬੇਆਸ ਰਹੇ। ਮਨੀ ਸਿੰਘ ਦਾ ਪ੍ਰੇਮਭਾਵ ਅਰ ਮਿਲਤ ਅਧਿਕ ਵਧਦੀ ਗਈ। ਉਨਾਂ ਨੇ ਸੋਚਿਆ ਜੇਕਰ ਵਰ੍ਹੇ ਵਿਚ ਇਕ ਵਾਰੀ ਭੀ ਦਰਬਾਰ ਸਾਹਿਬ ਦੇ ਦਰਸ਼ਨ ਦਾ ਸਮਯ ਮਿਲੇ ਤਦ ਭੀ ਉਨਾਂ ਦੀ ਉਨਤੀ ਵਿਚ ਫਰਕ ਨਾ ਆਵੇਗਾ। ਇਸ ਲਈ ਆਪਨੇ ਕੁਝ ਮੁਸਲਮਾਨ ਹਾਕਮਾਂ ਨਾਲ ਜੋ ਉਨਾਂ ਦੇ ਨਾਲ ਰਚੇ ਮਿਚੇ ਹੋਏ ਸੇ ਮਿਲਕੇ ਸਲਾਹ ਲਈ ਕਿ ਅੰਮ੍ਰਿਤਸਰ ਵਿਚ ਦਿਵਾਲੀ ਦੇ ਮੇਲਾ ਕਰਨੇ ਅਰ ਸਿਖਾਂ ਨੂੰ ਉਸ ਸਮਯ ਦਰਬਾਰ ਸਾਹਿਬ ਦੇ ਦਰਸ਼ਨ ਦੀ ਆਗਯਾ ਮਿਲਨੀ ਚਾਹੀਏ। ਇਸ ਗਲ ਨੂੰ ਸੁਨਕੇ ਤੁਰਕਾਂ ਨੇ ਉਤਰ ਦਿੱਤਾ ਕਿ ਇਸਦੀ ਆਗਯਾ ਲਾਹੌਰ ਦੇ ਨਾਜ਼ਮ ਪਾਸੋਂ ਮੰਗਵਾਨੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚਾਹੀਏ। ਮਨੀ ਸਿੰਘ ਨੇ ਉਨਾਂ ਦੀ ਸਲਾਹ ਮੂਜਬ ਨਾਜਮ ਲਾਹੌਰ ਨੂੰ ਅਰਜੀ ਲਿਖੀ। ਜਿਸਦਾ ਉੱਤਰ ਆਇਆ ਕਿ "ਜੇਕਰ ਪੰਜ ਹਜਾਰ ਰੁਪਯਾ ਮਸੂਲ ਦੇਨਾ ਮਨਜੂਰ ਹੋਵੇ ਤਾਂ ਆਗਯਾ ਮਿਲ ਸਕਦੀ ਹੈ" ਅਜੇਹੇ ਬੜੇ ਭਾਰੀ ਮੇਲੇ ਵਿਚ ਪੰਜ ਹਜ਼ਾਰ ਦੀ ਰਕਮ ਅਕੱਠੀ ਹੋਨੀ ਕੋਈ ਬੜੀ ਭਾਰੀ ਗਲ ਨਹੀਂ ਸੀ। ਮਨੀ ਸਿੰਘ ਨ ਮੰਨ ਲਿਆ। ਅਰ ਸਿਖਾਂ ਦੇ ਨਾਮ ਦਿਵਾਲੀ ਦੇ ਮੇਲੇ ਉਤੇ ਆਉਨ ਦੇ ਹੁਕਮਨਾਮੇ ਲਿਖ ਦਿਤੇ। ਸਿਖਾਂ ਦੇ ਮਨ ਵਿਚ ਆਗੇ ਹੀ ਸਿਕ ਸੀ ਕਿ ਕਿਸੇ ਤਰਾਂ ਦਰਬਾਰ ਸਾਹਿਬ ਦੇ ਦਰਸ਼ਨ ਦੀ ਆਗਯਾ ਮਿਲੇ। ਇਸ ਲਈ ਸਾਰੇ ਪੰਜਾਬ ਦੇ ਸਿਖਾਂ ਵਿਚ ਇਕ ਨਵੀਨ ਜੋਸ਼ ਉਤਪਤ ਹੋ ਗਿਆ। ਅਰ ਸਾਰਿਆਂ ਨੇ ਸੰਮਤ ੧੭੯੫ ਬਿ: ਦੀ ਦਿਵਾਲੀ ਦੇ ਮੇਲੇ ਵਿਚ ਇਕਤ੍ਰ ਹੋਨ ਦਾ ਵਿਚਾਰ ਠਾਨ ਲਿਆ। ਅਰ ਅਜੇ ਮੇਲੇ ਦੇ ਹੋਨ ਵਿਚ ਪੰਦ੍ਰਾਂ ਦਿਨ ਬਾਕੀ ਸਨ॥ ਕਿ ਕਈ ਹਜ਼ਾਰ ਸਿਖਾਂ ਦੇ ਆਉਨ ਦੀ ਖਵਰ ਪ੍ਰਸਿਧ ਹੋਈ।

ਨਾਜ਼ਮ ਲਾਹੌਰ ਆਪਨੇ ਬਚਨ ਕੀਤੇ ਹੋਏ ਤੇ ਬਾਹੋ ਕਮਜੋਰ ਸੀ। ਜਦੋਂ ਉਸਨੇ ਸੁਨਿਆ ਕਿ ਮੇਲੇ ਦੇ ਸਮਯ ਤੇ ਸਾਰੇ ਸਿਖ ਇਕ ਥਾਂ ਇਕਤ੍ਰ ਹੋਨ ਗੇ ਤਾਂ ਉਸ ਦੇ ਮਨ ਵਿਚ ਭਾਂਤ ਭਾਂਤ ਦੀ ਬਦਨੀਤੀ ਅਰ ਬਚਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭੰਗ ਕਰਨ ਦੇ ਵਿਚਾਰ ਉਤਪਤ ਹੋ ਗਏ । ਉਸਨੇ ਕਈ ਹਜ਼ਾਰ ਫ਼ੌਜ ਅੰਮ੍ਰਿਤਸਰ ਤੋਰ ਦਿਤੀ ਇਸ ਲਈ ਕਿ ਸਿਖਾਂ ਨੂੰ ਬੇ ਧਿਆਨੇ ਅਰ ਗ਼ਾਫਲ ਪਾ ਕੇ ਕਾਬੂ ਕਰ ਲਿਆ ਜਾਵੇ ਅਰ ਥਾਂ ਥਾਂ ਆਪਨੇ ਪੁਰਸ਼ ਇਸ ਕੰਮ ਲਈ ਨਿਯਤ ਕਰ ਦਿਤੇ ॥

ਜਦੋਂ ਅੰਮ੍ਰਿਤਸਰ ਵਿਚ ਨਾਜ਼ਮ ਦੀ ਫ਼ੌਜ ਆ ਪਹੁੰਚੀ ਤਾਂ ਮਨੀ ਸਿੰਘ ਨੂੰ ਸੁਝ ਗਈ ਅਰ ਉਨਾਂ ਦਾ ਮਥਾ ਫ਼ਰਕਿਆ ਕਿ ਕੁਝ ਨਾ ਕੁਝ ਦਾਲ ਵਿਚ ਕਾਲਾ ਜ਼ਰੂਰ ਹੈ । ਉਨਾਂ ਨੇ ਫ਼ੌਜਦਾਰ ਆਦਿਕਾਂ ਤੋਂ ਪੁਛਿਆ ਕਿ ਇਥੇ ਫ਼ੌਜ ਦਾ ਕੀ ਕੰਮ ਹੈ ? ਅਗੋਂ ਉਤਰ ਮਿਲਿਆ ਕਿ ਪ੍ਰਬੰਧ ਦੇ ਵਾਸਤੇ ਆਏ ਹਨ ਇਸ ਲਈ ਕਿ ਲੜਾਈ ਝਗੜੇ ਦਾ ਭਯ ਨਾ ਰਹੇ, ਲਾਹੌਰ ਅਰ ਅੰਮ੍ਰਿਤਸਰ ਵਿਚ ਕੋਈ ਬਹੁਤ ਵਿਥ ਨਹੀਂ ਹੈ । ਭਾਈ ਮਨੀ ਸਿੰਘ ਨੇ ਲਾਹੌਰ ਦੇ ਨਾਜ਼ਮ ਨੂੰ ਅਰਜ਼ੀ ਲਿਖੀ ਕਿ ਫ਼ੌਜ ਹਟਾ ਦਿਤੀ ਜਾਇ ਕੇਵਲ ਪੁਲਿਸ ਹੀ ਪ੍ਰਬੰਧ ਦੇ ਲਈ ਨਿਯਤ ਹੋਵੇ । ਪਰ ਇਹ ਅਰਜ਼ੀ ਨਾ ਮਨਜ਼ੂਰ ਹੋਈ । ਸਿਖਾਂ ਨੂੰ ਭਯ ਹੋਇਆ ਅਰ ਜੋ ਲੋਕ ਮੇਲੇ ਆਏ ਸੇ ਹੌਲੀ ਹੌਲੀ ਚੁਪਕੀਤੇ ਅਪਨੇ ਅਪਨੇ ਘਰਾਂ ਨੂੰ ਮੁੜ ਗਏ । ਆਪ ਸਾਰਿਆਂ ਨੂੰ ਖ਼ਬਰ ਕਰ ਦਿਤੀ ਕਿ ਨਾਜ਼ਮ ਨੇ ਛਲ ਕੀਤਾ ਹੈ ਅਰ ਉਹ ਮੇਲੇ ਦੇ ਸਮੇਂ ਕਾਬੂ ਕਰ ਲੈਣ ਦੀ ਨੀਅਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਖਦਾ ਹੈ। ਜਿਸ ਲਈ ਜੋ ਲੋਕ ਆਉਨ ਵਾਲੇ ਭੀ ਸਨ ਉਹ ਰਸਤੇ ਵਿਚੋਂ ਹੀ ਪਿਛਾਂਹ ਮੁੜ ਗਏ ਅਰ ਮੇਲੇ ਦੇ ਵਲੋਂ ਬਹੁਤ ਮੇਲਾ ਘਟ ਹੋਇਆ ਕੇਵਲ ਦੋ ਚਾਰ ਸੌ ਸੰਤ ਸਾਧੂ ਭਿਖਾਰੀ ਹੀ ਆਏ ਅਰ ਹਰੀ ਮੰਦਰ ਵਿਚ ਇਕ ਪੈਸਾ ਭੀ ਨ ਚੜ੍ਹਾਵਾ ਚੜ੍ਹਿਆ॥

++ ++
++ ++

ਤੀਜਾ ਅੰਕ

ਨਾਜ਼ਮ ਦੀ ਚਾਲ ਬਿਅਰਥ ਸਿਧ ਹੋਈ। ਸਿਖ ਉਸਦੇ ਜਾਲ ਵਿਚ ਨਾ ਫਸ ਸਕੇ। ਇਕ ਤਾਂ ਉਹ ਉਂਜ ਹੀ ਖਪਨਾ ਹੋਯਾ ਸੀ ਦੂਜਾ ਅੰਮ੍ਰਿਤਸਰ ਤੋਂ ਮਸੂਲ ਨਾ ਭੇਜਿਆ ਗਿਆ। ਕਿਉਂ ਜੋ ਮਨੀ ਸਿੰਘ ਦੇ ਪਾਸ ਇਕ ਪੈਸਾ ਭੀ ਨਹੀਂ ਸੀ ਨਾਜ਼ਮ ਨੇ ਹੁਕਮ ਦਿਤਾ ਕਿ " ਮਨੀ ਸਿੰਘ ਹੋਰਾਂ ਨੂੰ ਪਕੜ ਲਿਆਓ "।

ਮੁਸਲਮਾਨ ਉਨ੍ਹਾਂ ਨੂੰ ਪੈਰੀਂ ਬੇੜੀਆਂ ਪਾ ਕੇ ਪਕੜ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੇ ਲੈ ਗਏ। ਜਦੋਂ ਇਹ ਕਚਹਿਰੀ ਵਿਚ ਹਾਜਰ ਹੋਏ ਤਾਂ ਸਲਾਮ ਕਰਨ ਦੇ ਬਦਲੇ "ਸ੍ਰੀ ਵਾਹਿਗੁਰੂ ਜੀ ਦੀ ਫਤੇ ਹੈ" ਦਾ ਜੈਕਾਰਾ ਗਜਾਯਾ। ਨਾਜਮ ਕ੍ਰੋਧ ਨਾਲ ਸੜ ਬਲ ਕੇ ਕੋਲੇ ਹੋ ਗਿਆ ਅਰ ਕਹਿਨ ਲਗਾ ਕਿ "ਤੁਸੀਂ ਰੁਪਯਾ ਦਿਓ" ਮਨੀ ਸਿੰਘ ਬੋਲੇ "ਜੇਕਰ ਰੁਪਯਾ ਹੁੰਦਾ ਤਾਂ ਉਸੇ ਵੇਲੇ ਭੇਜਯਾ ਜਾਂਦਾ। ਜਦ ਚੜ੍ਹਾਵਾ ਇਕ ਪੈਸਾ ਭੀ ਨਹੀਂ ਚੜ੍ਹਿਆ ਤਾਂ ਫੇਰ ਦਸੋ ਕਿ ਕਿਥੋਂ ਦਈਏ"। ਨਾਜ਼ਮ ਨੇ ਧਮਕੀਆਂ ਦਿਤੀਆਂ ਅਰ ਬਹੁਤ ਕੁਝ ਭਲਾ ਬੋਲਿਆ। ਪ੍ਰੰਤੂ ਸ਼ਾਂਤਿ ਸੁਭਾਵ ਭਾਈ ਜੀ ਦੇ ਮਨ ਵਿਚ ਉਪਜਿਆ ਅਰ ਨਾ ਹੀ ਉਹ ਆਪਨੀ ਗਲ ਤੋਂ ਫਲੇ ਸਦਾ ਸਾਫ ਦਿਲੋਂ ਇਹੀ ਉਤਰ ਦਿੰਦੇ ਰਹੇ ਕਿ "ਮੇਰੇ ਕੋਲ ਰੁਪਯਾ ਕਿਥੇ ਹੈ ਜੇੜ੍ਹਾ ਮੈਂ ਦਿਆਂ"।

ਮਨੀ ਸਿੰਘ ਨੂੰ ਕਈ ਪ੍ਰਕਾਰ ਦੇ ਕਸ਼ਟ ਦਿਤੇ ਗਏ ਉਨਾਂ ਨੂੰ ਇਸ ਪ੍ਰਕਾਰ ਦੁਖ ਦਿਤੇ ਕਿ ਜਿਨਾਂ ਦੇ ਸੁਨਨ ਤੋਂ ਹੀ ਲੂੰ ਕੰਡੇ ਖੜੇ ਜਾਂਦੇ ਹਨ। ਪ੍ਰੰਤੂ ਉਸ ਅਨੋਖੇ ਦਿਲ ਅਰ ਦਿਮਾਗ਼ ਵਾਲੇ ਆਦਮੀ ਦੇ ਮਥੇ ਤੇ ਤੀਊੜੀ ਤੀਕਰ ਨਾ ਆਈ॥

ਜਦੋਂ ਧਮਕੀਆਂ ਤੋਂ ਕੰਮ ਨਾ ਬਨਿਆ ਅਰ ਨਾਜ਼ਮ ਕਸ਼ਟ ਦੇਂਦਾ ਥਕ ਗਿਆ। ਅਰ ਕਿਸੇ ਪ੍ਰਕਾਰ ਰੁਪਯਾ ਮਿਲਨ ਦਾ ਰਾਹ ਨਾ ਦਿਸਿਆ ਤਾਂ ਨਾਜ਼ਮ ਨੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੁਲਾਂ ਅਰ ਕਾਜੀਆਂ ਤੋਂ ਪੁਛਿਆ ਕਿ "ਇਸ ਪ੍ਰਕਾਰ ਦੇ ਔਗਨਹਾਰੇ ਪੁਰਸ਼ ਲਈ ਡੰਨ ਦੇਨ ਦਾ ਸ਼ਰਾ ਵਿਚ ਕੀ ਹੁਕਮ ਹੈ" ਕਾਜ਼ੀਆਂ ਨੇ ਕਿਹਾ "ਇਸ ਬਚਨ ਭੰਗ ਦੇ ਬੰਦ ਬੰਦ ਜੁਦਾ ਕਰਕੇ ਵਢ ਦਿਓ । ਅਰ ਜੇ ਕਰ ਇਹ ਮੁਸਲਮਾਨ ਹੋ ਜਾਵੇ ਤਾਂ ਬਖ਼ਸ਼ਿਆ ਜਾ ਸਕਦਾ ਹੈ ਨਹਾਂ ਤਾਂ ਬਹੁਤ ਬੁਰੀ ਤਰਾਂ ਇਸਨੂੰ ਮਾਰੋ" ।

ਸੂਬੇ ਲਾਹੌਰ ਨੇ ਭਾਈ ਮਨੀ ਸਿੰਘ ਜੀ ਨੂੰ ਕਾਜੀਆਂ ਦਾ ਹੁਕਮ ਸੁਨਾ ਦਿਤਾ ਅਰ ਮੁਸਲਮਾਨਾਂ ਦੀ ਟੋਟੀ ਖੁਆਨੀ ਚਾਹੀ । ਉਨਾਂ ਨੇ ਉਤ੍ਰ ਦਿਤਾ ਕਿ "ਮਰਨਾ ਕਬੂਲ ਹੈ ਕਿਉਂ ਜੋ ਮੁਸਲਮਾਨ ਹੋਕੇ ਭੀ ਮਰਨਾ ਹੈ, ਜੀਵਨ ਦਾ ਕੋਈ ਭਰੋਸਾ ਨਹੀਂ ਹੈ ਧਰਮ ਤੋਂ ਬਿਨਾਂ ਹੋਰ ਕੋਈ ਸੰਗੀ ਸਾਥੀ ਨਹੀਂ ਇਹੋ ਹੀ ਲੋਕ ਅਰ ਪ੍ਰਲੋਕ ਵਿਚ ਸਹਾਈ ਹੁੰਦਾ ਹੈ ਮੈਂ ਇਸ ਧਰਮ ਨੂੰ ਕਦਾ ਚਿਤ ਨਹੀਂ ਤਜ ਸਕਦਾ । ਨਾਜ਼ਮ ਨੇ ਫੇਰ ਦੁਬਾਰਾ ਸਮਝਾਇਆ ਪਰ ਮਨੀ ਸਿੰਘ ਜੀ ਬੋਲੇ "ਅਨਹੋਨੀ ਹੋਨੀ ਨਹੀ, ਹੋਨੀ ਹੋਇ ਭਾ ਹੋਇ । ਇਸ ਪੁਰਸ਼ ਦਾ ਜਨਮ ਦੇ ਬਾਰੰ ਬਾਰ ਨਹੀ ਹੋਨਾ । ਵਾਹਿਗੁਰੂ ਦੀ ਸ਼ਰਨ ਘੜੀ ਘੜੀ ਨਹੀ ਪ੍ਰਾਪਤ ਹੁੰਦੀ ਮੈ ਇਸ ਸ਼ਰੀਰ ਅਰ ਉਸ ਸ਼ਰਨ ਦਾ ਲਾਭ ਉਠਾਏ ਬਿਨਾਂ ਨਹੀਂ ਰਹਿ ਸਕਦਾ । ਆਪ ਜਲਾਦ ਨੂੰ ਹੁਕਮ ਦੇਵੋ ਮੈਂ ਮਰਨ ਨੂੰ ਤਿਆਰ ਬਰ ਤਿਆਰ ਹਾਂ" ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਜ਼ਮ ਨੇ ਉਨਾਂ ਨੂੰ ਜਲਾਦ ਦੇ ਸਪੁਰਦ ਕੀਤਾ ਇਹ ਖ਼ੁਸ਼ੀ ਖ਼ੁਸ਼ੀ ਉਸ ਨਾਲ ਤੁਰ ਪਏ ।

ਭਾਈ ਮਨੀ ਸਿੰਘ ਜੀ ਦੇ ਸ਼ਹੀਦ ਹੋਣ ਦੀ ਖਵਰ ਲਾਹੌਰ ਸ਼ਹਿਰ ਦੇ ਗਲੀ ਗਲੀ ਅਰ ਕੂਚਿਆਂ ਵਿਚ ਖਿਲਰ ਗਈ । ਉਸ ਵੇਲੇ ਲਾਹੌਰ ਵਿਚ ਕੁਝ ਸਿਖ ਰਿਹਾ ਕਰਦੇ ਸੇ। ਉਨਾਂ ਅਕਾਲ ਪੁਰਖ ਦੇ ਸਚੇ ਪਿਆ-ਰਿਆਂ ਨੇ ਉਗ੍ਰਾਹੀ ਕਰਕੇ ਅਰ ਆਪਨੀ ਆਪਨੀ ਇਸਤ੍ਰੀਆਂ ਦੇ ਗਹਿਣੇ ਆਦਿਕ ਵੇਚਵਾਚ ਕੇ ਪੰਜ ਹਜ਼ਾਰ ਰੁਪਜਾ ਕੱਠਾ ਕਰ ਲਿਆ। ਰੁਪਜਾ ਲੈਕੇ ਆ ਰਹੇ ਸੇ ਕਿ ਰਾਹ ਵਿਚ ਜਲਾਦ ਮਿਲੇ ਜੋ ਦਰਵਾਜੇ ਦੇ ਬਾਹਰ ਉਨਾਂ ਦੇ ਸ਼ਰੀਰ ਦੇ ਬੰਦ ਬੰਦ ਜੁਦਾ ਕਰਨ ਲਈ ਜਾ ਰਹੇ ਸਨ । ਸਿਖਾਂ ਨੇ ਸਿਪਾਹੀਆਂ ਨੂੰ ਕਿਹਾ ਕਿ "ਭਾਈ ਮਨੀ ਸਿੰਘ ਨੂੰ ਸ਼ਹੀਦ ਨਾ ਕਰੋ । ਰੁਪਜਾ ਹਾਜ਼ਰ ਹੈ। ਉਸਨੂੰ ਲੈ ਲਵੋ ਅਰ ਉਨਾਂ ਨੂੰ ਛਡ ਦਿਓ" ਸਿਪਾਹੀਆਂ ਨੇ ਉਤਰ ਦਿਤਾ ਕਿ ਰੁਪਜਾ ਹਾਕਮ ਕੋਲ ਲੈ ਜਾਓ ਜੇਕਰ ਉਹ ਛਡ ਦੇਵੇ ਤਾਂ ਸਾਨੂੰ ਕੀ ਉਜਰ ਹੈ?

ਵਿਚਾਰੇ ਸਿਖ ਸੋਚ ਵਿਚਾਰਾਂ ਵਿਚ ਪੈ ਗਏ ਵੇਲਾ ਕਿਥੇ ਰਿਹਾ ਸੀ ਕਿ ਕਚਹਿਰੀ ਵਿਚ ਜਾਂਦੇ। ਵਿਚਾਰੇ ਉਥੇ ਹੀ ਖੜੋਤੇ ਖੜੋਤੇ ਸੋਚਨ ਲਗੇ। ਇਕ ਨੇ ਕਿਹਾ "ਚਲੋ ਝਟ ਪਟ ਛਡ ਦੇਨ ਦਾ ਹੁਕਮ ਲਿਖਵਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਿਆਈਏ" ਦੂਜਾ ਬੋਲਿਆ ਕਿ "ਮੁਸਲਮਾਨੀ ਹਾਕਮਾਂ ਤੋਂ ਇੰਨੀ ਛੇਤੀ ਦੀ ਆਸ਼ਾ ਰਖਨੀ ਅਸੰਭਵ ਹੈ"। ਤੀਜੇ ਨੇ ਕਿਹਾ "ਕਿ ਸੋਚੋ ਤਾਂ ਸਹੀ ਕਿ ਜੇਕਰ ਰੁਪਯਾ ਭੀ ਲੈ ਲੀਤਾ ਅਰ ਸ਼ਹੀਦ ਭੀ ਕਰ ਦਿਤਾ ਤਾਂ ਫੇਰ ਕੀ ਕਰੋਗੇ"। ਚੌਥਾ ਬੋਲਿਆ ਕਿ ਰਤੀ ਭਾਈ ਮਨੀ ਸਿੰਘ ਜੀ ਤੋਂ ਭੀ ਪੁਛ ਲਈਏ ਦੇਖੋ ਉਹ ਕੀ ਕਹਿੰਦੇ ਹਨ?

ਅੰਤ ਨੂੰ ਇਹ ਸਾਰੇ ਭਾਈ ਮਨੀ ਸਿੰਘ ਜੀ ਨੂੰ ਮਿਲੇ ਅਰ ਜਦ ਉਨ੍ਹਾਂ ਦੀ ਸਲਾਹ ਲਈ ਗਈ ਤਾਂ ਉਨ੍ਹਾਂ ਨੇ ਪ੍ਰਸੰਨ ਹੋਕੇ ਕਿਹਾ ਕਿ "ਪਿਆਰੇ ਭਰਾਓ! ਇਹ ਵੇਲਾ ਹੁਨ ਸੋਚਨ ਵਿਚਾਰਨ ਦਾ ਨਹੀਂ ਹੈ। ਮੌਤ ਤਕ ਰਹੀ ਹੈ ਇਹ ਸ਼ਰੀਰ ਝੂਠਾ ਹੈ ਕਿਸੇ ਦੇ ਰਖਨ ਨਾਲ ਨਹੀਂ ਰਹਿ ਸਕੇਗਾ। ਮੌਤ ਤਾਂ ਹਰ ਪੁਰਸ਼ ਦੇ ਲਈ ਆਵੇਗੀ। ਪ੍ਰੰਤੂ ਇਸ ਪ੍ਰਕਾਰ ਦੀ ਮੌਤ ਕਦੀ ਸ੍ਰੇਸ਼ਟ ਅਰ ਭਲੇ ਭਾਗਾਂ ਸਹਿਤ ਹੀ ਪ੍ਰਾਪਤ ਹੋਂਦੀ ਹੈ। ਸ੍ਰੀਗੁਰੂ ਤੇਗ਼ ਬਹਾਦਰ ਜੀਮਹਾਰਾਜਨੇਧਰਮਪਿਛੇ ਕੁਰਬਾਨੀਕੀਤੀ ਅਰ ਸੀਤਕਮੂੰਹੋਂ ਨਾ ਆਖਿਆ। ਮੇਰੀਕੀਗਲਹੈ। ਤੁਹਾਡਾ ਪ੍ਰੇਮ ਅਰ ਭ੍ਰਾਤ੍ਰੀ ਭਾਵ ਦੇਖਕੇ ਮੈਂ ਅਤਿ ਪ੍ਰਸੰਨ ਹਾਂ ਆਪ ਲੋਕ ਚਿੰਤਾ ਨ ਕਰੋ ਮੈਨੂੰ ਭੀ ਬਲੀਦਾਨ ਹੋਨ ਦਿਓ ਬਿਨਾਂ ਸ਼ਹਾਦਤ ਅਰ ਬਲੀ ਦੇ ਇਸ ਅਨਰਥ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਰ ਅਨਜਾਈ ਦੀ ਜੜ ਨਸ਼ਟ ਨਹੀਂ ਹੋਵੇਗੀ । ਆਪ ਲੋਕ ਸ੍ਰੀ ਵਾਹਿਗੁਰੂ ਦੇ ਚਰਨਾਂ ਦਾ ਭਰੋਸਾ ਅਰ ਵਿਸ਼੍ਵਾਸ਼ ਰਖੋ । ਇੰਨਾ ਕੰਮ ਕਦੀ ਨ ਛਡੋ ਉਹ ਸਮਜ ਆਵਗਾ ਜਦੋਂ ਸਿਖ ਵਧਨ ਫੁਲਨ ਗੇ ਜਾਓ! ਚਿੰਤਾ ਨ ਕਰੋ ਸ੍ਰੀ ਗੁਰੂ ਤੇਗ਼ ਬਹਾਦਰ ਜੀ ਮਹਾਰਾਜ ਦੇ ਮੁਖ ਵਾਕ ਨੂੰ ਯਾਦ ਰਖੋ ॥

"ਚਿੰਤਾ ਤਾਕੀ ਕੀਜੀਏ ਜੋ ਅਨਹੋਨੀ ਹੋਇ। ਇਹ ਮਾਰਗ ਸੰਸਾਰ ਕੋ ਨਾਨਕ ਥਿਰ ਨਹੀ ਕੋਇ ॥"

ਜਾਓ! ਗੁਰੂ ਦੇ ਪਿਆਰੇ ਸਪੁਤ੍ਰੋ ਜਾਓ ਸੰਤੋਖ ਕਰੋ। ਬੋਲੋ "ਸ੍ਰੀ ਵਾਹਿਗੁਰੂ ਜੀ ਕਾ ਖਾਲਸਾ ਸ੍ਰੀ ਵਾਹਿ-ਗੁਰੂ ਜੀ ਕੀ ਫ਼ਤੇ ਹੈ"।

ਇਹ ਕਹਿਕੇ ਭਾਈ ਮਨੀ ਸਿੰਘ ਨੇ ਹਥ ਦੀ ਸੈਨਤ ਨਾਲ ਸਿਖਾਂ ਨੂੰ ਚਲੇ ਜਾਨ ਦਾ ਹੁਕਮ ਦਿਤਾ ਅਰ ਆਪ ਬੰਦ ਬੰਦ ਜੁਦਾ ਕਰਾਉਨ ਲਈ ਤਿਆਰ ਬਰ ਤਿਆਰ ਹੋਗਏ।

ਇਸ ਬ੍ਰਿਧ ਮਹਾਤਮਾ ਦਾ ਹਨੇਰ ਦਾ ਹਠ ਸੀ ਜਲਾਦਾਂ ਨੇ ਉਨਾਂ ਨੂੰ ਇਕ ਖੰਡੇ ਨਾਲ ਬੇਨ ਦਿਤਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਹਿਲੇ ਹਥ ਪੈਰ ਕਟਨੇ ਚਾਹੇ। ਭਾਈ ਮਨੀ ਸਿੰਘ ਨੇ ਕਿਹਾ "ਭਲੇ ਪੁਰਸ਼ੋ! ਇੰਨੀ ਛੇਤੀ ਕਿਉਂ ਕਰਦੇ ਹੋ? ਤੁਹਾਨੂੰ ਬੰਦ ਬੰਦ ਜੁਦਾ ਕਰਨ ਦਾ ਹੁਕਮ ਹੈ। ਹਥਾਂ ਪੈਰਾਂ ਦੇ ਪੋਟੇ ਪੋਟ ਨੂੰ ਵਖਰਾ ਵਖਰਾ ਕਰੋ ਫੇਰ ਹਥ ਪੈਰ ਅਧਾ ਅਧਾ ਕਰਕੇ ਕਟੋ"। ਜਲਾਦਾਂ ਨੇ ਅਜੇਹਾ ਹੀ ਕੀਤਾ।

ਉਂਗਲਾਂ ਵਢੀਆਂ ਜਾ ਰਹੀਆਂ ਹਨ, ਹਥਾਂ ਪੈਰਾਂ ਦੇ ਪੋਟੇ ਵਖੋ ਵਖ ਹੋ ਰਹੇ ਹਨ। ਪ੍ਰੰਤੂ ਭਾਈ ਮਨੀ-ਸਿੰਘ ਜੀ ਬੇਪ੍ਰਵਾਹੀ ਨਾਲ ਅਰ ਸ਼ਾਂਤਿ ਸਹਿਤ "ਸ੍ਰੀ ਵਾਹਿਗੁਰੂ" ਦਾ ਸਿਮਰਨ ਕਰ ਰਹੇ ਹਨ। ਸਭ ਬੰਦ ਬੰਦ ਜੁਦਾ ਕੀਤੇ ਗਏ ਪਰ ਉਸ ਪਰਮ ਭਗਤ ਮਹਾਤਮਾ ਦੀ ਪਵਿਤ੍ਰ ਰਸਨਾ ਤੋਂ ਬਿਨਾਂ "ਵਾਹਿਗੁਰੂ" ਦੇ ਹੋਰ ਕੁਝ ਨਾ ਸ਼ਬਦ ਨਿਕਲਿਆ। ਜਲਾਦਾਂ ਦੀ ਬੇ ਤਰਸੀ ਅਰ ਭਾਈ ਮਨੀ ਸਿੰਘ ਜੀ ਦੀ ਹਠ ਧਰਮੀ ਦੋਵੇਂ ਸ਼ੋਭਾ ਯੋਗ ਹਨ। ਅੰਤਸ਼ ਦਸ਼ਾ ਤੀਕਰ "ਸ੍ਰੀਵਾਹਿ-ਗੁਰੂ" ਸ੍ਰੀ ਵਾਹਿਗੁਰੂ" ਦਾ ਜਾਪ ਹੁੰਦਾ ਰਿਹਾ ਜਿਸ ਵੇਲੇ ਭਾਈ ਜੀਦਾ ਸੀਸ ਧੜ ਤੋਂ ਵਖਰਾ ਕੀਤਾ ਗਿਆ ਉਸੀ ਵੇਲੇ ਜਾਪ ਦੀ ਆਵਾਜ਼ ਬੰਦ ਹੋਈ।

ਇਹ ਸੂਰਮਤਾਈ, ਇਹ ਹਠਧਰਮੀ, ਇਹ ਦ੍ਰਿੜਤਾ ਅਰ ਨਿਰਭਤਾ ਕਿੱਥੇ ਕਿਸੇ ਨੇ ਵੇਖੀ ਹੋਵੇਗੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਾਹ ਵਾਹ ਸ਼ਾਵਾ ਹੈ ਐਸੇ ਹਠ ਤੇ ਅਰ ਇਸ ਧਰਮ ਦੀ ਨਿਹਚਾ ਅਰ ਵਿਸ਼੍ਵਾਸ਼ ਤੇ! ਇਹ ਅਸਲੀ ਯੋਗ ਅਸਲੀ ਲੀਨਤਾਈ ਅਰ ਅਸਲੀ ਤਪ ਹੈ। ਜਿਨਾਂ ਵਿਚ ਅਜੇਹੀ ਦ੍ਰਿੜਤਾਈ ਹੁੰਦੀਹੈ ਉਹੀ ਲੋਕ ਕੁਝ ਨਿਰ-ਬਾਨ ਪਦਵੀ ਦੇ ਅਧਿਕਾਰੀ ਹੁੰਦੇ ਹਨ। ਭਾਈ ਮਨੀ ਸਿੰਘ ਜੀ ਅਜੇਹੇ ਸ਼ੇਰ ਮਰਦਾਂ ਅਰ ਸੂਰਮਿਆਂ ਦੀ ਸ਼ੋਭਾ ਕੋਈ ਕੀ ਕਰ ਸਕਦਾ ਹੈ!

ਸਿਖਾਂ ਦੇ ਪੰਥ ਦੀ ਸਤਜਤਾ ਲਿਖੇ ਹੋਏ ਯਾ ਵਜਾਖਯਾ ਵਿਸ਼ਜਾਂ ਤੋਂ ਨਹੀਂ ਸਿੱਧ ਕੀਤੀ ਜਾਂਦੀ ਕਿੰਤੂ ਉਸਦੀ ਨੀਂਹ ਅਜੇਹੀ ਸਚੀ ਭਗਤੀ ਤੇ ਹੈ ਜਿਸ ਦਾ ਦ੍ਰਿਸ਼ਟਾਂਤ ਸੰਸਾਰ ਵਿਚ ਹੋਰ ਕਿਧਰ ਨਹੀਂ ਮਿਲ ਗਾ। ਜੋ ਪੰਥ ਅਜੇਹੇ ਸਚੇ ਪੁਰਸ਼ ਉਤਪਤ ਕਰਦਾ ਹੈ ਉਸਦੀ ਸਚਯਾਈ ਵਿਚ ਕੇਵਲ ਅੰਞਾਨ ਅਰ ਨਿਰ ਬੁਧੀ ਪੁਰਸ਼ ਨੂੰ ਸੰਦੇਹ ਹੁੰਦਾ ਹੈ।

ਕੁਝ ਚਿੰਤਾ ਨਹੀ ਪੰਥ ਹੈ ਜੋਕਰ ਖੰਡੇ ਧਾਰ। ਹਰ ਪਲ ਕ੍ਰਿਪਾ ਦ੍ਰਿਸ਼੍ਟ ਹੈ ਉਸ ਸਚੇ ਕਰਤਾਰ।

ਕੱਟੇ ਹੋਏ ਜੋੜਾਂ ਨੂੰ ਲਜਜਾਵਾਨ ਸਿਖ ਗੁਰ ਪੁੰਜੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੈ ਗਏ ਅਰ ਮਸਤੀ ਦਰਵਾਜਿਓਂ ਬਾਹਰ ਉਨਾਂ ਦਾ ਸਸਕਾਰ ਕੀਤਾ ਜਿੱਥੇ ਹੁਣ ਭੀਤਰ ਲਾਹੌਰ ਦੇ ਮਸਤੀ ਦਰਵਾਜੇ ਦੇ ਅੰਦਰ ਇਕ ਪਕਾ ਸ਼ਹੀਦ ਗੰਜ ਗੁਰ ਦੁਵਾਰਾ ਬਨਿਆ ਹੋਇਆ ਹੈ ਇਥੇ ਮਨੀ ਸਿੰਘ ਜੀ ਦਾ ਦਾਹ ਹੋਇਆ ਸੀ । ਜੋ ਸੱਚੇ ਧਰਮਾਤਮਾ ਲੋਕ ਉਥੋਂ ਦੀ ਲੰਘਦੇ ਹਨ ਉਸਦਾ ਦਰਸ਼ਨ ਕਰਕੇ ਸਿਖਯਾ ਅਰ ਸਚਯਾਈ ਦੀ ਸੰਥਾ ਲੈਂਦੇ ਹਨ ॥

"ਬਿਨਾ ਧਰਮ ਦੇ ਸੰਗ ਨਾ ਜਾਂਦਾ ਹੈ ਕੋਈ ਜਾਨ। ਇਕ ਦਿਨ ਮਰਨਾ ਹੋਵਸੀ ਝੂਠਾ ਇਹ ਜਹਾਨ" ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਾਈ ਮਤਾਬ ਸਿੰਘ ਜੀ

ਅਤੇ

ਸੁਖਾਨ ਸਿੰਘ ਜੀ

ਆਦਿਕ

ਪਹਿਲਾ ਅੰਕ

ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਅਰ ਮੁਸਲਮਾਨਾਂ ਦੇ ਹਦੋਂ ਬਾਹਰਾ ਅਨਜਾਇ ਅਰ ਦੁਸ਼ਟਤਾਈਆਂ ਕਰਨੀਆਂ ਆਦਿਕਾਂ ਨੇ ਸਿਖਾਂ ਦੇ ਦਿਲਾਂ ਨੂੰ ਇਕ ਵਾਰੀ ਭੜਕਾ ਦਿਤਾ ਭ੍ਹਾਈ ਮਨੀ ਸਿੰਘ ਜੀ ਦੀ ਪੰਥ ਵਿਚ ਬੜੀ ਉਪਮਾ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਉਪ੍ਰੰਤ ਫੇਰ ਕਿਸੇ ਸਿਖ ਦੀ ਅਜੇਹੀ ਮਾਨਤਾਈ ਨਹੀ ਕੀਤੀ ਜਾਂਦੀ ਸੀ। ਉਨਾਂ ਦੇ ਸ਼ਹੀਦ ਹੋਨ ਦੀ ਖਵਰ ਨੂੰ ਸਨਕੇ ਸਿਖ ਆਪਨੇ ਆਪ ਤੋਂ ਜਾਂਦੇ ਰਹੇ। ਅਰ ਫੇਰ ਉਹੋ ਲੁਟ ਮਾਰ ਕਰਨੀ ਆਰੰਭ ਕਰ ਦਿਤੀ। ਸਭ ਤੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਹਿਲੇ ਸਿਖਾਂ ਨੇ ਕਾਜ਼ੀ ਅਬਦੁਲ ਖਾਂ ਅੰਮ੍ਰਿਤਸਰੀਏ ਨੂੰ ਵਢਿਆ ਜਿਸ ਨੇ ਭਾਈ ਮਨੀ ਸਿੰਘ ਜੀ ਨੂੰ ਜੰਜੀਰ ਜਕੜ ਕੇ ਲਾਹੌਰ ਭੇਜਿਆ ਸੀ। ਹੋਰ ਭੀ ਕਿੰਨੇ ਹੀ ਮੁਸਲਮਾਨ ਮਾਰੇ ਗਏ। ਹਰ ਪਾਸਿਓਂ ਤੋਬਾ ਤੋਬਾ, ਅਲਾ ਖ਼ੈਰ! ਅਲਾ ਰਖਲੈ!" ਦੀਆਂ ਆਵਾਜ਼ਾਂ ਆਉਨ ਲਗੀਆਂ। ਅੰਮ੍ਰਿਤਸਰ ਦੇ ਤਾਂ ਬਹੁਤ ਸਾਰੇ ਮੁਸਲਮਾਨ ਘਰ ਬਾਹਰ ਛਡ ਕੇ ਦੂਰ ਦੂਰ ਨਸ ਗਏ॥

ਜਦੋਂ ਲਾਹੌਰ ਦੇ ਸੂਬੇ ਨੇ ਲੁਟ ਮਾਰ ਦੀਆਂ ਖਬਰਾਂ ਸੁਨੀਆਂ। ਤਾਂ ਫੇਰ ਯਾਤ੍ਰੀ ਫ਼ੌਜ ਨੂੰ ਬਾਹਰ ਜਾਨ ਲਈ ਹੁਕਮ ਸੁਨਾਇਆ। ਅਰ ਪਹਿਲੇ ਵਾਂਙੂ ਸਾਰੇ ਸੂਬਿਆਂ ਦੇ ਜਿਮੀਂਦਾਰ, ਤਲੁਕਦਾਰ ਅਰ ਨੰਬ੍ਰਦਾਰਾਂ ਨੂੰ ਸਿਖਾਂ ਦੇ ਕਸ਼ਟ ਦੁਖ ਆਦਿਕ ਦੇਨੇ ਅਰ ਉਨਾਂ ਦੀਆਂ ਮੁਕਬਰੀਆਂ ਕਰਨੇ ਦੇ ਹੁਕਮਨਾਮੇ ਲਿਖਵਾਏ। ਫੇਰ ਭੀ ਮੁਸਲਮਾਨਾਂ ਦੇ ਨਾਲ ਹਿੰਦੂਆਂ ਨੇ ਅਜੇਹੇ ਹੁਕਮਨਾਮਿਆਂ ਤੇ ਦਸਤਖਤ ਕਰ ਹੀ ਦਿਤੇ। ਹਜ਼ਾਰਾਂ ਜਤਨ ਕੀਤੇ ਗਏ ਪ੍ਰੰਤੂ ਕੋਈ ਭੀ ਸਿਖਾਂ ਦਾ ਵਾਲ ਨਾ ਵਿੰਗਾ ਕਰ ਸੱਕਿਆ। ਅਰ ਉਨਾਂ ਨੇ ਮੁਸਲਮਾਨਾਂ ਦਾ ਨਕ ਸਾਹ ਲਿਆ ਦਿਤਾ। ਪ੍ਰੰਤੂ ਸਗਵਾਂ ਇਹ ਫਲ ਨਿਕਲਜਾ ਕਿ ਬਹੁਤ ਸਾਰੇ ਸਿਖਾਂ ਨੇ ਪੰਜਾਬ ਨੂੰ ਤਜ ਕੇ ਰਾਜਪੂਤਾਨੇ ਵਿਚ ਵਾਸਾ ਕਰ ਲਿਆ। ਉਹ ਲੋਕ ਜੇਹੜੇ ਲੁਟ ਮਾਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕਰਦੇ ਸੇ ਨਿਸੰਦੇਹ ਹਰ ਥਾਂ ਘੁੰਮਦੇ ਫਿਰਦੇ ਅਰ ਅਪਨੇ ਸ਼ਤ੍ਰੂਆਂ ਨੂੰ ਸਤਾਂਦੇ ਰਹਿੰਦੇ ਸੇ ॥

ਉਸ ਵੇਲੇ ਦਿੱਲੀ ਦੀ ਦਸ਼ਾ ਅਤਿ ਖਰਾਬ ਸੀ। ਇਸ ਲਈ ਹੁਨ ਸਿਖਾਂ ਦਾ ਦਬਾਉਨਾ ਕੋਈ ਸੁਖਾਲਾ ਕੰਮ ਨਹੀਂ ਸੀ। ਜੋ ਜਿਸਦੇ ਜੀ ਵਿਚ ਆਇਆ ਕਰ ਦਿਤਾ ਕੋਈ ਕਿਸੇ ਨੂੰ ਪੁਛਨ ਵਾਲਾ ਨਾ ਰਿਹਾ ॥

—:ം:—

ਭਾਈ ਬੂਟਾ ਸਿੰਘ ਜੀ

ਉਸ ਵੇਲੇ ਤਰਨਤਾਰਨ ਦੇ ਕੋਲ ਭਾਈ ਬੂਟਾ ਸਿੰਘ ਜੀ ਨਾਮੇ ਇਕ ਸ਼ਤ੍ਰੂਆਂ ਦਾ ਲੁਟੇਰਾ ਰਹਿੰਦਾ ਸੀ। ਉਸ ਦਾ ਕੰਮ ਇਹ ਸੀ ਕਿ ਬਨਾਂ ਤੇ ਰੱਖਾਂ ਵਿਚੋਂ ਸ਼ਤ੍ਰੂ ਯਾਤ੍ਰੀਆਂ ਨੂੰ ਲੁਟ ਲਿਆ ਕਰਦਾ ਸੀ। ਦਿਨ ਨੂੰ ਬਾਹਰ ਘੱਟ ਨਿਕਲਦਾ ਸੀ। ਰਾਤ ਨੂੰ ਛਾਪਾ ਮਾਰਿਆ ਕਰਦਾ ਸੀ। ਇਕ ਦਿਨ ਦੋ ਜ਼ਿਮ-ਦਾਰਾਂ ਨੇ ਉਸ ਨੂੰ ਦੇਖ ਲਿਆ। ਇਕ ਨੇ ਪੁਛਿਆ ਕੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਇਹ ਸਿੰਘ ਹੈ? ਦੂਜੇ ਨੇ ਕਿਹਾ ਇਹ ਸਿਘ ਨਹੀਂ ਗਿਦੜ ਹੈ। ਨਹੀਂ ਤਾਂ ਲੁਕ ਛਿਪ ਕੇ ਸ਼ਿਕਾਰ ਮਾਰਨ ਦੀ ਕੀ ਲੋੜ ਹੈ ਬੂਟਾ ਸਿੰਘ ਨੇ ਉਨਾਂ ਦੀ ਗਲ ਸੁਨ ਲਈ। ਨਿਰਭਯ ਹੋ ਕੇ ਉਨਾਂ ਕੋਲ ਚਲਿਆ ਆਇਆ। ਇਹ ਡਰ ਗਏ ਉਹ ਕਹਿਨ ਲਗਾ। ਜਾਓ ਤੁਸੀ ਹਿੰਦੂ ਹੋ ਇਸ ਲਈ ਮੈਂ ਆਪਨੀ ਸੂਰਮਤਾਈ ਕੀ ਦਿਖਾਵਾਂ ਪ੍ਰੰਤੂ ਹੁਨ ਅਜ ਤੋਂ ਮੈਂ ਦਿਨ ਦਿਹਾੜੇ ਲੁਟਿਆ ਕਰਾਂ ਗਾ ਇਸ ਲਈ ਕਿ ਸਿੰਘਾਂ ਨੂੰ ਕੋਈ ਗਿਦੜ ਨ ਕਹਿ ਸਕੇ। ਇਹ ਕਹਿਕੇ ਬੂਟਾ ਸਿੰਘ ਅਪਨੇ ਸਾਥੀਆਂ ਨੂੰ ਲੈ ਕੇ ਅੰਮ੍ਰਿਤ ਸਰ ਚਲਿਆ ਆਇਆ। ਅਰ ਨੂਰਦੀਨ ਦੀ ਸਰਾਂ ਵਿਚ ਡੇਰਾ ਲਾ ਦਿਤਾ। ਇਕ ਆਨਾ ਭਾੜਾ ਲੈਨਾ ਆਰੰਭ ਕੀਤਾ ਹਾਥੀ, ਘੋੜੇ, ਖਚਰ ਅਰ ਖੋਤੇ ਕੋਈ ਭੀ ਇਸ ਭਾੜੇ ਤੋਂ ਖਾਲੀ ਨਹੀਂ ਸੀ। ਸੈਂਕੜੇ ਪਾਤਸ਼ਾਹੀ ਵਜ਼ੀਰ, ਮੁਨਸ਼ੀ, ਮੁਸੱਦੀ ਆਦਿਕ ਜੋ ਇਸ ਰਸਤਿਓਂ ਲੰਘਦੇ ਸੇ ਭਾੜਾ ਦੇਕੇ ਜਾਂਦੇ ਸੇ ਕਈਆਂ ਵਰਿਆਂ ਤੀਕਰ ਇਸੇ ਪ੍ਰਕਾਰ ਉਹ ਕਰਦਾ ਰਿਹਾ। ਪ੍ਰੰਤੂ ਕਿਸੇ ਪੁਰਸ਼ ਨੇ ਭੀ ਵੱਟੀ ਨਾ ਵਾਹੀ ਕਿ ਤੂੰ ਕੌਨ ਹੈਂ ਅਰ ਕਿੰਉਂ ਇਸ ਪ੍ਰਕਾਰ ਕਰਦਾ ਹੈਂ। ਇਹ ਉਸ ਸਮੇਂ ਦੇ ਪ੍ਰਬੰਧ ਦੀ ਖੂਬੀ ਸੀ ਜਦੋਂ ਕਈ ਵਰੇ ਬੀਤ ਚੁਕੇ ਤਾਂ ਬੂਟਾ ਸਿੰਘ ਨੇ ਲਾਹੌਰ ਦੇ ਸੂਬੇ ਨੂੰ ਇਹ ਖਤ ਲਿਖਿਆ" ਦੇਖ ਮੈਂ ਕਿਸ ਪ੍ਰਕਾਰ
CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਰਿਆਂ ਬਧੀ ਲੁਟ ਮਾਰਦਾ ਰਿਹਾਂ ਤੈਨੂੰ ਖਵਰ ਭੀ ਨਹੀ ਤੂੰ ਸਿੰਘਾਂ ਦਾ ਨਾਸ਼ ਕਰਨਾ ਚਾਹੁੰਦਾ ਹੈਂ ਉਹ ਤਾਂ ਨਾਸ਼ ਨਹੀਂ ਹੋਨ ਗੇ ਪ੍ਰੰਤੂ ਤੈਨੂੰ ਨਾਸ਼ ਕਰ ਦੇਣਗੇ। ਬੂਟਾ ਸਿੰਘ ਦੇ ਇਸ ਪਤ੍ਰ ਲਿਖਣ ਦਾ ਪ੍ਰਗਟਿਤ ਤਾਤਪਰਜ ਇਹ ਸੀ ਕਿ ਉਹ ਅਸਲੀ ਛੱਤ੍ਰੀਆਂ ਦੀ ਨਿਆਈਂ ਲੜਕੇ ਜਾਨ ਦੇਣੀ ਚਾਹੁੰਦੇ ਸੇ ॥

ਇਸ ਪਤ੍ਰ ਨੂੰ ਪੜਕੇ ਨਵਾਬ ਖਾਨ ਬਹਾਦਰ ਨਾਜ਼ਮ ਨੇ ਜਲਾਲ ਦੀਨ ਫੌਜਦਾਰ ਨੂੰ ਇਕ ਸੌ ਅਸਵਾਰ ਦੇ ਕੇ ਬੂਟਾ ਸਿੰਘ ਦੇ ਪਗੜਨ ਲਈ ਭੇਜਨਾ ਉਸਨੇ ਉਸਦਾ ਸਾਮਨਾ ਕੀਤਾ ਮਜ਼ਬੀ ਸਿੰਘ ਉਸਦੀ ਰਖਜਾ ਲਈ ਆਏ ਅਰ ਸਭ ਦੇ ਸਭ ਸੂਰਮ ਤਾਈ ਅਰ ਬਹਾਦਰੀ ਸਹਿਤ ਲੜਕੇ ਮਾਰੇ ਗਏ। ਇਕ ਸਿਖ ਭੀ ਮੁਸਲਮਾਨਾਂ ਦੇ ਹਥ ਜੀਊਂਦਾ ਨਾ ਆਯਾ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੂਜਾ ਅੰਕ

ਭਾਈ ਰਾਮ ਸਿੰਘ ਜੀ ਤੇ ਦਯਾ ਸਿੰਘ ਜੀ

ਉਸ ਸਮਯ ਵਿਚ ਔਰੰਗਾਬਾਦ ਨਾਮੇ ਦੇ ਕੋਲ ਭਾਈ ਰਾਮਸਿੰਘਜੀ ਤੇ ਦਯਾਸਿੰਘਜੀ ਰਹਿੰਦੇ ਸੀ। ਉਨ੍ਹਾਂ ਦੇ ਨਾਲ ਕੇਵਲ ਚਾਰ ਵੀਹ ਪੰਜੀ ਹੀ ਸਿਖ ਸਨ। ਹੈਬਤ ਖ਼ਾਂ ਬਹਾਦਰ ਨਾਮੇ ਨਾਲ ਉਨਾਂ ਦਾ ਸਾਮਨਾ ਹੋ ਗਿਆ। ਉਸ ਨਾਲ ਕੋਈ ਸੌ ਤੋਂ ਵਧੀਕ ਸਵਾਰ ਸਨ। ਇਹ ਜ਼ਾਹਰ ਖਾਂ ਨਾਮੇ ਪਠਾਨ ਕੋਟ ਦੇ ਹਾਕਮ ਦੇ ਪਾਸ ਉਸ ਦੀਆਂ ਬੇਗਮਾਂ ਨੂੰ ਸ੍ਰਹਿੰਦ ਪਹੁੰਚਾਣੇ ਜਾ ਰਿਹਾ ਸੀ ਇਨਾਂ ਸਿਖਾਂ ਭਰਾਵਾਂ ਪਾਸ ਖਰਚ ਮੁੱਕਾ ਹੋਯਾ ਸੀ ਉਸਨੂੰ ਆਕੇ ਰਾਹ ਵਿਚ ਰੋਕ ਲਿਆ। ਹੈਬਤ ਖ਼ਾਂ ਓਨਾਂ ਅਨੇ ਗਨੇ ਥੋੜੇ ਕੁ ਪੁਰਸ਼ਾਂ ਨੂੰ ਵੇਖਕੇ ਉਨਾਂ ਦੀ ਅੰਞਾਣਤਾਈ ਤੇ ਹਸਿਆ। ਮੁਸਲਮਾਨਾਂ ਨੂੰ ਕਿਹਾ" ਕਿ ਇਨਾਂ ਸਿਖਾਂ ਨੂੰ ਘੇਰ ਘਾਰ ਕੇ ਮਾਰ ਲਵੋ ਇਕ ਭੀ ਨ ਬਚਨੇ ਪਾਵੇ ਪ੍ਰੰਤੂ ਜਦੋਂ ਸਿਖਾਂ ਨੇ ਤਲਵਾਰਾਂ ਧੂਹੀਆਂ ਉਨਾਂ ਤੁਰਕਾਂ ਦੇ ਦੰਦ ਖਟੇ ਹੋਗਏ। ਹੈਬਤ ਖ਼ਾਂ ਮਾਰਿਆ ਗਿਆ ਉਸਦੇ ਬਹੁਤ ਸਾਰੇ ਸਾਥੀ ਕੰਮ ਆਏ ਜੋ ਬੜੇ ਭਯ ਭੀਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੇ ਨਸ ਗਏ ਸਿਖਾਂ ਨੇ ਉਨਾਂ ਦਾ ਮਾਲ ਅਸਬਾਬ ਲੁਟ ਲਿਆ ਇਸ ਪ੍ਰਕਾਰ ਕੁਝ ਕੁ ਅਨੇ ਗਿਨੇ ਸਿਖ ਬੜੇ ਬੜੇ ਵਡੇ ਟੋਲਿਆਂ ਨੂੰ ਕੇਵਲ ਆਪਨੀ ਸੂਰਮਤਾਈ ਅਰ ਬੀਰਤਾ ਨਾਲ ਨਸ਼ਟ ਕਰ ਦੇਂਦੇ ਹੁੰਦੇ ਸੇ ॥

ਤੀਜਾ ਅੰਕ

ਜਦ ਤੋਂ ਭਾਈ ਮਨੀ ਸਿੰਘ ਜੀ ਸ਼ਹੀਦ ਹੋਏ ਸੇ। ਉਸੇ ਵੇਲੇ ਤੋਂ ਦਰਬਾਰ ਸਾਹਿਬ ਅੰਮ੍ਰਿਤਸਰ ਮੁਸਲਮਾਨਾਂ ਦੇ ਹਥ ਆ ਗਿਆ ਸੀ। ਸਿਖ ਯਾ ਹਿੰਦੂ ਨੂੰ ਉਸ ਵਿਚ ਪਾਠ ਪੂਜਾ ਕਰਨ ਦੀ ਆਗਜਾ ਨਹੀਂ ਸੀ। ਮਸੇ ਖਾਂ ਰੰਘੜ ਨਾਮੇ ਇਕ ਮੁਸਲਮਾਨ ਉਸਦਾ ਮਾਲਕ ਬਨ ਬੈਠਾ ਹੋਇਆ ਸੀ। ਇਹ ਅੰਮ੍ਰਿਤਸਰ ਦਾ ਜਗੀਰਦਾਰ ਸੀ। ਉਸਨੇ ਕੇਵਲ ਸਿਖਾਂ ਦੇ ਦਿਲ ਦੁਖਾਨ ਲਈ ਹਰੀ ਮੰਦਰ ਵਿਚ ਜਾ ਡੇਰਾ ਲਾਇਆ ਸੀ ਅਰ ਜਿਥੇ [illegible]

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਸੀ ਉਥੇ ਹੀ ਪਲੰਘ ਡਾਹ ਕੇ ਹੁਕਾ ਪੀਂਦਾ ਹੁੰਦਾ ਸੀ ਕਈ ਵਾਰ ਉਸਨੇ ਉਥੇ ਗਾਨ ਰੰਗ ਗਾਉਨ ਵਜਾਉਨੇ ਅਰ ਮੁਜਰਿਆਂ ਦੀ ਸਭਾ ਕਰਕੇ ਆਨੰਦ ਲੈਂਦਾ ਹੁੰਦਾ ਸੀ ॥

ਇਹ ਸਭ ਕੌਤਕ ਬੁਲਾਕਾ ਸਿੰਘ ਨਾਮੇ ਇਕ ਸਿਖ ਨੇ ਦੇਖ ਉਹ ਦੁਖੀ ਹੋਕੇ ਅੰਮ੍ਰਿਤਸਰੋਂ ਬੀਕਾਨੇਰ ਨੂੰ ਤੁਰਿਆ ਜਿਥੇ ਸਿਖਾਂ ਦੀ ਬੜੀ ਭਾਰੀ ਟੋਲੀ ਰਹਿੰਦੀ ਹੁੰਦੀ ਸੀ। ਉਨਾਂ ਨੂੰ ਜਾਕੇ ਦਰਬਾਰ ਸਾਹਿਬ ਦੀ ਬੇਅਦਬੀ ਅਰ ਦੁਰਦਿਸ਼ਾ ਦਾ ਸਾਰਾ ਬ੍ਰਿਤੰਤ ਕਹਿ ਸੁਨਾਇਆ । ਸਿਖ ਉਸ ਖਵਰ ਨੂੰ ਸੁਨਕੇ ਅਤਿ ਕ੍ਰੋਧਿਤ ਹੋਏ ਅਰ ਬੁਲਾਕਾ ਸਿੰਘ ਨੂੰ ਕਹਿਨ ਲਗੇ ਕਿ " ਸਾਨੂੰ ਬਹੁਤਾ ਗੁਸਾ ਅਰ ਸ਼ੋਕ ਇਸ ਗਲ ਦਾ ਹੈ ਕਿ ਤੂੰ ਸਿਖ ਹੋ ਕੇ ਇਹ ਸਭ ਦੁਸ਼ਟਤਾਈਆਂ ਦੇਖੀਆਂ ਅਰ ਆਪਨਾ ਸੀਸ ਗੁਰੂ ਨਮਿਤ ਅਰਪਨ ਨਹੀਂ ਕਰ ਦਿਤਾ ਸਚਾ ਵਾਹਿਗੁਰੂ ਅਕਾਲ ਪੁਰਸ਼ ਚਾਹੁੰਦਾ ਹੈ ਕਿ ਹਰ ਇਕ ਸਿਖ ਆਪਨੇ ਆਪਨੇ ਧਰਮ ਦਾ ਧਿਆਨ ਰਖੇ ॥

ਜਦੋਂ ਇਹ ਸਾਰੀ ਗਲ ਹੋ ਰਹੀ ਸੀ ਤਾਂ ਬੁਢਾ ਸਿੰਘ ਨਾਮੇ ਇਕ ਸਿਖ ਨੇ ਆਪਨੀ ਤਲਵਾਰ ਧਰੂਹ ਕੇ ਸਿਖਾਂ ਦੇ ਸਾਮਨੇ ਰਖ ਦਿਤੀ ਅਰ ਕਹਿਨ ਲਗਾ " ਕੇੜਾ ਸੂਰਾ ਗੁਰੂ ਦਾ ਦਾਸ ਹੈ ਜੋ ਇਸੇ ਤਲਵਾਰ ਨਾਲ ਮਸੇ ਰੰਘੜ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਾ ਸਿਰ ਵਢ ਕੇ ਸਾਡੇ ਕੋਲ ਲੈ ਆਏ ॥

ਮੀਰਾਂ ਕੋਟ ਦੇ ਵਾਸੀ ਮਤਾਬ ਸਿੰਘ ਅਰ ਸੁਖਾਨ ਸਿੰਘ ਉਠੇ ਅਰ ਖਾਲਸਾ ਦੇ ਦੀਵਾਨ ਵਿਚ ਖੜੋ ਕੇ ਦੋਵੇਂ ਹਥਜੋੜਕੇ ਬੇਨਤੀ ਕਰਨਲਗੇ ਕਿ" ਇਹਸੇਵਾਸਾਡੇ ਯੋਗ ਬਖਸ਼ੀ ਜਾਵੇ ਅਸੀ ਇਸਨੂੰ ਪੂਰਿਆਂ ਕਰਾਂ ਗੇ ਆਗਯਾ ਲੈ ਕੇ ਦੋਹਾਂ ਨੇ ਬੁਢਾ ਸਿੰਘ ਦੀ ਤਲਵਾਰ ਨੂੰ ਚੁਕ ਲਿਆ ਅਰ ਉਸ ਵੇਲੇ ਘੋੜਿਆ ਤੇ ਅਸਵਾਰ ਹੋਕੇ ਅੰਮ੍ਰਿਤਸਰ ਵਲ ਤੁਰ ਪਏ। ਇਹ ਸੰਮਤ ੧੭੯੭ਬਿ: ਦਾ ਕੌਤਕ ਹੈ ਜਦੋਂ ਇਹ ਦੋਵੇਂ ਅੰਮ੍ਰਿਤਸਰ ਪਹੁਚੇ ਤਾਂ ਦੋਹਾਂ ਨੇ ਆਪਨੇ ਮੁਸਲਮਾਨੀ ਭੇਖ ਧਾਰ ਲਿਆ ਅਰ ਮੁਸਲਮਾਨਾਂ ਦੇ ਸਰੂਪ ਵਿਚ ਪੈਸਿਆਂ ਦੇ ਚਾਰ ਥੈਲੇ ਲੈ ਕੇ ਆਲਾਕੇ ਦਾ ਮਮਲਾਹ ਦੇਨ ਦਾ ਬਹਾਨਾ ਕਰਕੇ ਹਰੀਮੰਦਰ ਵਿਚ ਜਾਨ ਲਗੇ॥

ਦੁਪਹਿਰ ਦਾ ਵੇਲਾ ਸੀ ਪਵਨ ਬੜੀ ਸੁੰਦ੍ਰ ਚਲ ਰਹੀ ਸੀ। ਗਰਦੇ ਅਰ ਘਟੇ ਨਾਲ ਅਕਾਸ਼ ਧੁੰਦਲਾ ਹੋ ਰਿਹਾ ਸੀ। ਇਸ ਲਈ ਸਿਖਾਂ ਨੇ ਆਪਨੇ ਮੂੰਹ ਤੇ ਠਾਠਾ ਬੰਨ ਲਿਆ। ਅਰ ਘੋੜਿਆਂ ਨੂੰ ਕਿਸੇ ਬ੍ਰਿਛ ਨਾਲ ਬੰਨਕੇ ਪੈਸਿਆਂ ਦੇ ਥੈਲੇ ਮੋਢਿਆਂ ਤੇ ਚੁਕ ਕੇ ਦਰਬਾਰ ਸਾਹਿਬ ਪੁਜੇ। ਮਸੇ ਖਾਂ ਪਲੰਘ ਤੇ ਬੈਠਾ ਹੋਯਾ ਹੁਕਾ ਗੁੜ ਗੁੜ ਕਰ ਕੇ ਪੀ ਰਿਹਾ ਸੀ। ਸਾਮਨੇ ਕੰਜਰੀਆਂ ਨਿਰਤ ਕਰ ਰਹੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਨ। ਮਸੇ ਖ਼ਾਂ ਸ਼ਰਾਬ ਦੇ ਨਸ਼ੇ ਵਿਚ (ਮਸਤ ਹੋਇਆ ਹੋਯਾ ਸੀ ਦੂਜੇ ਸਾਥੀ ਭੀ ਨਸ਼ਈ ਸਨ। ਦੋਹਾਂ ਸਿਖਾਂ ਨੇ ਪੈਸਿਆਂ ਦ ਥੈਲੇ ਮੋਢਿਆਂ ਤੋਂ ਲਾਹਕੇ ਮੱਸੇ ਦੇ ਅਗੇ ਰਖ ਦਿਤੇ। ਜਦੋਂ ਮੱਸਾ ਉਨਾਂ ਨੂੰ ਸਿਰ ਨੀਵੇਂ ਕਰਕੇ ਦੇਖਨ ਲਗਾ। ਇਕ ਸਿਖਨੇ ਅਜੇਹੇ ਜੋਰ ਨਾਲ ਖਿਚਕੇ ਤਲ-ਵਾਰ ਮਾਰੀ ਕਿ ਉਸੇ ਵੇਲੇ ਉਸਦਾ ਸਿਰ ਧੜਤੋਂ ਵਖਰਾ ਹੋਕੇ ਧਰਤੀ ਤੇ ਡਿਗਾ ਦੂਜੇ ਸਿਖ ਨੇ ਭੀ ਆਪਣੀ ਤਲ-ਵਾਰ ਨਾਲ ਸਾਰੇ ਖ਼ੁਸ਼ਾਮਦੀ ਅਰ ਮੁਫ਼ਤਖੋਰਿਆਂ ਨੂੰ ਮੌਤ ਦੇ ਘਾਟ ਉਤਾਰਕੇ ਓਂਭੀ ਨਰਕ ਨੂੰ ਭੇਜ ਦਿਤਾ॥

ਜਦੋਂ ਸਭਨਾਂ ਨੂੰ ਵਢ ਚੁਕੇ ਤਾਂ ਮੱਸੇ ਰੰਘੜ ਦੇ ਸਿਰ ਨੂੰ ਥੈਲੇ ਵਿਚ ਪਾਕੇ ਜਿਸਤਰਾਂ ਆਏ ਸਨ ਉਸੇ ਤਰਾਂ ਮੁੜ ਗਏ ਅਰ ਘੋੜਿਆਂ ਤੇ ਅਸਵਾਰ ਹੋਕੇ ਬੀਕਾ-ਨੇਰ ਦੀ ਵਲ ਉਠ ਨਸੇ॥

ਜਦੋਂ ਮੁਸਲਮਾਨਾਂ ਨੂੰ ਮਸੇ ਰੰਘਾੜ ਦੇ ਮਾਰੇ ਜਾਨ ਦੀ ਖਵਰ ਲਗੀ ਤਾਂ ਉਨਾਂ ਦੇ ਪਿੱਛਾ ਕਰਨ ਲਈ ਬਹੁਤ ਫੌਜ ਭੇਜੀ ਪ੍ਰੰਤੂ ਉਸ ਵੇਲੇ ਸੂਰਮੇ ਧਰਮਵਾਨ ਸਿਖ ਕਈ ਕੋਹਾਂ ਦੂਰ ਨਿਕਲ ਗਏ ਸੇ ਕੋਈ ਉਨਾਂ ਨੂੰ ਨਾ ਪਕੜ ਸਕਿਆ॥

ਜਿਸ ਵੇਲੇ ਇਹ ਹਵਦੇ ਹੋਏ ਮਸੇ ਖਾਂ ਦਾ ਸਿਰ ਕੰਨੋਂ ਪਗੜ ਕੇ ਖ਼ਾਲਸਾ ਦੇ ਦਿਵਾਨ ਵਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੈਕੇ ਪਹੁੰਚੇ ਅਰ ਉਸ ਦੁਸ਼ਟ ਸੀਸ ਨੂੰ ਸਾਰਿਆਂ ਦੇ ਸਾਮਨੇ ਰਖ ਦਿਤਾ ਤਾਂ ਸਾਰਿਆਂ ਸਿਖਾਂ ਨੇ ਉਨਾਂ ਨੂੰ ਸ਼ਾਵਾ ਸ਼ਾਵਾ ਦੀ ਥਾਪਨਾ ਕੀਤੀ।

ਇਸ ਪ੍ਰਕਾਰ ਹੋਰ ਭੀ ਸੈਂਕੜੇ ਪ੍ਰਮਾਨ ਦਸੇ ਜਾ ਸਕਦੇ ਹਨ ਜਿਨਾਂ ਦ੍ਵਾਰਾ ਸ਼ੇਰ ਸੂਰਮੇ ਸਿੰਘਾਂ ਦੀ ਦਲੇਰੀ ਦਾ ਪਤਾ ਲਗਦਾ ਹੈ।

....

ਭਾਈ ਤਾਰੂ ਸਿੰਘ ਜੀ

ਪਹਿਲਾ ਅੰਕ

ਜਿਸ ਵੇਲੇ ਸਿਖਾਂ ਦੇ ਨਾਸ਼ ਕਰਨ ਦੀਆਂ ਸੋਚਾਂ ਅਰ ਜਤਨ ਹੋ ਰਹੇ ਸਨ ਕਿ ਫਗਨ ਮਿਤੀ ਦਸਮੀ ਸੰਮਤ ੧੭੯੭ ਬਿ: ਵਿਚ ਨਾਦਰਸ਼ਾਹ ਨੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਿੰਦੁਸਤਾਨ ਤੇ ਚੜ੍ਹਾਈ ਕੀਤੀ ਹਿੰਦੂ ਤਾਂ ਵਿਚਾਰੇ ਸੰਤਾਪਵਾਨ ਸਨ ਅਰ ਸਤਾਏ ਜਾ ਰਹੇ ਸਨ। ਮੁਸਲ-ਮਾਨ ਉਸਨੂੰ ਕ੍ਰਿਸ਼ਟੀ ਦੁਖਦਾਇਕ ਅਤੇ ਅਤਿ ਕਹਿਰਵਾਨ ਸਮਝਦੇ ਸਨ। ਨਾਦਰ ਸ਼ਾਹ ਨੇ ਜਿਸ ਪ੍ਰਕਾਰ ਦਿੱਲੀ ਨੂੰ ਜਾਕੇ ਲੁਟਿਆ ਅਰ ਜਿਸ ਪ੍ਰਕਾਰ ਸ਼ਹਿਰ ਨਿਵਾਸੀਆਂ ਦੇ ਸਿਰ ਗਾਜਰਾਂ ਮੂਲੀਆਂ ਵਾਂਗੂ ਕਟੇ ਗਏ। ਉਸਦਾ ਸੰਬੰਧ ਸਾਡੇ ਇਸ ਬ੍ਰਿਤੰਤ ਨਾਲ ਨਹੀਂ ਹੈ। ਇਤਿਹਾਸ ਪਾਠਕ ਜਾਨਦੇ ਹਨ ਕਿ ਉਹ ਇਥੋਂ "ਕੋਹਨੂਰ ਦਾ ਹੀਰਾ" ਅਰ ਤੀਹ ਕਰੋੜ ਰੁਪਯਾ ਨਕਦ ਲੁਟ ਵਿਚ ਲੈ ਗਿਆ ਸੀ।

ਜਦੋਂ ਨਾਦਰ ਸ਼ਾਹ ਲੁਟ ਦਾ ਮਾਲ ਲੀਤੇ ਹੋਏ ਜਾ ਰਿਹਾ ਸੀ ਤਾਂ ਸਿਖਾਂ ਨੂੰ ਖਵਰ ਲਗੀ। ਸਾਰਾ ਹਿੰਦੁਸਤਾਨ ਨਾਦਰ ਦਾ ਨਾਉਂ ਸੁਨਕੇ ਥਰ ਥਰ ਕੰਬ ਉਠਦਾ ਸੀ। ਮੁਹੰਮਦਸ਼ਾਹਪਾਤਸ਼ਾਹ ਦਿਲੀ ਦਾ ਕਿਹਾ ਕਰਦਾ ਸੀ ਕਿ "ਮੇਰੇ ਔਗਨਾਂ ਦਾ ਡੰਨ ਦੇਨ ਵਾਲਾ ਜਮਦੂਤ ਨਾਦਰ ਦੇ ਸਰੂਪ ਵਿਚ ਆਯਾ ਹੈ"

ਪ੍ਰੰਤੂ ਸਿਖ ਉਸਨੂੰ ਕੀ ਸਮਝਦੇ ਸਨ! ਉਨਾਂਨੇ ਵੇਲਾ ਪਾਕੇ ਰਾਤ ਦੇ ਵੇਲੇ ਛਾਪਾ ਮਾਰਿਆ। ਕੋਹਨੂਰ ਹਥ ਨਹੀਂ ਲਗਾ। ਪ੍ਰੰਤੂ ਫੇਰ ਭੀ ਬਹੁਤ ਕੁਝ ਧਨ ਸਿਖਾਂ ਨੇ ਲੁਟ ਲਿਆ। ਅਰ ਨਾਦਰ ਦੀ ਫੌਜ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਨੇਕਾਂ ਆਦਮੀ ਮਾਰੇ ਗਏ। ਲੁਟ ਮਾਰ ਮਚਾਉਨ ਦੇ ਉਪ੍ਰੰਤ ਸਿਖ ਫੇਰ ਬਨਾਂ ਵਿਚ ਵੜ ਗਏ। ਧਨ ਪਦਾਰਥ ਆਦਿਕ ਸਾਰਾ ਜਿਮੀਂ ਵਿਚ ਦੱਬ ਦਿਤਾ। ਇਸ ਲਈ ਕਿ ਪਿੱਛਾ ਕਰਨ ਵਾਲੀ ਫੌਜ ਉਸਨੂੰ ਨਾ ਪਾ ਸਕੇ।

ਨਾਦਰ ਸ਼ਾਹ ਨੂੰ ਇਸ ਲੁਟ ਮਾਰ ਦੀ ਖਵਰ ਤੋਂ ਅਤਿ ਹੈਰਾਨੀ ਉਪਜੀ ਜਦੋਂ ਉਹ ਲਾਹੌਰ ਪਹੁੰਚਿਆ। ਖਾਨਬਹਾਦਰ ਸੂਬੇਦਾਰ ਲਾਹੌਰ ਨੂੰ ਬੁਲਾਕੇ ਚੰਗੀਤਰਾਂ ਝਾੜਿਆ ਡਾਂਟਿਆ। ਉਸਨੇ ਦੋਵੇਂ ਹਥ ਜੋੜਕੇ ਜਿਨਾਂ ਸ਼ਬਦਾਂ ਦ੍ਵਾਰਾ ਸਿਖਾਂ ਦੀ ਬਾਬਤ ਉਸਨੂੰ ਦਸਿਆ ਹੈ ਉਹ ਉਨਾਂ ਦੇ ਗੈਰ ਮਮੂਲੀ ਜੋਸ਼ ਅਰ ਦਲੇਰੀ ਦੀ ਅਤਿ ਜੋਸ਼ ਭਰੀ ਸਾਖੀ ਹੈ ਉਹ ਕਹਿੰਦਾ ਹੈ ਕਿ:—

"ਜਹਾਂ ਪਨਾਹ ਬਾਦਸ਼ਾਹ ਸਲਾਮਤ! ਸਿਖ ਅਤਿ ਸੂਰਮਾ ਕੌਮ ਹੈ ਨਾ ਜਿਸਦਾ ਕੋਈ ਘਰ ਹੈ ਨਾ ਦ੍ਵਾਰਾ ਹੈ ਬਰਖਾ ਰੁਤ ਦੇ ਧਰਾਤਲ ਜੀਵ ਜੰਤੂਆਂ ਦੀ ਨਿਆਈਂ ਇਹ ਅਖ ਦੇ ਪਲਕਾਰੇ ਵਿਚ ਧਰਤੀ ਤੋਂ ਉਤਪਤ ਹੋਜਾਂਦੇ ਹਨ ਜੇਕਰ ਰਾਤ ਨੂੰ ਇਥੇ ਹਨ ਤਾਂ ਦਿਨ ਨੂੰ ਦੂਰ ਕੋਹਾਂ ਤੇ ਮਿਲਨ ਗੇ। ਕੇਵਲ ਸਾਗ ਪਤ੍ਰ ਖਾਂਦੇ ਹਨ। ਘੋੜੇ ਦੀ ਜੀਨ ਕਾਠੀ ਨਾਂ ਦੇ ਰਾਤ ਵਾਲੇ ਸੌਨ ਦੇ ਬਿਸਤਰੇ ਆਦਿਕ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਰਨ ਮਾਰਨ ਦੇ ਚਾਹਕ ਹਨ। ਸਰਦੀ, ਗਰਮੀ, ਅਗਨੀ ਅਰ ਜਲ ਕਿਸੇ ਦੀ ਭੀ ਪ੍ਰਵਾਹ ਨਹੀਂ ਕਰਦੇ ਇਕ ਨੂੰ ਮਾਰੋ ਤਾਂ ਦਸ ਉਤਪਤ ਹੋ ਜਾਂਦੇ ਹਨ। ਸਿਰ ਤੇ ਪਗੜੀ ਗਲ ਵਿਚ ਚੋਲਾ ਤੇੜ ਕਛਹਿਰੇ ਇਹ ਉਨਾਂ ਦੀ ਵਰਦੀ [ਪੁਸ਼ਾਕ] ਹੈ। ਸ਼ਿਕਾਰ ਦੇ ਬੜੇ ਚਾਹਤ, ਲੜ ਕੇ ਮਰਨ ਦੇ ਅਤਿ ਇਛਜਾਵਾਨ, ਅਰ ਮੁਸਲਮਾਨਾਂ ਦੇ ਅਤਿ ਵੈਰੀ ਹਨ। ਘਾਉ ਜ਼ਖ਼ਮ ਦੀ ਕੁਝ ਪ੍ਰਵਾਹ ਨਹੀਂ ਕਰਦੇ। ਮਲ੍ਹਮ ਯਾ ਔਖਧੀ ਦਾ ਕਰਨਾ ਜਾਨਦੇ ਹੀ ਨਹੀਂ। ਆਪ ਹੀ ਆਪ ਰਾਜ਼ੀ ਹੋਜਾਂਦੇ ਹਨ। ਸਚ ਦੇ ਪੂਜਕ ਹਨ। ਸ੍ਰੀ ਵਾਹਿਗੁਰੂ ਜੀ ਦੀ ਫਤੇ'' ਉਨਾਂ ਦਾ ਕੌਮੀ ਜੈਕਾਰਾ ਹੈ। ਭੁਖ ਤ੍ਰੇਹ ਉਨਾਂ ਨੂੰ ਕਦੀ ਨਹੀਂ ਸਤਾਉਂਦੀ। ਚਿਰਕਾਲ ਤੋਂ ਦਿਲੀ ਦੇ ਪਾਤਸ਼ਾਹ ਨੇ ਉਨਾਂ ਦੇ ਵਿਰੁਧ ਸਿਰਤੋੜ ਜਤਨ ਕੀਤੇ ਪ੍ਰੰਤੂ ਕੁਝ ਨ ਬਨ ਸਕਿਆ ਮੈਂ ਆਪ ਉਨ ਦੇ ਹਥੋਂ ਹੈਰਾਨ ਹਾਂ''

ਨਾਦਰ ਸ਼ਾਹ ਆਪ ਦਲੇਰ ਸੀ ਪ੍ਰੰਤੂ ਸਿਖਾਂ ਦੀ ਸੂਰਮਤਾਈ ਅਰ ਬਹਾਦਰੀ ਦਾ ਬ੍ਰਿਤਾਂਤ ਸੁਨਕੇ ਪ੍ਰਸੰਨ ਹੋਇਆ ਅਰ ਨਾਜ਼ਮ ਨੂੰ ਕਿਹਾ ਕਿ "ਤੁਸੀਂ ਅਜੇਹੇ ਲੋਕਾਂ ਨੂੰ ਆਪਨੇ ਕਰਕੇ ਅਰ ਉਨਾਂ ਨਾਲ ਮੇਲ ਮਿਲਾਪ ਰਖਕੇ ਰਹੋ ਨਹੀਂ ਤਾਂ ਇਹ ਤੁਹਾਨੂੰ ਦੇਸ਼ ਤੇ ਨਹੀਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਾਜ ਕਰਨ ਦੇਣਗੇ" ॥

ਕਹਿੰਦੇ ਹਨ ਕਿ ਜਦੋਂ ਨਾਦਰ ਸ਼ਾਹ ਆਪਣੇ ਦੇਸ਼ ਨੂੰ ਗਿਆ। ਉਸਨੂੰ ਸਿਖਾਂ ਦਾ ਧਿਆਨ ਵਿਚੋ ਵਿਚ ਲਗਾ ਹੀ ਰਿਹਾ। ਉਥੋਂ ਉਸਨੇ ਕੁਝ ਬਹੁਮੁਲੇ ਘੋੜੇ ਅਰ ਕੁਝ ਭੂਸ਼ਨ ਸ਼ਸਤ੍ਰ ਆਦਿਕ ਸਿਖਾਂ ਦੇ ਗੁਰੂ ਦੀ ਸੇਵਾ ਲਈ ਮੁਹੰਮਦ ਸ਼ਾਹ ਬਾਦਸ਼ਾਹ ਦੀ ਰਾਹੀਂ ਭੇਜੇ। ਜਦੋਂ ਪਾਤਸ਼ਾਹੀ ਦੂਤ ਉਨਾਂ ਸਾਰੀਆਂ ਵਸਤਾਂ ਨੂੰ ਲੈ ਕੇ ਦਰਬਾਰ ਸਾਹਿਬ ਖ਼ਾਲਸਾ ਦੀ ਸੇਵਾ ਵਿਚ ਪਹੁੰਚਿਆ ਅਰ ਨਾਦਰ ਸ਼ਾਹ ਦਾ ਅਧੀਨਤਾਈ ਪਤ੍ਰ ਸੁਨਾਯਾ। ਉਸ ਵੇਲੇ ਕੋਈ ਗੁਰੂ ਤਾਂ ਹੈ ਹੀ ਨਹੀਂ ਸੀ ਜਥੇ ਪੰਜ ਸਿੰਘ ਇਕਤ੍ਰ ਹੋ ਜਾਂਦੇ ਸਨ ਉਹੀ ਪੰਥ ਸਮਝਿਆ ਜਾਂਦਾ ਸੀ ਜਦੋ ਮੁਹੰਮਦ ਸ਼ਾਹ ਦਾ ਦੂਤ ਪਹੁੰਚਾ ਤਾਂ ਖ਼ਾਲਸਾ ਬਹਾਦਰ ਨੇ ਉਸਦੀ ਰਤੀ ਭੀ ਤਰ ਆਦਿਕ ਨ ਕੀਤੀ। ਦੂਤ ਨੇ ਕਿਹਾ "ਆਪ ਦੇ ਲਈ ਨਾਦਰ ਸ਼ਾਹ ਨੇ ਇਹ ਭੇਟਾ ਭੇਜੀ ਹੈ" ਸਿੰਘ ਸਕਰਾਏ। ਸਾਮਣੇ ਇਕ ਸਿੰਘ ਖੜੋਤਾ ਹੋਇਆ ਖਾ ਝਲ ਰਿਹਾ ਸੀ। ਘੋੜੇ ਸ਼ਸਤ੍ਰ ਅਰ ਭੇਟਾ ਆਦਿਕ ਭ ਕੁਝ ਉਸਨੂੰ ਮੋੜ ਦਿਤਾ। ਦੂਤ ਨੇ ਉਸਨੂੰ ਮੁਹੰ-ਦ ਸ਼ਾਹ ਅਰ ਨਾਦਰ ਸ਼ਾਹ ਦੋਹਾਂ ਦੀ ਹੇਠੀ ਅਰ ਹੀਨ-ਈ ਜਾਣੀ। ਉਹ ਉਥੇ ਤਾਂ ਕੁਝ ਨਾ ਬੋਲ ਸਕਿਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਰ ਦਿਲੀ ਜਾੜੇ ਚੁਗਲੀ ਵਟੀ ਪ੍ਰੰਤੂ ਜਿਸ ਵੇਲੇ ਨਾਦਰਸ਼ਾਹ ਨੇ ਸਿਖਾਂ ਦਾ ਵਰਤਾਰਾ ਸੁਨਿਆ ਹੱਸਕੇ ਕਹਿਨ ਲਗਾ ਕਿ "ਇਸ ਕੌਮ ਵਿਚੋਂ ਪਾਤਸ਼ਾਹੀ ਦੀ ਸੁਗੰਧਤਾ ਆਉਂਦੀ ਹੈ"

ਅਰ ਫੇਰ ਸਿਖਾਂ ਦੇ ਵਿਰੁਧ ਕਦੀ ਕੋਈ ਗਲ ਨਹੀਂ ਕੀਤੀ।

—ః੶ః—

ਦੂਜਾ ਅੰਕ

ਸਿਖਾਂ ਦੀ ਲੁਟਮਾਰ ਦੀ ਆਦਤ ਅਰ ਹੀਨਤਾ ਭਰਜਾ ਵਰਤਾਉ ਨੇ ਦਿਲੀ ਦੇ ਪਾਤਸ਼ਾਹ ਨੂੰ ਆਪਨਾ ਵੈਰੀ ਬਨਾ ਲਿਆ। ਪ੍ਰੰਤੂ ਅਕਾਲਪੁਰਖ ਦੇ ਰੰਗ! ਮੁਸਲਮਾਨਾਂ ਦੇ ਅਨਜਾਇ ਤੋਂ ਤੰਗ ਆਕੇ ਹਰ ਥਾਂ ਕੁਝ ਨ ਕੁਝ ਸੁਧ ਬੁਧ ਟਿਕਾਨੇ ਹੋ ਹੀ ਗਈ ਸੀ। ਇਕ ਪਾਸੇ ਜਟ ਮਰਹੱਟੇ ਊਧਮ ਥਰਥੱਲੀ ਮਚਾ ਰਹੇ ਸਨ। ਦੂਜੇ ਪਾਸੇ ਸਿਖ ਉਠੇ ਹੀ ਹੋਏ ਸਨ। ਪ੍ਰੰਤੂ ਇਨਾਂ ਵਿਚ ਅਰ ਸਿਖਾਂ ਵਿਚ ਵਿੰਨਭੇਦ ਸੀ ਅਰ ਕੌਮਾਂ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਾਜੇ ਮਹਾਰਾਜੇ ਮੌਜੂਦ ਸਨ ਅਰ ਇਨਾਂ ਦਾ ਨਾ ਕੋਈ ਰਾਜਾ ਹੀ ਸਾ ਅਰ ਨਾ ਹੀ ਸਰਦਾਰ ਸੀ ਨਾ ਕਿਲਾ ਸੀ ਨਾ ਖਜਾਨਾ ਸੀ ਇਵੇਂ ਹੀ ਦਸ ਵੀਹ ਆਦਮੀ ਥਾਂ ਥਾਂ ਤੇ ਕੱਠ ਹੋਕੇ ਕੰਮ ਕਰਦੇ ਸੇ। ਹਿੰਦੂ ਮੁਸਲਮਾਨ ਸਭ ਇਨਾਂ ਦੇ ਹੀ ਸ਼ਤ੍ਰੂ ਅਰ ਜਾਨਮਾਰੂ ਸਨ। ਹੈਰਾਨੀ ਤਾਂ ਹਿੰਦੂਆਂ ਤੇ ਹੈ ਕਿ ਸਿਖ ਉਨਾਂ ਦੀ ਰਖਜਾ ਕਾਰਨ ਸਿਰ ਕਟਵਾਂਦੇ ਫਿਰਦੇ ਸੇ। ਅਰ ਇਹ ਹਿੰਦੂ ਦੁਸ਼ਟ ਮੁਸਲਮਾਨਾਂ ਨਾਲ ਹੀ ਮਿਲਕੇ ਉਨਾਂ ਦੀ ਹੀ ਜੜ੍ਹ ਪੁਟਦੇ ਸਨ ਇਸ ਅਯੋਗਤਾ ਦਾ ਕੀ ਟਿਕਾਨਾ ਹੈ!

ਜਦੋਂ ਮੁਹੰਮਦਸ਼ਾਹ ਦਾ ਹੁਕਮ ਪਾਕੇ ਖਾਨ ਬਹਾ-ਦਰ ਅਰ ਪੰਜਾਬ ਦੇ ਦੂਜੇ ਹਾਕਮ ਇਕ ਸਿਰੇ ਤੋਂ ਦੂਜੇ ਸਿਰੇ ਤੀਕ ਜਨੌਰਾਂ ਦੀ ਨਿਆਈ ਸਿਖਾਂ ਦਾ ਸ਼ਿਕਾਰ ਕਰਨ ਲਗੇ। ਉਸ ਵੇਲੇ ਸਚਮੁਚ ਉਨਾਂ ਤੇ ਆਪਤੀਆਂ ਅਰ ਸਖਤੀਆਂ ਵਰਤਨ ਲਗੀਆਂ ਕੋਈ ਹਿੰਦੂ ਚਾਹੇ ਉਨਾਂ ਨੂੰ ਮੁਸਲਮਾਨ ਪਿੰਡਾਂ ਵਿਚ ਨਹੀਂ ਰਹਿਨ ਦਿੰਦਾ ਸੀ ਵਿਆਕੁਲ ਹੋਏ ਹੋਏ ਸਿਖ ਆਲੇ ਦੁਆਲੇ ਚੌਹ ਚੌਹ ਪੰਜਾਂ ਪੰਜਾਂ ਦਿਨਾਂ ਤੀਕ ਭੁਖੇ ਤਿਹਾਏ ਰਹਿੰਦੇ ਸਨ। ਇਹ ਸਭ ਕੁਝ ਹੋਇਆ ਪ੍ਰੰਤੂ ਇਨਾਂ ਸ਼ੇਰ ਸੂਰਮਿਆਂ ਨੇ ਆਪਨੇ ਸੁਭਾਵ ਵਿਚ ਫਰਕ ਨਾ ਪੈਨ ਦਿਤਾ॥

ਅੰਤਕ ਪਾਤਸ਼ਾਹ ਨੇ ਖਾਲਸਾ ਨੂੰ ਹੀ ਜਿਸ ਵਾਦ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਾ ਮਾਲਕ ਕੀਤਾ ਸੀ। ਇਸ ਲਈ ਪਿੰਡਾਂ ਪਿੰਡਾਂ ਵਾਲੇ ਸਿਖ ਉਨਾਂ ਦੀ ਟਹਿਲ ਸੇਵਾ ਕਰਨੀ ਪਰਮ ਧਰਮ ਸਮਝਦੇ ਸਨ। ਵਿਸ਼ੇਸ਼ ਇਸਤ੍ਰੀਆਂ ਚਰਖਾ ਕਤ ਕੇ ਉਸ ਤੋਂ ਜੋ ਆਮਦਨ ਹੁੰਦੀ ਗੁਪਤ ਤੌਰ ਤੇ ਖਾਲਸਾ ਪੰਥ ਨੂੰ ਭੇਜਦੀਆਂ ਰਹਿੰਦੀਆਂ ਸਨ। ਅਧਿਕ ਪਿੰਡਾਂ ਦੇ ਜ਼ਿੰਮੀਦਾਰ ਗੁਪਤ ਤੌਰ ਤੇ ਆਪਨਾ ਦਸਵੰਧ ਪੰਥ ਨੂੰ ਭੇਜਦੇ ਹੁੰਦੇ ਸੇ ਪ੍ਰੰਤੂ ਇਹ ਸਾਰੇ ਡਰਦੇ ਸਨ ਕਿ ਕਿਧਰੇ ਅਜੇਹਾ ਨਾ ਹੋਵੇ ਕਿ ਮੁਸਲਮਾਨ ਯਾ ਹਿੰਦੂ ਸੁਨ ਲੈਨ ਯਾ ਦੇਖ ਲੈਨ ਗੇ ਤਾਂ ਉਨਾਂ ਦੇ ਭਾ ਦੀ ਬਿਪਤਾ ਪੈ ਜਾਇ ਗੀ॥

ਮਾਝਾ ਦੇਸ਼ ਦੇ 'ਪੂਲਾ' ਨਾਮੇ ਪਿੰਡ ਵਿਚ ਭਾਈ ਤਾਰੂ ਸਿੰਘ ਜੀ ਨਾਮੇ ਸ੍ਰੀ ਵਾਹਿਗੁਰੂ ਦੇ ਸਚੇ ਪਰਮ ਧਰਮਾਤਮਾ ਪ੍ਰੇਮੀ ਰਹਿੰਦੇ ਸਨ ਆਪਨੇ ਭਰੋਸੇ ਤੇ ਸਚੇ ਦ੍ਰਿੜ੍ਹੀ ਸਨ। ਪੰਜੀ ਕੁ ਵਰਿਆਂ ਦੀ ਅਵਸਥਾ ਸੀ। ਪਿਤਾ ਮਰ ਚੁਕਾ ਸੀ। ਰੰਡੀ ਮਾਤਾ ਅਰ ਇਕ ਚੌਦਾਂ ਵਰਿਆਂ ਦੀ ਕੁਆਰੀ ਮਾਂ ਜਾਈ ਭੈਨ ਉਨਾਂ ਦੇ ਨਾਲ ਰਹਿੰਦੀ ਸੀ ਇਕ ਘਰ ਵਿਚ ਇਹੋ ਤਿੰਨ ਆਦਮੀ ਸਨ। ਮਾਤਾ ਅਰ ਭੈਨ ਤਾਂ ਘਰ ਵਿਚ ਰਹਿੰਦੀਆਂ ਸਨ। ਤਾਰੂ ਸਿੰਘ ਅਧਿਕ ਖੇਤੀ ਬਾੜੀ ਦੇ ਕੰਮ ਦੇ ਕਾਰਨ ਬਾਹਰ ਮੈਦਾਨ ਵਿਚ ਝੋਂਪੜਾ ਬਨਾ ਕੇ ਰਿਹਾ ਕਰਦੇ ਸਨ। ਜ਼ਿੰਮੀ ਉਨਾਂ ਦੇ ਕੋਲ ਘਟ ਸੀ ਫੇਰ ਭੀ ਜੋ ਕੁਝ ਮੇਹਨਤ ਮਜੂਰੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਕਤ ਕਰਦੇ ਸੋ ਉਸਦਾ ਇਕ ਦਾਨਾ ਭੀ ਆਪਨੇ ਖਰਚ ਵਿਚ ਨਹੀ ਵਰਤਦੇ ਸਨ ਸਭ ਪੰਥ ਦੇ ਖਰਚ ਲਈ ਭੇਜ ਦਿਤਾ ਕਰਦੇ ਸਨ ਮਾਂ ਭੈਨ ਦੋਵੇਂ ਪਿੰਡ ਦੇ ਘਰਾਂ ਵਿਚ ਆਟਾ ਕੋਟਾ ਪੀਹਨ ਆਦਿਕ ਦਾ ਕੰਮ ਕਰਦੀਆਂ ਸਨ। ਉਸਤੋਂ ਉਨਾਂ ਦੀ ਰੋਜੀ ਚਲਦੀ ਸੀ। ਉਸ ਵਿਚੋਂ ਭੀ ਇਹ ਭਾਗਵਾਨ ਕੁਝ ਨ ਕੁਝ ਬਚਾ ਕੇ ਸਿਖਾਂ ਦੇ ਲਈ ਭੇਜਦੀਆਂ ਰਹਿੰਦੀਆਂ ਸਨ॥

ਇਹ ਕੁਟੰਬ ਅਤਿ ਸੁਸ਼ੀਲ ਸ਼ਾਂਤਿ ਸੁਭਾਵ ਅਤੇ ਸਿਧੇ ਸਾਧੇ ਗੁਰੂ ਦੇ ਸਚੇ ਸੇਵਕ ਸਨ। ਤਿੰਨੇ ਰਾਤ ਦਿਨ ਜਦੋਂ ਕੰਮ ਕਾਰ ਤੋਂ ਵੇਹਲ ਪਾਂਦੇ ਪ੍ਰਮਾਤਮਾਂ ਦਾ ਭਜਨ ਕੀਤਾ ਕਰਦੇ ਸਨ। ਸ੍ਰੀ ਜਪੁਜੀ ਅਰ ਜਾਪਜੀ ਸਾਹਿਬ ਅਰ ਸੁਖਮਨੀ ਸਾਹਿਬ ਜੀ ਦਾ ਪਾਠ ਤਾਂ ਉਨਾਂ ਨੂੰ ਚੰਗੀ ਤਰਾਂ ਸਰਲ ਸੀ ਅਰ ਬੜੇ ਪ੍ਰੇਮ ਤੇ ਮਿਠੀ ਸੁਰ ਨਾਲ ਗਾਇਨ ਕੀਤਾ ਕਰਦੇ ਸੇ॥

ਤਾਰੂ ਸਿੰਘ ਨਿਸੰਦੇਹ ਇਨੇ ਭਲੇ ਪੁਰਸ਼ ਸਨ ਕਿ ਜਿਨਾਂ ਦੇ ਨਾਲ ਦਾ ਦੂਜਾ ਕੋਈ ਹੀ ਸੰਸਾਰ ਵਿਚ ਮਿਲੇਗਾ। ਉਹ ਦੂਜਿਆਂ ਦੀ ਭਲਿਆਈ ਵਿਚ ਸਦਾ ਦ੍ਰਿੜੀ ਅਰ ਹਠੀ ਰਿਹਾ ਕਰਦੇ ਸਨ। ਅਰ ਇਸੇ ਕਾਰਨ ਆਪਨਾ ਵਿਵਾਹ ਭੀ ਨਹੀ ਕੀਤਾ ਸੀ। ਇਹ ਨਾ ਕੇਵਲ ਸਿਖਾਂ ਦੇ ਸਹਾਇਕ ਸਨ ਕਿੰਤੂ ਹਿੰਦੂਆਂ ਦੇ ਭੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਨਾਂ ਨੂੰ ਬੜਾ ਪ੍ਰੇਮ ਸੀ ਅਰ ਜੋ ਕੋਈ ਹਿੰਦੂ ਉਨਾਂ ਦੇ ਘਰ ਆ ਜਾਂਦਾ ਸੀ ਕਦੀ ਭੁਖਯਾਂ ਨਹੀਂ ਜਾਨਾ ਪਾਂਦਾ ਸੀ ॥

ਸੰਸਤ ੧੯੦੭ ਬਿ: ਦਾ ਬ੍ਰਿਤਾਂਤ ਹੈ । ਹਿੰਦੂ ਉਸ ਵੇਲੇ ਮਸਲਮਾਨਾਂ ਨੂੰ ਪ੍ਰਸੰਨ ਕਰਨ ਲਈ ਅਧਿਕ ਸਿਖਾਂ ਦੀ ਨਿੰਦ੍ਯਾ ਕੀਤਾ ਕਰਦੇ ਸੇ । ਇਕ ਪੁਰਸ਼ ਹਰ ਭਗਤ ਨਰਿੰਜਨੀ ਨਾਮ ਜੰਡਿਆਲਾ ਨਿਵਾਸੀ ਹਿੰਦੂ ਆਪਨੇ ਸਮਾਜ ਦਾ ਅਤਿ ਅਪਵਿਤ੍ਰ ਅਰ ਨੀਚ ਪੁਰਸ਼ ਸੀ । ਉਸਨੇ ਸੂਬਾ ਲਾਹੌਰ ਕੋਲ ਆ ਕੇ ਚੁਗਲੀ ਵਟੀ ਕਿ ਜਿਨਾਂ ਦੇ ਦਬਾਨ ਭਜਾਨ ਲਈ ਆਪਨੇ ਗਸ਼ਤੀ ਫ਼ੌਜ ਨਿਯਤ ਕੀਤੀ ਹੈ ਉਹ ਬੁਕੱਲ ਦੇ ਸੱਪ ਬਨੇ ਹੋਏ ਆਪ ਦੇ ਵਿਚਾਲੇ ਹੀ ਹਨ । ਉਨਾਂ ਵਿਚੋਂ ਇਕ ਭਾਈ ਤਾਰੂ ਸਿੰਘ ਜੀ ਅਰ ਜੋ ਆਪਨੇ ਸਾਰੇ ਵਰੇ ਵਰ ਦੀ ਕਿਰਤ ਕਮਾਈ ਸਿਖ ਬਟੰ-ਰ ਅਰ ਡਾਕੂਆਂ ਨੂੰ ਦੇ ਕੇ ਸ਼ਾਹੀ ਪਰਜਾ ਦਾ ਨਾਸ਼ ਕਰਾਉਂਦੇ ਰਹਿੰਦੇ ਹਨ । ਚੰਗਾ ਹੋਵੇ ਜੋ ਉਨਾਂ ਨੂੰ ਚੰਗੀ ਤਰਾਂ ਡੰਨ ਦੇ ਕੇ ਉਸਦੀ ਭੁਗਤ ਸਵਾਰੀ ਜਾਏ ਇਸ ਲਈ ਕਿ ਦੂਜਿਆਂ ਨੂੰ ਸਿਖ੍ਯਾ ਹੋਵੇ ਅਰ ਭੈ ਆਵੇ ਅਰ ਇਸ ਪ੍ਰਕਾਰ ਦੇ ਕੰਮ ਨ ਕਰ ਸਕਨ ॥

ਨਾਜ਼ਮ ਨੇ ਉਸ ਚੁਗਲਖੋਰ ਨੀਚ ਦੀਆਂ ਗਲਾਂ ਨੂੰ ਸੁਨਿਆ । ਉਸੇ ਵੇਲੇ ਦਸ ਆਦਮੀ ਉਨਾਂ ਦੇ ਪਕੜਨ ਲਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭੇਜੇ ਗਏ। ਜਦੋਂ ਤਾਰੂ ਸਿੰਘ ਨੇ ਸੁਨਿਆ ਕਿ ਇਹ ਮੈਨੂੰ ਪਗੜਨ ਲਈ ਆਏ ਹਨ ਤਾਂ ਆਪ ਚੁਪਕੀਤੇ ਉਠ ਖੜੇ ਅਰ ਕਹਿਨ ਲਗੇ" ਤੁਸੀਂ ਜਿਥੇ ਮੈਨੂੰ ਲੈ ਜਾਨਾ ਚਾਹੁੰਦੇ ਹੋ ਲੈ ਚਲੋ। ਸਿਪਾਹੀਆਂ ਨੇ ਉਸੇ ਵੇਲੇ ਉਨਾਂ ਨੂੰ ਪਗੜ ਲਿਆ ਅਰ ਲਾਹੌਰ ਤੁਰ ਪਏ॥

ਕਿਉਂ ਕਿ ਦਿਨ ਥੋੜਾ ਰਹਿ ਗਿਆ ਸੀ ਇਸ ਲਈ ਉਨਾਂ ਨੂੰ ਰਸਤੇ ਵਿਚ ਰਹਿਨਾ ਪਿਆ ਉਸ ਪਿੰਡ ਵਿਚ ਪੰਜ ਸਤ ਸਿੰਘ ਰਹਿੰਦੇ ਸਨ। ਜਦੋਂ ਉਨਾਂ ਨੇ ਦੇਖਿਆਂ ਕਿ ਭਾਈ ਤਾਰੂ ਸਿੰਘ ਜੀ ਨੂੰ ਤੁਰਕ ਪਕੜੀ ਲਈ ਜਾਂਦੇ ਹਨ। ਉਨਾਂ ਸਾਰਿਆਂ ਨੂੰ ਗੁਸਾ ਆ ਗਿਆ ਅਰ ਚਾਹਿਆ ਕਿ ਧਿੰਙੋ ਜੋਰੀ ਛੁਡਾ ਲਈਏ ਅਰ ਸਿਪਾਹੀਆਂ ਨੂੰ ਵਢ ਦਈਏ ਪ੍ਰੰਤੂ ਜਦੋਂ ਤਾਰੂ ਸਿੰਘ ਹੁਰਾਂ ਨੂੰ ਇਹ ਗਲ ਮਲੂਮ ਹੋਈ ਆਪ ਹਠ ਧਰਮੀ ਅਰ ਸ਼ਾਂਤਿ ਸਹਿਤ ਉਨਾਂ ਸਿਖਾਂ ਨੂੰ ਕਹਿਨ ਲਗੇ" ਆਪ ਲੋਕਾਂ ਦੀ ਜੋ ਇਛਾ ਹੈ ਮੈ ਉਸਨੂੰ ਸਮਝ ਗਿਆ ਹਾਂ ਪ੍ਰੰਤੂ ਅਸਾਂ ਸਾਰਿਆਂ ਨੂੰ ਹਰ ਕੰਮ ਦਾ ਫਲ ਭੀ ਵਿਚਾਰ ਲੈਨਾ ਯੋਗ ਹੈ। ਇਕ ਤਾਂ ਮੈਨੂੰ ਕਿਸੇ ਦਾ ਡਰ ਭਉ ਨਹੀਂ ਹੈ। ਕਿਉਂ ਜੋ ਮੈਂ ਕੋਈ ਔਗਨ ਨਹੀਂ ਕੀਤਾ। ਬੇ ਔਗਨ ਨੂੰ ਡੰਨ ਨਹੀਂ ਦਿਤਾ ਜਾਂਦਾ। ਝੂਠ ਨਹੀਂ ਕਿ ਮੈਂ ਛੁਟ ਆਵਾਂ ਗਾ ਕਿੰਤੂ ਦੇਖੋ ਜੇ ਕਰ ਕਰਤਾਰ ਦੀ ਇਹੋ ਮਰਜੀ ਹੈ ਕਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੈਂ ਮਾਰਿਆ ਜਾਵਾਂ ਤਾਂ ਮੈਂ ਉਸਦੇ ਲਈ ਭੀ ਪਹਿਲੇ ਹੀ ਤਿਆਰ ਬੈਠਾ ਹਾਂ "ਹਾ ਰਾਜੀ ਹਮ ਉਸੀ ਮੇਂ ਜੋ ਮਰਜੀ ਕਰਤਾਰ"

ਜੋ ਸਿਰ ਤੇ ਬਨੇਗੀ ਕਟ ਲਵਾਂਗਾ ਪ੍ਰੰਤੂ ਜੇਕਰ ਤੁਸਾਂ ਮੈਨੂੰ ਜੋਰੋ ਜੋਰੀ ਛੁਡਾ ਲਿਆ ਤਾਂ ਯਾਦ ਰਖੋ ਕੇ ਕਲ ਹੀ ਯਾਕੂਬ ਫੌਜ ਇਥੇ ਪਹੁੰਚੇ ਗੀ ਅਰ ਨਾ ਕੇਵਲ ਸਿਖਾਂ ਦੇ ਘਰ ਬਾਹਰ ਲੁਟੇ ਜਾਨਗੇ ਕਿੰਤੂ ਸਾਰਿਆਂ ਨੂੰ ਨਿਰਦਈ ਨਾਲ ਵਢਿਆ ਜਾਇਗਾ। ਮੈਂ ਕਦਾਚਿਤ ਭੀ ਇਹ ਨਹੀਂ ਗਲ ਕਰਨ ਦਿਆਂਗਾ ਕਿ ਮੇਰੇ ਕਾਰਨ ਬਹੁਤ ਸਾਰੇ ਆਦਮੀ ਵਿਅਰਥ ਕਸ਼ਟ ਸਹਿਨ ਮੰਨਿਆਂ ਕਿ ਆਪ ਮੈਨੂੰ ਛੁਡਾਕੇ ਬਨਾ ਵਿਚ ਭੁਜ ਜਾਓਗੇ। ਅਰ ਉਨਾਂ ਨੂੰ ਮਾਰ ਸੁਟੋ ਗੇ ਤਦੋ ਭੀ ਚੰਗਾ ਨਹੀਂ ਹੈ ਇਸ ਲਈ ਇਹੋ ਚੰਗਾ ਹੈ ਕਿ ਆਪ ਸ਼ਾਂਤੀ ਨਾਲ ਬੈਠ ਰਹੋ ਅਤੇ ਵੇਖੋ ਵਾਹਿਗੁਰੂ ਕੀ ਕਰਦਾ ਹੈ। ਮੈਂ ਧਰਮ ਪਿਛੇ ਕੁਰਬਾਨ ਹੋਣ ਲਈ ਤਨੋਂ ਮਨੋਂ ਹਾਜਰ ਹਾਂ। ਸਾਡਾ ਇਹੋ ਹੀ ਧਰਮ ਹੈ ਕਿ ਅਸੀਂ ਧਰਮ ਦੇ ਲਈ ਸਦਾ ਸਿਰ ਨੂੰ ਤਲੀ ਤੇ ਲਈ ਫਿਰਦੇ ਰਹੀਏ। ਗੁਰੂ ਜੀ ਦਾ ਵਾਕ ਹੈ ਕਿ"

"ਜਉ ਤਉ ਪ੍ਰੇਮ ਖੇਲਨ ਕਾ ਚਾਉ।

CC-0. In Public Domain. Gurukul Kangri Collection, Haridwar.

Digitized by Arya Samaj Foundation Chennai and eGangotri

ਸਿਰ ਧਰ ਤਲੀ ਗਲੀ ਮੇਰੀ ਆਉ"।

ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਸਾਡੇ ਪਿਛੇ ਸੀਸ ਕੁਰਬਾਨ ਕੀਤਾ। ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਅਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਭੀ ਉਸੇ ਰਸਤੇ ਤੁਰੇ ਉਨ੍ਹਾਂ ਸ੍ਰੇਸ਼ਟ ਵਡੇ ਮਹਾਤਮਾਂ ਨੇ ਧਰਮ ਅਰ ਕੌਮ ਦੇ ਲਈ ਜਦੋਂ ਆਪਣੇ ਕਲੇਜੇ ਦੇ ਟੁਕੜਿਆਂ ਪਿਆਰੇ ਪੁਤ੍ਰਾਂ ਨੂੰ ਸ਼ਹੀਦ ਕਰਾਇਆ। ਤਾਂ ਸਾਡੀ ਤੁਛ ਜਿੰਦਗੀ ਦਾ ਚਾਜ ਹੈ ਕੀ? ਆਪ ਭਾਈ ਮਨੀ ਸਿੰਘ ਜੀ ਦੀ ਸਜੱਰੀ ਸ਼ਹੀਦੀ ਭੁਲ ਗਏ ਹੋ? ਮੈਂ ਭੀ ਉਨ੍ਹਾਂ ਵਿਚੋਂ ਹਾਂ ਅਰ ਉਨ੍ਹਾਂ ਦਾ ਸੇਵਕ ਹਾਂ ਫੇਰ ਇਸ ਪ੍ਰਕਾਰ ਮੌਤ ਦੇ ਡਰ ਤੋਂ ਪ੍ਰਾਨ ਬਚਾਨ ਦਾ ਜਤਨ ਕਰਾਂ"।

ਭਾਈ ਤਾਰੂ ਸਿੰਘ ਜੀ ਦੀ ਗਲ ਨੂੰ ਸੁਣਕੇ ਸਿਖ ਲੋਕ ਮੂੰਹ ਵਿਚ ਉਂਗਲਾਂ ਪਾਕੇ ਹੈਰਾਨ ਹੋ ਗਏ ਜੇਕਰ ਆਪ ਦੀ ਇਹੋ ਇਛਜਾ ਹੈ ਤਾਂ ਅਸੀਂ ਭੀ ਰਾਜ਼ੀ ਹਾਂ ਸ੍ਰੀ ਵਾਹਿਗੁਰੂ ਅਕਾਲ ਪੁਰਖ ਆਪ ਦੀ ਇਛਜਾ ਕਰਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੀਜਾ ਅੰਕ

ਜਦੋਂ ਰਾਤ ਬੀਤ ਗਈ ਤਾਂ ਸੂਰਜ ਨਿਕਲ ਆਇਆ ਸਿਪਾਹੀ ਤਾਰੂ ਸਿੰਘ ਜੀ ਨੂੰ ਲੀਤੇ ਹੋਏ ਸੰਧਯਾ ਕੁ ਵੇਲੇ ਲਾਹੌਰ ਪਹੁੰਚੇ। ਉਹ ਸਾਰੀ ਰਾਤ ਹਵਾਲਾਤ ਵਿਚ ਰਹੇ। ਸਵੇਰ ਦੇ ਵੇਲੇ ਉਹ ਕਚਹਿਰੀ ਵਿਚ ਸਦੇ ਗਏ ਜਦੋਂ ਭਾਈ ਜੀ ਕਚਹਿਰੀ ਵਿਚ ਗਏ ਤਾਂ ਉਚੀ ਗਜ ਕੇ "ਸ੍ਰੀ ਵਾਹਿਗੁਰੂ ਜੀ ਕਾ ਖ਼ਾਲਸਾ ਸ੍ਰੀ ਵਾਹਿਗੁਰ ਜੀ ਕੀ ਫ਼ਤੇ ਹੈ" ਖ਼ਾਨ ਬਹਾਦਰ ਨੇ ਇਉਂ ਹੀ ਸਿਖਾਂ ਦੇ ਬੀਜਨਾਸ ਕਰਨ ਦੀ ਸਹੁੰ ਖਾਧੀ ਸੀ। ਇਸ ਜੋਸ਼ ਭਰੇ ਜੈਕਾਰੇ ਨੂੰ ਸੁਨ ਕੇ ਹੀ ਕ੍ਰੋਧ ਨਾਲ ਭਰ ਗਿਆ ਅਰ ਭਾਈ ਤਾਰੂ ਸਿੰਘ ਜੀ ਨੂੰ ਕਹਿਨ ਲਗਾ ' ਅਸਾਂ ਨੇ ਸੁਨਿਆ ਹੈ ਕਿ ਤੁਸੀਂ ਪਾਤਸ਼ਾਹ ਦੇ ਵਿਰੁਧ ਡਾਕੂ ਅਰ ਰਾਹ ਮਾਰਾਂ ਨੂੰ ਖਰਚ ਭੇਜਦੇ ਅਰ ਉਨ੍ਹਾਂ ਦੇ ਸਹਾਇਕ ਹੋ। ਇਹ ਨਿਰਭੈ ਹੋ ਕੇ ਬੋਲੇ ਕਿ " ਮੈਂ ਅਜ ਤੀਕਰ ਕਿਸੇ ਡਾਕੂ ਅਰ ਲੁਟੇਰੇ ਨੂੰ ਦੇਖਣਾ ਤੀਕਰ ਨਹੀਂ ਸਹਾਇਤਾ ਕਰਨੀ ਤਾਂ ਵਖਰੀ ਗਲ ਰਹੀ ਮੈਂ ਨਿਸੰਦੇਹ ਸਿਖਾਂ ਦਾ ਅਥਵਾ ਸਰਬ ਖ਼ਾਲਸਾ ਪੰਥ ਦਾ ਸਚਾ ਸੇਵਕ ਹਾਂ ਜੋ ਕੁਛ ਮੈਥੋਂ ਸਰਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ ਉਸਦੀ ਸੇਵਾ ਕੀਤਾ ਕਰਦਾ ਹਾਂ ਕਿਉਂ ਜੋ ਸਿਖਾਂ ਦਾ ਧਰਮ ਹੀ ਇਹੋ ਹੈ। ਕਿ ਖਾਲਸਾ ਪੰਥ ਦੀ ਸੇਵਾ ਕਰੇ ॥

ਖਾਨ ਬਹਾਦਰ ਨੇ ਕਿਹਾ ਕਿ“ ਇਹ ਪੰਥ ਖ਼ਾਲਸਾ ਹੀ ਤਾਂ ਲੁਟੇਰੇ ਅਰ ਡਾਕੂਆਂ ਦਾ ਟੋਲੀ ਹੈ ਜੋ ਪਾਤਸ਼ਾਹੀ ਪਰਜਾ ਨੂੰ ਉਜਾੜ ਰਹੀ ਹੈ ਤੁਸੀ ਸਾਡੇ ਪਾਤ-ਸ਼ਾਹ ਦੇ ਵਿਰੁਧ ਹੋ ਤੁਸੀਂ ਕਿਉਂਕਿ ਉਸਦੀ ਸਹਾਇਤਾ ਵਿਚ ਰਹਿੰਦੇ ਹੋ ਇਸ ਲਈ ਤੁਹਾਨੂੰ ਕਰੜਾ ਡੰਨ ਦੇਣਾ ਚਾਹੀਦਾ ਹੈ॥

ਤਾਰੂ ਸਿੰਘ ਜੀ ਨੇ ਕਿਹਾ“ ਪੰਥ ਖਾਲਸਾ ਸ਼ਾਹੋ ਸ਼ਾਹੀ ਪਰਜਾ ਨੂੰ ਨਸ਼ਟ ਕਰਦਾ ਹੈ ਯਾ ਉਜਾੜ ਦਾ ਹੈ ਮੈਨੂੰ ਉਸ ਨਾਲ ਕੋਈ ਲਾਗਾ ਦੇਗਾ ਨਹੀਂ ਹੈ ਮੈਂ ਤਾਂ ਕੇਵਲ ਆਪਣੀ ਪ੍ਰਤਗਜਾ ਪਾਲਨ ਕਰਦਾ ਹਾਂ ਮੇਰਾ ਪ੍ਰੇਮ ਖਾਲਸਾ ਪੰਥ ਦੀ ਹੀ ਸੇਵਾ ਕਰਨੀ ਹੈ ਅਰ ਧਰਮ ਪਾਲਨ ਕਰਨਾ ਮੇਰਾ ਤਾਤ ਪਰਜ ਹੈ”।

ਨਾਜ਼ਮ ਇਸ ਗਲ ਨੂੰ ਸੁਣਕੇ ਸੜ ਬਲਕੇ ਕੋਲੇ ਹੋ ਗਿਆ ਅਰ ਕਾਜ਼ੀਆਂ ਨੂੰ ਸਦਕੇ ਪੁਛਨ ਲਗਾ ਕਿ “ਇਹ ਦਸੋ ਕਿ ਅਜੇਹੇ ਪੁਰਸ਼ ਲਈ ਸ਼ਰਾ ਮੁਹੰਮਦੀ ਅਨੁਸਾਰ ਕੀ ਡੰਨ ਦੇਣਾ ਚਾਹੀਦਾ ਹੈ” । ਕਾਜ਼ੀਆਂ ਨੇ ਕਿਹਾ ਕਿ “ਜੇਕਰ ਇਹ ਪੁਰਸ਼ ਮੁਸਲਮਾਨ ਹੋ ਜਾਏ ਤਾਂ ਬਖਸ਼ਣਾ ਜਾਏ ਨਹੀਂ ਤਾਂ ਅਤਿ ਕਸ਼ਟ ਦੇਕੇ ਇਸਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਥਾਂ ਲੀਤੇ ਜਾਨ"।

ਨਾਜ਼ਮ ਨੇ ਤਾਰੂ ਸਿੰਘ ਨੂੰ ਬਹੁਤ ਕੁਝ ਲੋਭ ਲਾਲਚ ਦਿਤਾ। ਦੀਨ ਇਸਲਾਮ ਦੀਆਂ ਖੂਬੀਆਂ ਸੁਨਾਈਆਂ ਉਸਦੀ ਮਹਾਤਮਤਾਈ ਦੇ ਸੰਬੰਧਕ ਬਹੁਤ ਕੁਝ ਵਜਾਖਜਾਨ ਸੁਨਾਇਆ। ਪ੍ਰੰਤੂ ਤਾਰੂ ਸਿੰਘ ਨੇ ਕਿਹਾ ਕਿ "ਮੁਸਲਮਾਨ ਕਦਾਰਿਤ ਨਹੀਂ ਹੋਨਾ ਅਰ ਨਾ ਸਿਖੀ ਤਿਆਗਨੀ ਹੈ। ਸਿਖੀ ਸਿਰ ਨਾਲ ਹੈ। ਸ੍ਰੀ ਵਾਹਿਗੁਰੂ ਜੀ ਦਾ ਸਚਾ ਭਰੋਸਾ ਹੈ ਦੁਨੀਆਂ ਝੂਠੀ ਹੈ ਕੇਵਲ ਚਾਰ ਦਿਨਾਂ ਦਾ ਜਾਉਨਾ ਹੈ ਇਸ ਲਈ ਕਿਉਂ ਧਰਮ ਤਿਆਗੀਏ। ਜੋ ਧਰਮ ਨੂੰ ਤਿਆਗਦੇ ਹਨ ਉਹੋ ਹੀ ਨਰਕ ਦੇ ਅਧਿਕਾਰੀ ਹੁੰਦੇ ਹਨ। ਜੋ ਧਰਮ ਨੂੰ ਬਚਾਉਂਦੇ ਹਨ ਉਨਾਂ ਨੂੰ ਨਿਰਭੈ ਪਦਵੀ ਪ੍ਰਾਪਤ ਹੁੰਦੀ ਹੈ ਅਸੀਂ ਅਮ੍ਰਿਤ ਪੀਤਾ ਹੋਇਆ ਹੈ। ਅਸੀ ਮਰਦੇ ਨਹੀਂ ਅਮਰ ਹਾਂ ਜੋ ਅਮਰ ਹੋਵੇ ਉਸਨੂੰ ਮੌਤ ਦਾ ਡਰ ਕਿਹਾ?"

ਜਦੋਂ ਨਾਜ਼ਮ ਨੇ ਦੇਖਿਆ ਕਿ ਇਹ ਕਿਸੇ ਪ੍ਰਕਾਰ ਨਹੀਂ ਮੁੜਗਾ ਉਸੇ ਵਲ ਜਲਾਦਾਂ ਨੂੰ ਸੈਨਤ ਮਾਰੀ ਉਨਾਂ ਨੇ ਨਿਰਦਯਤਾ ਨਾਲ ਚਰਖੀ ਨਾਲ ਬੰਨ ਕੇ ਉਸ ਦੇ ਪੱਹੀਆਂ ਨੂੰ ਫੇਰਿਆ। ਜਿਸ ਵੇਲੇ ਇਹ ਕਸ਼ਟ ਦਾ ਇੰਜਨ ਚਲਿਆ ਤਾਂ ਹਡੀਆਂ ਚੂਰ ਚੂਰ ਹੋਨ ਲਗੀਆਂ ਪਸਲੀਆਂ ਟੁਟ ਗਈਆਂ ਗੁੱਟਾਂ ਦੀਆਂ ਮੋਚਾਂ ਨਿਕਲੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗਈਆਂ ਸਾਰਾ ਸ਼ਰੀਰ ਛਿਲਿਆ ਗਿਆ ਸ਼ਰੀਰ ਦੇ ਕੜਕਨ ਨਾਲ ਹੀ ਸ਼ਰੀਰੋਂ ਲਹੂ ਵਗਨ ਲਗ ਪਿਆ ਜੋੜ ਜੋੜ ਟੁਟਨ ਲਗੇ ਇਹ ਸਭ ਕੁਝ ਹੋਯਾ ਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸ਼ੇਰ ਸਚੇ ਪੁਤ੍ਰ ਨੇ ਰਤੀ ਸੀ ਭੀ ਨ ਕੀਤੀ ਅਰ ਸ੍ਰੀ ਵਾਹਿਗੁਰੂ, ਸ੍ਰੀ ਵਾਹਿਗੁਰੂ ਦਾ ਨਾਮ ਉਚਰਦੇ ਰਹੇ।

ਪੂਰੇ ਦੋ ਘੰਟਿਆਂ ਤੀਕਰ ਇਕੋ ਜਿਹੀ ਚਰਖੀ ਫਿਰਦੀ ਰਹੀ ਸੀ। ਤਾਰੂ ਸਿੰਘ ਨੂੰ ਸਖਤ ਕਸ਼ਟ ਦਿਤਾ ਗਿਆ ਜਦੋਂ ਜਲਾਦ ਥੱਕ ਗਿਆ ਉਨਾਂ ਨੂੰ ਲਾਹ ਕੇ ਕੈਦਖਾਨੇ ਵਿਚ ਪੁਚਾ ਦਿਤਾ ਗਿਆ। ਦੂਜੇ ਦਿਨ ਸਵੇਰੇ ਓਹ ਫੇਰ ਹਾਜਰ ਕੀਤੇ ਗਏ। ਨਾਜ਼ਮ ਉਨਾਂ ਦੇ ਹਠ ਦ੍ਰਿੜਤਾ ਅਰ ਸੰਤੋਖ ਦਾ ਹਾਲ ਦੇਖਕੇ ਦੰਗ ਰਹਿ ਗਿਆ ਸੀ। ਉਸਨੇ ਸਮਝਿਆ ਜੇਕਰ ਅਜੇਹੇ ਦਿਲ ਦਾ ਪੱਕਾ ਆਦਮੀ ਮਿਤ੍ਰ ਹੋ ਜਾਏ ਤਾਂ ਉਸਤੋਂ ਬਹੁਤ ਕੰਮ ਨਿਕਲ ਸਕੇਗਾ ਉਸਨੇ ਸਮਝਾਕੇ ਕਿਹਾ ਚੰਗਾ ਹੈ ਆਪ ਮੁਸਲ-ਮਾਨ ਹੋਜਾਓ ਤਾਂ ਤੁਹਾਡਾ ਵਿਗੜ ਜਾਇਗਾ ਭਾਈ ਜੀ ਸੁਨਕੇ ਇਹ ਬੋਲੇ"

ਧਰਮ ਤਿਆਗਨ ਪਾਪੀ ਜੇਹੜੇ ਵਿਚ ਨਰਕ ਦੇ ਜਾਵਨ। ਸੀਸ ਜਾਇ ਪਰ ਸੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨ ਕਰੀਏ ਮੁੜ ਮੁੜ ਜਨਮ ਨ ਆਵਣ। ਬਿਨਾਂ ਧਰਮ ਦੇ ਕੋਈ ਨ ਸੰਗੀ ਕਿਉਂ ਤਜ ਦੇਨ ਪ੍ਰਾਵਨ। ਹੋਨ ਸ਼ਹੀਦ ਧਰਮ ਦੇ ਪਿਛੇ ਉਚੀ ਪਦਵੀ ਪਾਵਨ॥

ਨਾਜ਼ਮ ਨੇ ਕਿਹਾ ਕਿ" ਸਿਖ ਪੰਥ ਰਹਿਨ ਵਿਚ ਕੀ ਕੀ ਕਸ਼ਟ ਤੇ ਆਪਤਿਆਂ ਹਨ। ਰਾਤ ਦਿਨ ਦੀ ਕੈਦ ਭੁਖ, ਤ੍ਰੇਹ ਕਸ਼ਟ ਸਭਦਾ ਦੁਖ ਸਹਿਨਾ ਪੈਂਦਾ ਹੈ, ਮੁਸ-ਲਮਾਨ ਹੋ ਜਾਓ ਜਾਗੀਰ ਮਿਲੇ ਗੀ ਕਿਸੇ ਉਚੀ ਵੰਸ਼ ਵਿਚ ਵਿਆਹ ਕਰਾ ਦਿਤਾ ਜਾਇਗਾ ਅਰ ਅਨੰਦ ਦਾਇਕ ਜੀਵਨ ਭੋਗੋ ਗੇ॥

ਉਨਾਂ ਨੇ ਉਤਰ ਦਿਤਾ ਕਿ ਦੀਨ ਵੇਚਕੇ ਦੁਨੀਆਂ ਮੁਲ ਲੈਨੀ ਠੀਕ ਨਹੀਂ। ਸਿੰਘ ਦੀਨ ਦੇ ਸਾਮਨੇ ਦੁਨੀਆਂ ਨੂੰ ਤੁਛ ਸਮਝਦੇ ਹਨ ਮੈਂ ਧਰਮੋਂ ਕਦੀ ਪਤਿਤ ਨਹੀਂ ਹੋਵਾਂ ਗਾ ਅਰ ਨਾ ਹੀ ਮੁਸਲਮਾਨ ਬਨਾਂ ਗਾ॥

ਹਾਕਮ ਦਾ ਕ੍ਰੋਧ ਅਤਿ ਵਧ ਗਿਆ ਅਰ ਫੇਰ ਗੁਸੇ ਵਿਚ ਆ ਕੇ ਜਲਾਦਾਂ ਨੂੰ ਹੁਕਮ ਦਿਤਾ ਕਿ ਏਸਨੂੰ ਚਰਖੀ ਚਾੜੋ ਫੇਰ ਇਨਾਂ ਮਹਾਤਮਾਂ ਦੇ ਸ਼ਰੀਰ ਨੂੰ ਕਸ਼ਟ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇਨ ਲਗੇ ਹਡੀਆਂ ਚੂਰ ਚੂਰ ਹੋ ਰਹੀਆਂ ਹਨ ਦੇਖਨ ਵਾਲੇ ਚਕਿਤ ਹਨ ਪ੍ਰੰਤੂ ਇਥੇ ਮਥੇ ਤੇ ਤਿਊੜੀ ਭੀ ਨ ਪਈ ਹੌਲੀ ਹੌਲੀ ਜਪੁਜੀ ਸਾਹਿਬ ਦਾ ਪਾਠ ਹੋ ਰਿਹਾ ਹੈ। ਸਰੂਪ ਤੋਂ ਸਚਜਾਈ ਪ੍ਰਕਾਸ਼ ਹੁੰਦੀ ਹੈ ਸ਼ਾਂਤੀ ਲਈ ਭੀ ਸਾਥ ਨਾ ਛਡਿਆ ॥

ਨਾਜ਼ਮ ਆਪ ਉਥੇ ਆ ਖੜੋਤਾ ਸੀ ਆਪਨੀਆਂ ਅਖਾਂ ਨਾਲ ਉਸ ਸ਼ੇਰ ਦੇ ਕਸ਼ਟ ਨੂੰ ਦੇਖਨਾ ਚਾਹੁੰਦਾ ਸੀ ਉਹ ਭੀ ਹੈਰਾਨ ਹੋਗਿਆ ਜਲਾਦ ਦੇ ਹੋਸ਼ ਹਵਾਸ ਗੁੰਮ ਹੋਗਏ । ਕਿਉਂਕਿ ਅਜੇਹੀ ਹਠਧਰਮੀ ਅਰ ਦ੍ਰਿੜਤਾ ਦਾ ਪ੍ਰਮਾਨ ਪਹਿਲੇ ਕਦੀ ਨਹੀਂ ਸੀ ਦੇਖਿਆ ਪ੍ਰੰਤੂ ਇਹ ਅੰਞਾਂਨ ਨਹੀਂ ਜਾਨਦੇ ਸੀ ਕਿ ਜਿਸ ਧਰਮ ਦੀ ਮੁਨਿਆਦ ਵਿਚ ਸ੍ਰੀ ਗੁਰੂ ਅਰਜਨਦੇਵ ਜੀ ਮਹਾਰਾਜ ਦੀ ਅਚਨਭੇਤ ਕੁਰਬਾਨੀ ' ਸ੍ਰੀ ਫਤੇ ਸਿੰਘ ਜੋਰਾਵਰ ਸਿੰਘ ਦੀ ਅਟਲ ਵਿਸ਼ਵਾਸ਼ਤਾਈ । ਗੁਰੂ ਬੰਦੇ ਦੀ ਸੂਰਮਤਾਈ ਮੌਜੂਦ ਸੀ । ਉਸਦੇ ਸੇਵਕ ਕਦੋਂ ਸ਼੍ਰੀਰਕ ਕਸ਼ਟ ਸਹਿਨ ਤੋਂ ਘਬਰਾ ਸਕਦੇ ਸਨ ॥

ਚਰਖੀ ਤੋਂ ਤਾਰੂ ਸਿੰਘ ਉਤਾਰ ਲਿਆ ਗਿਆ ਨਾਜ਼ਮ ਨੇ ਫੇਰ ਤੀਜੀ ਵਾਰੀ ਸਮਝਾਯਾ । ਪ੍ਰੰਤੂ ਪਥਰ ਨੂੰ ਜੋਕ ਨਹੀਂ ਲਗਦੀ । ਤਾਰੂ ਸਿੰਘ ਨੇ ਕਿਹਾ ਕਿ "ਸਿਖੀ ਅਰ ਕੇਸ ਸਿਰ ਪ੍ਰਾਣਾਂ ਨਾਲ ਹੈ" ਨਾਜ਼ਮ ਨੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿਹਾ ਤੇਰੇ ਸਿਰ ਦੇ ਕੇਸ ਜੁਤੀਆਂ ਨਾਲ ਦੂਰ ਕੀਤੇ ਜਾਨਗੇ। ਅੰਤ ਦੀ ਵਾਰੀ ਤਾਰੂ ਸਿੰਘ ਨੇ ਭੀ ਕ੍ਰੋਧ ਨਾਲ ਉੱਤਰ ਦਿਤਾ ਕਿ "ਜੇਕਰ ਗੁਰੂ ਨੇ ਚਾਹਿਆ ਤਾਂ ਸਿਖ ਤੇਰੀ ਜਿੰਡ ਨੂੰ ਆਪ ਜੁਤੀਆਂ ਨਾਲ ਪੋਲਿਆਂ ਕਰਨ ਗੇ"।

ਨਾਜ਼ਮ ਨੇ ਅੰਤ ਨੂੰ ਨਾਈ ਨੂੰ ਸਦਿਆ ਉਸਨੇ ਉਸਤ੍ਰਾ ਕਢਿਆ। ਪ੍ਰੰਤੂ ਦਿਲ ਵਿਚ ਕੁਝ ਅਜੇਹਾ ਭਜ ਹੋਯਾ ਕਿ ਉਸਦੇ ਹਥ ਕੰਬਨ ਲਗੇ ਉਹ ਸਿਰ ਨਾ ਮੁੰਨ ਸਕਿਆ। ਤਦੋਂ ਮੋਚੀ ਦੀ ਰੰਬੀ ਮੰਗਵਾਈ ਗਈਅਰ ਉਸ ਨਾਲ ਅਤਿ ਨਿਰਦਈਤਾ ਨਾਲ ਕੇਸ ਉਤਾਰੇ ਜਾਨ ਲਗੇ। ਸਿਰ ਜ਼ਖਮੀ ਹੋਗਿਆ ਲਹੂ ਵਗਨ ਲਗਾ। ਤਾਰੂ ਸਿੰਘ ਵਿਚ ਹਨੇਰ ਦਾ ਬਲ ਸੀ ਕਿ ਉਨਾਂ ਨੇ ਸੀ ਨ ਉਚਰੀ। ਇਸ ਦਸ਼ਾ ਨੂੰ ਦੇਖਕੇ ਨਾਜ਼ਮ ਦੀ ਹੋਸ਼ ਟਿਕਾਨੇ ਨ ਰਹੀ "ਸਚ ਮੁਚ ਇਹ ਸਿਖ ਆਦਮੀ ਨਹੀਂ ਕਿੰਤੂ ਦੇਵਤਾ ਹੈ" ਅਰ ਉਸਨੇ ਬਿਨਾਂ ਕੇਸ ਉਤਰਵਾਏ ਹਿੰਦੂਆਂ ਦੇ ਸਪੁਰਦ ਕਰ ਦਿਤਾ। ਤਾਰੂ-ਸਿੰਘ ਵਿਚ ਜਾਨ ਕਿਥੇ ਸੀ ਉਹ ਅਧਮੋਏ ਜਿਹੇ ਹੋਏ ਸਨ ਤੁਰਨਾ ਫਿਰਨਾ ਕਠਨ ਸੀ। ਇਕ ਧਰਮ ਸਾਲਾ ਵਿਚ ਡੇਰਾ ਕਰ ਦਿਤਾ ਅਰ ਉਥੇ ਹੀ ਜਪਜੀ ਸਾਹਿਬ ਦਾ ਪਾਠ ਕਰਦੇ ਕਰਦੇ ਸ੍ਰੀ ਅਕਾਲ ਪੁਰਖ ਦੀ ਪੁਰੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਸਚੇ ਮਾਰਗ ਦ੍ਵਾਰਾ ਜਾ ਪਹੁੰਚੇ। ਇਸ ਪ੍ਰਕਾਰ ਦੀ ਕੁਰਬਾਨੀ ਅਜੇਹਾ ਸ਼ਾਂਤਿਕ ਹਠੀਲਾ ਦ੍ਰਿੜ੍ਹੀ ਬਿਨਾਂ ਸਿਖ ਪੰਥ ਦੇ ਹੋਰ ਕਿਥੇ ਦਿਸੇਗਾ। ਇਹ ਸਿਖ ਠੀਕ ਅਦਭੁਤ ਮਨੋਹਰ ਪੁਰਸ਼ ਸਨ। ਸਚ ਮੁਚ:-

"ਸਚੇ ਰਾਹ ਦਿਖਾਵਨ ਤਾਈਂ ਵਿਚ
ਜਗਤ ਦੇ ਆਏ। ਪਿਛੇ ਧਰਮ ਬਹਾਦਰ
ਸੂਰੇ ਅਪਨੇ ਸੀਸ ਕਟਾਏ। ਜੇੜ੍ਹੇ ਬੜੇ
ਅਵਿਦਜਕ ਹੈਸਨ ਬਹੁ ਵਿਦ੍ਵਾਨ ਬਨਾਏ
ਨਾ ਕੋ ਹੋਇਆ ਅਰ ਨਾ ਹੋਸੀ ਸਿਖ
ਪੰਥ ਪ੍ਰਥਾਏ"॥

ਭਾਈ ਤਾਰੂ ਸਿੰਘ ਦੀ ਸਮਾਧ ਜੋ ਹੁਨ ਸ਼ਹੀਦ-ਗੰਜ ਦੇ ਨਾਉਂ ਤੇ ਪ੍ਰਸਿਧ ਹੈ ਦਿਲੀ ਦਰਵਾਜੇ ਦੇ ਬਾਹਰ ਰੇਲ ਦੇ ਸਟੇਸ਼ਨ ਪਾਸ ਲਾਹੌਰ ਸ਼ਹਿਰ ਵਿਚ ਸੁਭਾਇਮਾਨ ਬਨਿਆ ਹੋਇਆ ਹੈ ਜਿਸ ਵਿਚ ਉਸ ਸਚੇ ਸ਼ਹੀਦ ਦਾ ਝੰਡਾ ਝੂਲ ਰਿਹਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਾਈ ਸਬੇਗ ਸਿੰਘ ਜੀ
ਤੇ
ਭਾਈ ਸ਼ਾਹਬਾਜ਼ ਸਿੰਘ ਜੀ

ਪਹਿਲਾ ਅੰਕ

ਭਾਈ ਤਾਰੂ ਸਿੰਘ ਜੀ ਦੀ ਕੁਰਬਾਨੀ ਉਪ੍ਰੰਤ ਆਪਨੇ ਜੇਹੀ ਇਕਾਗ੍ਰ ਦ੍ਰਿਸ਼ ਆਪ ਹੀ ਨਹੀਂ ਸੀ। ਕਿੰਤੂ ਹੋਰ ਭੀ ਮਸੂਮ ਸਿਖਾਂ ਨੂੰ ਬੇਔਗਨ ਵਢ ਦਿਤਾ ਗਿਆ। ਜਿਨਾਂ ਦੇ ਸੰਖਯੇਪਕ ਬ੍ਰਿਤਾਂਤ ਇਸ ਪ੍ਰਕਾਰ ਹਨ।

ਭਾਈ ਸਬੇਗ ਸਿੰਘ ਦੇ ਨਾਉਂ ਤੋਂ ਸਾਡੇ ਪੜ੍ਹਨੇ ਵਾਲੇ (ਪਾਠਕ) ਚੰਗੀ ਤਰਾਂ ਜਾਨੂ ਹਨ। ਇਹ ਉਹ ਮਹਾਤਮਾ ਸਨ ਜੋ ਲਾਹੌਰ ਦੇ ਨਾਜ਼ਮ ਦੀ ਵਲੋਂ ਵਕੀਲ ਬਨਕੇ ਅੰਮ੍ਰਿਤਸਰ ਗਏ ਸਨ ਅਰ ਸਿਖਾਂ ਨੂੰ ਇਕ ਲਖ ਜਾਗੀਰ ਲੈ ਲੈਨ ਦੀ ਸਲਾਹ ਦਿਤੀ ਸੀ। ਇਹ ਕੌਮ ਦੇ ਜਟ ਅਰ ਜ਼ਿਲੇ ਲਾਹੌਰ ਦੇ ਇਕ ਪਿੰਡ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਾਸੀ ਸਨ। ਵਡੇ ਵਡੇਰਿਆਂ ਤੋਂ ਉਨਾਂ ਦੀ ਵੰਸ਼ ਵਿਚ ਨੌਕਰੀ ਕਰਨੀ ਹੀ ਚਲੀ ਆਉਂਦੀ ਸੀ। ਪਿਤਾ ਬਾਬਾ ਨੇ ਨੌਕਰੀ ਹੀ ਨੂੰ ਆਪਨਾ ਨਿਜ ਦਾ ਕੰਮ ਨਿਯਤ ਕਰ ਲਿਆ ਸੀ। ਇਹ ਫਾਰਸੀ ਪੜ੍ਹੇ ਲਿਖੇ ਹੋਏ ਸੇ ਅਰ ਗੁਰਮੁਖੀ ਭੀ ਜਾਨਦੇ ਸਨ। ਛੋਟੇ ਹੁੰਦਿਆਂ ਤੋਂ ਹੀ ਸੂਬੇ ਲਾਹੌਰ ਦੇ ਦਰਬਾਰ ਵਿਚ ਉਨਾਂ ਨੂੰ ਨੌਕਰੀ ਮਿਲ ਗਈ ਸੀ। ਅਰ ਹੌਲੀ ਹੌਲੀ ਜਿਉਂ ਜਿਉਂ ਉਨਾਂ ਦੀ ਦੀ ਅਵਸਥਾ ਵਧ ਦੀ ਗਈ ਉਸੇ ਪ੍ਰਕਾਰ ਹੀ ਉਨਾਂ ਦੀ ਸ਼ੋਭਾ ਅਰ ਵਡਿਆਈ ਭੀ ਵਧਦੀ ਰਹੀ ਇਥੋਂ ਤੀਕਰ ਕਿ ਉਨਾਂ ਨੂੰ ਕਈਆਂ ਪਿੰਡਾਂ ਦਾ ਠੇਕਾ ਭੀ ਮਿਲ ਗਿਆ: ਅਰ ਇਹ ਪੂਰੀ ਤਰਾਂ ਲਾਹੌਰ ਦੀ ਕਚਹਿਰੀ ਦੇ ਵਕੀਲ ਸਥਾਪੇ ਗਏ ਜਿਸ ਤਰਾਂ ਇਹ ਆਪਨੇ ਕੰਮ ਦੇ ਪੂਰੇ ਪ੍ਰੀਖਜਾਕਾਰ ਸਨ ਅਜਹੇ ਹੀ ਅੰਪਨੇ ਪੰਥਕ ਵਿਚਾਰ ਦੇ ਪੱਕੇ ਅਰ ਸਿਖਾਂ ਦੇ ਨਿਯਮਾਂ ਦੇ ਅਤਿ ਵਰਤਕ ਅਰ ਸਹਾਇਕ ਸਨ। ਉਨਾਂ ਦੇ ਨਿਜਦੇ ਵਰਤਾਰੇ ਦਾ ਇਹ ਹਾਲ ਸੀ ਕਿ ਜਦੋਂ ਕਦੀ ਨਾਜ਼ਮ ਲਾਹੌਰ ਨੂੰ ਸਿਖਾਂ ਦੇ ਕਰਨ ਕੋਈ ਰੋਕ ਟੋਕ ਹੁੰਦੀ ਤਾਂ ਇਹ ਸਿਖਾਂ ਨਾਲ ਮਿਲ ਗਿਲ ਕੇ ਉਸ ਨੂੰ ਦੂਰ ਕਰਾ ਦੇਂਦੇ ਸਨ। ਅਰ ਉਸ ਲਈ ਉਨਾਂ ਦਾ ਪ੍ਰਸਿਧਕ ਨਾਉਂ ਵਕੀਲ ਸੀ॥

ਆਪਨੇ ਪੰਥ ਦੇ ਐਨੇਂ ਪ੍ਰੇਮੀ ਸਨ ਕਿ ਜਦੋਂ ਕਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵੇਲਾ ਮਿਲਿਆ ਇਹ ਉਨਾਂ ਸਿਖਾਂ ਦੇ ਮੁਰਦਿਆਂ ਨੂੰ ਜੋ ਵੇਲੇ ਕੁਵੇਲੇ ਕੰਧਾਂ ਵਿਚ ਜਿਊਂਦਿਆਂ ਜੀ ਚੁਨੇ ਜਾਂਦੇ ਸਨ ਚਾਹੇ ਜਿਊਂਦੇ ਕਬਰਾਂ ਵਿਚ ਦਦੇ ਜਾਂਦੇ ਸਨ ਆਪਨੇ ਉਹਦੇਦਾਰੀ ਦੇ ਸਮਜ ਵਿਚ ਪੁਟਾ ਪੁਟਾ ਕੇ ਕਢਾਂਵਦੇ ਅਰ ਉਨਾਂ ਨੂੰ ਆਪਨੀ ਰੀਤ ਅਨੁਸਾਰ ਸਸਕਾਰ ਕਰ ਦਿਤਾ ਕਰਦੇ ਸੇ। ਇਹ ਜੋ ਕੁਝਕੁ ਸੰਖੇਪ ਬ੍ਰਿਤਾਂਤ ਅਸੀਂ ਸਮਰਪਨ ਕਰ ਰਹੇ ਹਾਂ ਉਨਾਂ ਤੋਂ ਇਹ ਨਾ ਸਮਝ ਲੈਨਾ ਚਾਹੀਏ ਕਿ ਇਹ ਆਪਨ ਪ੍ਰਕਾਰ ਦੇ ਉਨੇ ਹੀ ਹਨ। ਕੀ ਜਾਨੀਏ। ਕਿਨੇ ਸਿਖ ਤਰਾਂ ਤਰਾ ਦੇ ਕਸ਼ਟਾਂ ਨਾਲ ਮਾਰੇ ਗਏ। ਕਿਉਂਕਿ ਹਿੰਦੂ ਇਤਿਹਾਸਕ ਬ੍ਰਿਤਾਂਤ ਨੂੰ ਰਾਖੀ ਵਿਚ ਨਹੀਂ ਰਖਦੇ ਸੇ। ਇਸਲਈ ਉਨਾਂ ਦਾ ਪਤਾ ਘਟ ਮਿਲਦਾ ਹੈ ਜੋ ਕੁਝ ਬ੍ਰਿਤਾਂਤ ਮਿਲਦੇ ਭੀ ਹਨ ਉਹ ਯਾ ਤਾਂ ਮੁਸਲਮਾਨ ਇਤਿਹਾਸ ਕਰਤਾ ਦੇ ਲਿਖੇ ਹੋਏ ਹਨ ਯਾ ਸੂਰਜ ਪ੍ਰਕਾਸ਼ ਵਿਚ ਲਿਖੇ ਹਨ॥

ਚਾਹੇ ਜਿਸ ਤਰਾਂ ਇਹ ਸਿਖਾਂ ਦੇ ਸਚੇ ਪ੍ਰੇਮੀ ਹਨ ਉਸੇ ਪ੍ਰਕਾਰ ਪਾਤਸ਼ਾਹ ਸਮਜ ਦੇ ਭੀ ਚਾਹਕ ਸਨ। ਪ੍ਰੰਤੂ ਉਨਾਂ ਦੇ ਮੁਰਦਿਆਂ ਅਰ ਦੱਬੀਆਂ ਹੋਈਆਂ ਦੇਹਾਂ ਨੂੰ ਕਢਵਾ ਕੇ ਸੜਵਾ ਦੇਨਾ ਮੁਸਲਮਾਨਾਂ ਨੂੰ ਸਾੜ੍ਹਾ ਲਗਾ ਅਰ ਮਨ ਹੀ ਮਨ ਵਿਚ ਕੁੜ੍ਹਦੇ ਰਹਿੰਦੇ। ਖਾਨ ਬਹਾਦਰ ਜ਼ੀਕਰ ਤਾਂ ਸੁਖ ਬੀਤੀ ਸੀ ਉਚ ਉਨਾਂ ਦੀਆਂ ਪਿਛਲੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੇਵਾਂ ਦਾ ਜਾਨਣ ਵਾਲਾ ਸੀ ਅਰ ਉਸਦੇ ਜਿਊਂਦਿਆਂ ਡੀਕਰ ਕਾਜ਼ੀਆਂ ਅਰ ਮੌਲਵੀਆਂ ਦੀਆਂ ਚੁਗਲੀਆਂ ਨਹੀਂ ਸੁਨੀਆਂ ਜਾਂਦੀਆਂ ਸਨ ਪ੍ਰੰਤੂ ਜਦੋਂ ਉਹ ਮਰ ਗਿਆ ਉਸਦਾ ਬੇਟਾ ਉਸਦੀ ਜਗਾਂ ਨਾਜ਼ਮ ਹੋਇਆ। ਉਸ ਵੇਲੇ ਮੁਸਲਮਾਨਾਂ ਨੂੰ ਸਮਜ ਮਿਲ ਗਿਆ ਉਸਦੇ ਵਿਰੁਧ ਝੂਠੀਆਂ ਚੁਗਲੀਆਂ ਲਾਨੀਆਂ ਆਰੰਭ ਕੀਤੀਆਂ ਕਿਸੇ ਨੇ ਕਿਹਾ ਇਹ ਪਾਤਸ਼ਾਹੀ ਨੌਕਰ ਹੋਕੇ ਹਿੰਦੂਆਂ ਦਾ ਹਾਮੀ ਹੈ! ਕਿਸੇ ਨੇ ਕਿਹਾ ਇਹ ਗੁਪਤ ਤੌਰ ਤੇ ਸਿਖਾਂ ਦੀ ਮਦਤ ਕਰਦਾ ਰਹਿੰਦਾ ਹੈ ਤੀਜੇ ਨੇ ਕਿਹਾ ਇਹ ਦੀਨ ਇਸਲਾਮ ਦੀ ਹੀਨਤਾ ਕਰਦਾ ਹੈ। ਨਵੀਨ ਜੁਆਨ ਨਾਜ਼ਮ ਥੋੜੇ ਦਿਨ ਤਾਂ ਇਸ ਗਲ ਨੂੰ ਟਾਲਦਾ ਰਿਹਾ ਕਿਉਂਕਿ ਉਸਦੇ ਕੋਲ ਕੋਈ ਸਿਧਤਾਈ ਨਹੀਂ ਸੀ। ਪ੍ਰੰਤੂ ਰੋਜ ਰੋਜ ਦੀਆਂ ਗੁਪਤੀ ਚੁਗਲੀਆਂ ਨੇ ਅੰਤ ਨੂੰ ਆਪਨਾ ਆਪ ਦਿਖਾ ਹੀ ਦਿਤਾ ਅਰ ਇਹ ਵਿਚਾਰਾ ਬੇ ਔਗਨ ਪੁਰਸ਼ ਵਢਿਆ ਗਿਆ॥

ਭਾਈ ਸਬੇਗ ਸਿੰਘ ਜੀ ਦਾ ਇਕ ਅਠਾਰਾਂ ਕੁ ਵਰੇ ਦਾ ਬੇਟਾ ਸੀ ਜੋ ਫਾਰਸੀ ਅਰ ਅਰਬੀ ਦੇ ਬਿਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਭੀ ਸੁਧ ਪਾਠ ਕਰਨ ਜਾਨਦਾ ਸੀ। ਸਿਖਾਂ ਦੇ ਵਿਚ ਪਾਲਨਾ ਪਾਉਨ ਦੇ ਕਾਰਨ ਉਹ ਭੀ ਆਪਨੇ ਪਿਤਾ ਦੀ [illegible] ਸੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਹ ਲੜਕਾ ਬੜਾ ਹੀ ਸਥਾ ਅਰ ਦ੍ਰਿੜੀ ਸੀ । ਅਰ ਪੰਥਿਕ ਗਲਾਂ ਅਰ ਮਜ਼ਹਬੀ ਸੰਬਾਦ ਚਰਚਾ ਆਦਿਕ ਕੀਤਾ ਕਰਦਾ ਸੀ । ਇਕ ਵਾਰੀ ਕਿਸੇ ਮੌਲਵੀ ਦੇ ਨਾਲ ਉਸਦਾ ਸੰਬਾਦ ਹੋ ਗਿਆ । ਉਸਦੇ ਮੂੰਹੋਂ ਨਿਕਲ ਗਿਆ ਕਿ ਖ਼ਾਲਸਾ ਧਰਮ ਈਸ਼੍ਵਰ ਵਲੋਂ ਬਖਸ਼ਿਆ ਹੋਯਾ ਹੈ ਅਰ ਇਸੇ ਲਈ ਉਹ ਸਭ ਤੋਂ ਉਤਮ ਹੈ । ਮੌਲਵੀ ਇਸਲਾਮ ਦੀ ਵਡਿਆਈ ਸਿੱਧ ਕਰਦਾ ਸੀ ਬਾਤ ਚੀਤ ਹੁੰਦੇ ਹੁੰਦੇ ਸਾਹਬਾਜ਼ ਸਿੰਘ ਨੇ ਕਿਹਾ ਕਿ" ਸਿਖਾਂ ਦਾ ਧਰਮ ਕੁਦਰਤੀ ਮਜ਼ਹਬੀ ਹੈ ਉਹ ਕੁਦਰਤੀ ਨਿਯਮਾਂ ਦੇ ਅਧਿਕ ਮਨਣ ਵਾਲੇ ਹਨ ਉਸਦੀ ਸਿੱਧੀ ਇਹ ਹੈ ਕਿ ਸਿਖ ਆਪਨੇ ਸਿਰ ਦੇ ਵਾਲ ਤੀਕਰ ਨਹੀਂ ਮੁਨਾਉਂਦੇ ਕਿੰਤੂ ਉਸਨੂੰ ਪ੍ਰਮਾਤਮਕ ਬਖ਼ਸ਼ਸ਼ ਸਮਝ ਕੇ ਕਟਵਾਂਦੇ ਭੀ ਨਹੀਂ ਇਸਲਾਮ ਵਿਚ ਇਹ ਘਾਟਾ ਹੈ ਕਿ ਜੇਕਰ ਸੁੰਨਤ ਅਸਲ ਵਿਚ ਬਿਲਕੁਲ ਠੀਕ ਹੈ ਤਾਂ ਜਨਮ ਜਨਮਾਂਤ੍ਰ ਤੋਂ ਹੀ ਕਿਉਂ ਨਹੀ ਹੈ ? ਜੇਕਰ ਮੁਸਲਮਾਨਾਂ ਦਾ ਖ਼ੁਦਾ ਸਰਬਵਾਸੀ ਅਰ ਹਰ ਥਾਂ ਹਾਜਰ ਨਾਜਰ ਹੈ ਤਾਂ ਫੇਰ ਲਹਿੰਦੇ ਪਾਸੇ ਯਾਂ ਕਾਬੇ ਵਲ ਮੂੰਹ ਕਰਕੇ ਨਮਾਜ ਪੜਨ ਦਾ ਕੀ ਮਤਲਬ ਹੈ ? ਜੇਕਰ ਇਸਲਾਮ ਪੁਸਤਕ ਯਾ ਕੁਰਾਨ ਅਲ੍ਹਾ ਦੀ ਵਲੋਂ ਅਰ ਸਰਬ ਪੁਰਸ਼ਾਂ ਲਈ ਹੈ ਤਾਂ ਅਰਬੀ ਜੁਬਾਨ ਵਿਚ ਕਿਉਂ ਹੈ ?

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਦੋਂ ਮੌਲਵੀ ਤੋਂ ਕੁਝ ਉਤ੍ਰ ਨਾ ਦਿਤਾ ਗਿਆ ਤਾਂ ਉਸਨੇ ਕਈਆਂ ਕਾਜੀਆਂ ਕੋਲ ਜਾਕੇ ਚੁਗਲੀ ਖਾਧੀ ਅਰ ਸ਼ਾਹਬਾਜ਼ ਸਿੰਘ ਤੇ ਮੁਸਲਮਾਨਾਂ ਦੀ ਨਿੰਦਯਾ ਤੇ ਹੀਨਤਾਈ ਕਰਨ ਦਾ ਮੁਕਦਮਾ ਚੇਲਾ ਦਿਤਾ। ਉਸਦਾ ਪਿਤਾ ਤਾਂ ਉਨਾ ਦੀਆਂ ਅਖੀਆਂ ਵਿਚ ਪਹਿਲੇ ਰੜਕ ਰਿਹਾ ਸੀ ਹੁਨ ਇਕ ਨਵਾਂ ਬਹਾਨਾਂ ਉਨ੍ਹਾਂ ਦੇ ਹਥ ਆ ਗਿਆ। ਨਾਜ਼ਮ ਦੇ ਕੰਨ ਫੇਰ ਨਵੇਂ ਸਿਰ ਭਰੇ ਗਏ ਅਰ ਪਿਤਾ ਪੁਤ੍ਰ ਦੋਹਾਂ ਨੂੰ ਕਸ਼ਟ ਦੇਨੇ ਆਰੰਭ ਕੀਤੇ॥

ਨਾਜ਼ਮ ਨੇ ਦੋਹਾਂ ਨੂੰ ਕਚਹਿਰੀ ਵਿਚ ਸਦਿਆ ਬਹੁਤ ਸਾਰੇ ਕਾਜ਼ੀ ਉਥੇ ਬੈਠੇ ਸਨ ਕਾਜ਼ੀਆਂ ਨੇ ਇਕ ਜਬਾਨ ਹੋਕੇ ਕਿਹਾ ਕਿ" ਜੇਕਰ ਇਹ ਦੋਵੇਂ ਮੁਸਲਮਾਨ ਹੋ ਜਾਨ ਤਾਂ ਇਨਾਂ ਨੂੰ ਛਡਿਆ ਜਾਵੇ ਨਹੀਂ ਤਾ ਚਰਖੀ ਤੇ ਚਾੜਕੇ ਤਰਾਂ ਤਰਾਂ ਦੇ ਕਸ਼ਟ ਉਨਾਂ ਨੂੰ ਦੇਕੇ ਵਢਿਆ ਜਾਵੇ॥

ਹੋਰ ਕਿਸੇ ਕੌਮ ਦੇ ਆਦਮੀ ਹੁੰਦੇ ਤਾਂ ਤਤਕਾਲ ਮੁਸਲਮਾਨ ਹੋਕੇ ਆਪਨੀ ਜਾਨ ਬਚਾ ਲੈਂਦੇ। ਸਿਖ ਸਨੇਹ ਦੇ ਪੰਥ ਪੁਜਾਰੀ ਸਨ ਉਨਾਂ ਤੇ ਇਸ ਹੁਕਮ ਦਾ ਫਲ ਨਾ ਹੋਇਆ। ਕ੍ਰਿਸ਼ਨ ਦੇਵ ਦੀ ਭਗਵਤ ਗੀਤਾ ਦੀ ਜੇਕਰ ਅਮਲੀ ਸਰੂਪ ਸਿਖਯਾ ਕਿਧਰੇ ਨਜ਼ਰ ਆਉਂ-ਦੀ ਹੈ ਤਾਂ ਕੇਵਲ ਸਿਖਾਂ ਵਿਚ ਹੀ ਮਿਲ ਦੀ ਹੈ। ਉਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਮਿਟੀ ਦੇ ਸ਼ਰੀਰ ਨੂੰ ਪੁਸ਼ਾਕ ਧਾਰਨ ਤੇ ਅਧਿਕ ਕਰੜਾਈ ਨਹੀਂ ਦੇਂਦੇ ਸਨ ਜੇਕਰ ਜਾਨ ਜਾਂਦੀ ਹੈ ਤਾਂ ਜਾਨ ਦਿਓ ਜੇਕਰ ਸ਼ਰੀਰ ਭਜਦਾ ਹੈ ਤਾਂ ਭਜਨ ਦਿਓ ਪ੍ਰੰਤੂ ਆਤਮਾ ਨੂੰ ਕੌਨ ਮਾਰ ਸਕਦਾ ਹੈ ? ਕੌਨ ਉਸਨੂੰ ਘਾਇਲ ਕਰ ਸਕਦਾ ਹੈ ? ਇਹ ਵਿਚਾਰ ਸਿਖਾਂ ਵਿਚ ਬੜੀ ਦ੍ਰਿੜਤਾ ਦੇ ਨਾਲ ਸੰਕੋਚ ਕਰ ਰਹੀ ਸੀ। ਉਹ ਜਾਨ ਬੁਝ ਕੇ ਅਜੇਹੇ ਸਮਯਾਂ ਤੇ ਜਾਨ ਦੇਨੀ ਅਰ ਸ਼ਹੀਦ ਹੋਨਾ ਆਪਨੀ ਉਪਮਾ ਸਮਝਦੇ ਜੇ ॥

‡‡‡

ਦੂਜਾ ਅੰਕ

ਜਿਸ ਵੇਲੇ ਪਿਤਾ ਪੁਤ੍ਰ ਨੇ ਕਾਜ਼ੀਆਂ ਦਾ ਕਿਹ ਸੁਨਿਆ ਪ੍ਰਸੰਨ ਹੋਕੇ ਕਹਿਨ ਲਗੇ। "ਉਤਮ ਭਾਗ ਸਾਡੇ! ਕਿ ਸਾਨੂੰ ਭੀ ਸਮਯ ਮਿਲਿਆ ਹੈ ਕਿ ਅਸੀਂ ਧਰਮ ਪਿਛੇ ਇਸ ਸੰਸਾਰ ਸਾਗਰ ਤੋਂ ਸਚੇ ਮਾਰਗ ਨੂੰ ਜਾਵਾਂ ਗੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਰ ਸਾਡੀ ਭੀ ਗਿਨਤੀ ਉਨਾਂ ਧਾਰਮਕ ਸ਼ਹੀਦਾਂ ਵਿਚ ਗਿਨੀ ਜਾਵੇਗੀ॥ ਜੋ ਧਰਮ ਨੂੰ ਛਡ ਕੇ ਝੂਠੀ ਦੁਨੀਆਂ ਨੂੰ ਲੈਂਦਾਹੈ ਉਹ ਸਚਮੁਚ ਅਮੋਲਕ ਰਤਨਨੂੰ ਖੋਹਕੇ ਕੱਚ ਨੂੰ ਪ੍ਰਾਪਤ ਕਰਦਾ ਹੈ। ਅਸੀਂ ਅਧਰਮੀ ਨਹੀਂ ਬਨਨਾ ਚਾਹੁੰਦੇ ਧਰਮ ਦੇ ਨਾਉਂ ਤੇ ਇਸਤ੍ਰੀ, ਭਾਈ, ਬੰਧੂ, ਪੁਤ੍ਰ, ਧਨ, ਪਦਾਰਥ, ਆਦਿਕ ਸਾਰੇ ਕੁਰਬਾਨ ਕਰ ਦੇਨਾ ਚਾਹੁੰਦੇ ਹਾਂ। ਨਾ ਦੁਨੀਆਂ ਸਾਡੀ ਹੈ ਅਰ ਨਾ ਅਸੀਂ ਦੁਨੀਆਂ ਦੇ ਹਾਂ। ਖਾਲੀ ਹਥੀਂ ਆਏ ਹਾਂ ਅਰ ਖਾਲੀ ਹਥ ਹੀ ਜਾਵਾਂ ਗੇ। ਧਰਮ ਸਾਡਾ ਹੈ ਅਸੀ ਧਰਮ ਦੇ ਹਾਂ। ਅਸੀਂ ਧਰਮ ਹੀ ਨਾਲ ਲੈ ਕੇ ਆਏ ਸੇ ਅਰ ਧਰਮ ਹੀ ਲੈ ਕੇ ਸੰਗ ਜਾਵਾਂ ਗੇ ਅਸੀਂ ਉਨਾਂ ਗੁਰੂਆਂ ਦੇ ਸਿਖ ਹਾਂ ਜੋ ਧਰਮ ਦੀ ਵਡਿਆਈ ਨੂੰ ਸਮਝ ਕੇ ਉਸਤੇ ਸਭ ਕੁਝ ਕੁਰਬਾਨ ਕਰ ਦੇਂਦੇ ਸੇ॥

ਮੌਲਵੀਆਂ ਅਰ ਕਾਜ਼ੀਆਂ ਨੇ ਫੇਰ ਸਮਝਾਯਾ ਉਨਾਂ ਨੇ ਉਤ੍ਰ ਦਿਤਾ ਕਿ "ਆਪ ਸਥਿਰ ਵਸਤੂ ਦੇ ਲੈਨੇ ਅਰ ਸਥਿਰ ਵਸਤੂ ਦੇ ਹਥੋਂ ਚਲੀ ਜਾਨ ਦੀ ਕਿਉਂ ਮਤ ਪਏ ਦੇਂਦੇ ਹੋ। ਸਾਡਾ ਤਾਂ ਲੋਕ ਪ੍ਰਲੋਕ ਬਨ ਗਿਆ ਤੁਸੀਂ ਕਦੀ ਵਿਚਾਰ ਨ ਕਰੋ ਕਿ ਅਸੀਂ ਧਰਮ ਨੂੰ ਛਡਾਂ ਗੇ। ਰਾਜ ਦਾ ਕੰਮ ਤਲਵਾਰ ਨਾਲ ਅਰ ਧਰਮ ਦਾ ਕੰਮ ਉਪਦੇਸ਼ ਦ੍ਵਾਰਾ ਹੋਨਾ ਚਾਹੀਏ। ਪ੍ਰੰਤੂ ਮਸਲ-

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਾਨਾਂ ਵਿਚ ਦੋਵੇਂ ਕੰਮ ਤਲਵਾਰ ਸਹਿਤ ਲੀਤੇ ਜਾਂਦੇ ਹਨ। ਅਸਾਂਨੂੰ ਤਲਵਾਰ ਦਾ ਡਰ ਨਹੀਂ ਹੈ ਅਰ ਨਾ ਅਸੀ ਚਰਖੀ ਦੇ ਨਾਉਂ ਤੋਂ ਡਰਦੇ ਹਾਂ । ਆਪ ਲੋਕਾਂ ਨੇ ਭਾਈ ਮਨੀ ਸਿੰਘ ਅਰ ਤਾਰੂ ਸਿੰਘ ਆਦਿਕ ਕਿੰਨੇ ਧਰਮਾਤਮਾਵਾਂ ਦੇ ਧਰਮ ਭਾਵ ਅਰ ਹਠ ਨੂੰ ਦੇਖ ਲਿਆ ਹੈ ਅਸੀਂ ਭੀ ਉਨਾਂ ਵਿਚੋਂ ਹੀ ਹਾਂ । ਉਨਾਂ ਵਾਂਙੂ ਹੀ ਸ਼ਹੀਦ ਹੋਵਾਂਗੇ ਅਰ ਉਨਾਂ ਦੀ ਤਰਾਂ ਹੀ ਸ੍ਰੀ ਗੁਰੂ ਮਹਾਰਾਜ ਦੇ ਚਰਨਾਂ ਵਿਚ ਜਾਵਾਂਗੇ। ਪ੍ਰੰਤੂ ਧਰਮ ਕਦਾਚਿਤ ਨਹੀ ਛਡਾਂ ਗੇ" ॥

ਮੁਸਲਮਾਨ ਸਮਝ ਦੇਸੀ ਕਿ੍ਉਂਕਿਉਂ ਜੋ ਸਬੇਗ ਸਿੰਘ ਅਰ ਸ਼ਾਹਬਾਜ਼ ਸਿੰਘ ਫ਼ਾਰਸੀ ਪੜ੍ਹੇ ਹੋਏ ਹਨ ਅਰ ਮੁਸਲਮਾਨਾਂ ਵਿਚ ਰਹਿ ਚੁੱਕੇ ਹਨ। ਪ੍ਰਾਨ ਜਾਨ ਦੇ ਡਰ ਨਾਲ ਮੁਸਲਮਾਨ ਹੋ ਜਾਨ ਗੇ ਪ੍ਰੰਤੂ ਉਨਾਂ ਦੀਆਂ ਗਲਾਂ ਸੁਨਕੇ ਅਤਿ ਚਕ੍ਰਿਤ ਹੋਕੇ ਕਹਿਨ ਲਗੇ "ਇਹ ਬਿਅਕਲ ਸਿੰਘ ਧਰਮ ਧਰਮ ਪੁਕਾਰਦੇ ਹਨ ਅਰ ਇਸੇ ਪ੍ਰਕਾਰ ਅੰਞਾਨਪੁਨੇ ਕਰਕੇ ਆਪਨੀਆਂ ਜਾਨਾਂ ਗੁਆਂਦੇ ਹਨ ॥

ਜਦੋਂ ਨੌਕਰਾਂ ਨੇ ਸਾਫ਼ ਇਨਕਾਰ ਕਰ ਦਿਤਾ ਤਾਂ ਕਾਜ਼ੀਆਂ ਨੇ ਜਲਾਦਾਂ ਨੂੰ ਹੁਕਮ ਦਿਤਾ ਕਿ ਇਨਾਂ ਨੂੰ ਚਰਖੀ ਤੇ ਚੜ੍ਹਾ ਦਿਓ "ਮਸੂਮ ਬੇ ਔਗਨ ਵਿਚਾਰੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੋਵੇਂ ਪਿਉ ਪੁਤ੍ਰ ਚਰਖੀ ਨਾਲ ਬੰਨੇ ਗਏ । ਅਰ ਜਦੋਂ ਚਰਖੀ ਭਉਨ ਲਗੀ ਉਨਾਂ ਦੇ ਜੋੜ ਕਾੜ੍ਹ ਕਾੜ੍ਹ ਪੀੜੇ ਗਏ ਸ਼ਰੀਰ ਦੇ ਰਤੀ ਰਤੀ ਜੋੜ ਟੁਟ ਗਏ ਬੰਦ ਬੰਦ ਚੂਰ ਕੀਤੇ ਗਏ। ਇਸ ਆਖਤਿ ਦਾ ਕੀ ਟਿਕਾਨਾ ਹੈ! ਇਸ ਕਸ਼ਟ ਦਾ ਕੀ ਅੰਤ ਹੈ! ਕੇੜ੍ਹਾ ਪੁਰਸ਼ ਹੋ ਜਿਸਦੇ ਇਹ ਗਲ ਸੁਨਕੇ ਲੂੰ ਕੰਢੇ ਨਾ ਖੜੇ ਗਏ ਹੋਨ ਗੇ। ਉਹ ਪੀੜ੍ਹਾ ਸੀ ਜਿਸਦਾ ਕੋਈ ਅੰਤ ਨਹੀਂ ਸੀ । ਹਡੀਆਂ ਚੂਰ ਚੂਰ ਹੋ ਰਹੀਆਂ ਹਨ । ਜਦੋਂ ਤੀਕਰ ਉਨਾਂ ਨੂੰ ਹੋਸ਼ ਸੀ ਦੋਵੇਂ ਨਿਰਭਯਤਾ ਸਹਿਤ "ਸ੍ਰੀ ਵਾਹਿਗੁਰੂ ਸ੍ਰੀ ਵਾਹਿਗੁਰੂ" ਦਾ ਜਾਪ ਉਚਾਰਨ ਕਰਦੇ ਰਹੇ। ਜਦੋਂ ਕੋਈ ਸੁਧ ਨ ਰਹੀ ਤਾਂ ਕਾਜ਼ੀਆਂ ਦੇ ਕਹੇ ਅਨੁਸਾਰ ਜਲਾਦਾਂ ਨੇ ਚਰਖੀਓਂ ਥਲੇ ਲਾਹ ਲਿਆ । ਜਦੋਂ ਹੋਸ਼ ਆਈ । ਮੁਸਲਮਾਨਾਂ ਨੇ ਪੁਛਿਆ " ਕਿਉਂ ਹੁਨ ਭੀ ਮੁਸਲਮਾਨ ਹੋਨਾ ਕਬੂਲ ਹੈ ਯਾ ਨਹੀਂ?" ਧਰਮਬੀਰਾਂ ਨੇ"ਸਤਿ ਸ੍ਰੀਅਕਾਲ" "ਸਤਸ੍ਰੀ ਅਕਾਲ" ਕਿਹਾ ਅਰ ਚੁਪ ਕਰ ਗਏ ਕਜੀ ਸਮਝਦੇ ਸੀ ਕਿ ਇਹ ਸ਼ਰੀਰਕ ਕਸ਼ਟ ਸਹਿਕੇ ਮੁਸਲਮਾਨ ਹੋਨਾ ਮੰਨ ਲੈਨਗੇ। ਪ੍ਰੰਤੂ ਇਹ ਉਨਾਂ ਦੀ ਭੁਲ ਸੀ । ਸਚੇ ਸੂਰ-ਮਿਆਂ ਨੇ ਆਪਨੇ ਬਚਨ ਨੂੰ ਉਤ੍ਰ ਨਾ ਦਿਤਾ ਅਰ ਕਹਾ ਕਿ "ਜਾਨ ਚਲੀ ਜਾਏ ਪਰ ਧਰਮ ਨਾ ਜਾਵੇ"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੋ ਘੰਟਿਆਂ ਤੀਕਰ ਉਨਾਂ ਨੂੰ ਆਰਾਮ ਕਰਨ ਦੀ ਆਗਜ੍ਯਾ ਦਿਤੀ ਗਈ। ਉਸਦੇ ਉਪ੍ਰੰਤ ਫੇਰ ਕਾਜ਼ੀਆਂ ਨੇ ਪੁਛਿਆ "ਕੀ ਹੁਨ ਭੀ ਮੁਸਲਮਾਨ ਹੋਨ ਲਈ ਰਾਜ਼ੀ ਹੋ ਕਿ ਨਹੀਂ?" ਸਬੇਗ ਸਿੰਘ ਨੇ ਉਤਰ ਦਿਤਾ "ਜੇਕਰ ਇਸਲਾਮ ਪੰਥ ਸਚਾ ਹੁੰਦਾ ਜੇਕਰ ਮੁਸਲ-ਮਾਨਾਂ ਵਿਚ ਸਤਜਤਾਈ ਹੁੰਦੀ ਜਕਰ ਇਸਲਾਮ ਉਸ ਅਲਾ ਰਬ ਵਲੋਂ ਹੁੰਦਾ ਤਾਂ ਅਜ ਸਾਨੂੰ ਇਹ ਕਸ਼ਟ ਨ ਦਿਤੇ ਜਾਂਦੇ"। ਇਹ ਉਤਰ ਸੁਨਕੇ ਕਾਜ਼ੀ ਕ੍ਰੋਧ ਵਿਚ ਆਏ ਅਰ ਇਸ ਵਾਰੀ ਪਿਤਾ ਪੁਤ੍ਰ ਨੂੰ ਵਖੋ ਵਖ ਕਰਕੇ ਚਰਖੀ ਤੇ ਚੜ੍ਹਾ ਦਿਤਾ ਅਰ ਫੇਰ ਉਸੇ ਪ੍ਰਕਾਰ ਹੀ ਕਸ਼ਟ ਦੇਨੇ ਆਰੰਭ ਕੀਤੇ। ਇਸ ਵਾਰੀ ਚਰਖੀ ਜੋਰ ਨਾਲ ਭੁਆਈ ਜਾ ਰਹੀ ਸੀ ਦੋਵੇਂ ਮਾਸੂਮ ਵਿਚਾਰੇ ਪੀੜੇ ਜਾ ਰਹੇ ਸਨ ਸ਼ਰੀਰ ਦੀਆਂ ਹਡੀਆਂ ਚਿੜ ਚਿੜ ਕਰ ਰਹੀਆਂ ਹਨ ਜਦੋਂ ਸ਼ਾਹਬਾਜ਼ ਸਿੰਘ ਬੇਹੋਸ਼ ਹੋਨ ਲਗਾ ਤਾਂ ਇਕ ਕਾਜ਼ੀ ਨੇ ਉਸਦੇ ਕੋਲ ਜਾਕੇ ਚਰਖੀ ਨੂੰ ਰੋਕ ਦਿਤਾ ਅਰ ਉਸਨੂੰ ਕਿਹਾ "ਕਿਉਂ ਬੇਸਮਝ! ਪਿਉ ਦੀ ਨਿਆਈਂ ਤੂੰ ਭੀ ਜਾਨ ਗੁਆਉਨਾ ਹੈਂ ਉਸ ਦੀ ਤਾਂ ਮਤ ਮਾਰੀ ਗਈ ਹੈ ਬੁਢਾ ਹੈ ਤੂੰ ਜੁਵਾਨ ਹੈਂ ਅਜੇ ਤੀਕਰ ਕੋਈ ਸੰਸਾਰਕ ਆਨੰਦ ਨਹੀਂ ਭੋਗਿਆ ਤੁਸੀਂ ਧਰਮ ਧਰਮ ਕਹਿੰਦੇ ਹੋ ਜੇਕਰ ਮੁਸਲਮਾਨ ਹੋ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਾਓ ਤਾਂ ਹੁਨ ਉਤਾਰ ਲਵਾਂ ਅਰ ਜਦੋਂ ਸ਼ਰੀਰ ਰਾਜ਼ੀ ਹੋਜਾਏ ਤਾਂ ਜਾਗੀਰ ਦੇ ਨਾਲ ਇਕ ਸੁੰਦ੍ਰ ਇਸਤ੍ਰੀ ਭੀ ਵਿਆਹ ਦਿਤੀ ਜਾਵੇਗੀ। ਬੋਲੋ ਕੀ ਮਰਜ਼ੀ ਹੈ?"

ਬਾਲਕ ਅੰਞਾਨ ਸੀ। ਜੋੜ ਜੋੜ ਪੀੜ ਕਰ ਰਿਹਾ ਸੀ ਕਹਿਨ ਲਗਾ "ਰਤੀ ਨੀਵੇਂ ਲਾਹ ਲਵੋ। ਫੇਰ ਮੈਂ ਮੁਸਲਮਾਨ ਹੋ ਜਾਨ ਦੀ ਬਾਬਤ ਤੁਹਾਨੂੰ ਉੱਤਰ ਦਿਆਂ ਗਾ।" ਬਾਲਕ ਥਲੇ ਉਤਾਰਿਆ ਗਿਆ ਉਸ ਪਾਸੇ ਸਬੇਗ ਸਿੰਘ ਭੀ ਨੀਵੇਂ ਲਾਹ ਦਿਤਾ ਗਿਆ ਉਸਤੇ ਤੜਾਕ ਤੜਾਕ ਕੋਰੜੇ ਵਸ ਰਹੇ ਸਨ ਜਦੋਂ ਉਸ ਨਾਲ ਭੀ ਉਸ ਨੇ ਨਹੀਂ ਮੰਨਿਆ ਤਾਂ ਤਤੀਆਂ ਲੋਹੇ ਦੀਆਂ ਸੀਖਾਂ ਨਾਲ ਉਸਦਾ ਪਿੰਡਾ ਸਾੜਨਾ ਆਰੰਭ ਕੀਤਾ ਪ੍ਰੰਤੂ ਫੇਰ ਭੀ ਕੀ ਸਬੇਗ ਸਿੰਘ ਦੇ ਪੱਕੇ ਹਠ ਨੂੰ ਰਤੀ ਭੀ ਦੁਖ ਪਹੁੰਚਿਆ ? ਨਹੀਂ ! ਉਸ ਸਚਾਈ ਅਰ ਉਸ ਧਰਮ ਭਾਵ ਨੂੰ ਹਜ਼ਾਰ ਹਜ਼ਾਰ ਨਮਸਕਾਰ ਹੈ ਇਹ ਹਠਧਰਮੀ ਇਹ ਦ੍ਰਿੜਤਾਈ ਕੇਵਲ ਸਚੇ ਧਰਮ ਦੀ ਬਖਸ਼ਸ਼ ਹੈ ! ਅਰ ਖਵਰੇ ਕੋਈ ਅੰਞਾਨ ਹੀ ਨੂੰ ਸਿਖ ਧਰਮ ਦੀ ਸਚਾਈ ਤੇ ਸੰਦੇਹ ਹੋਵੇ ਗਾ ॥

ਇਕ ਕਾਜ਼ੀ ਨੇ ਸਬੇਗ ਸਿੰਘ ਵਲ ਝੁਕ ਕੇ ਕਹਾ "ਓਇ ਨਿਕਰਮਜਾਂ ਕਾਫਰਾ ! ਤੇਰੇ ਪੁਤ੍ਰ ਨੇ ਤਾਂ ਮੁਸਲਮਾਨ ਹੋਣਾ ਮੰਨ ਲਿਆ ਹੈ ਤੂੰ ਭੀ ਕਬੂਲ ਕਰ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੁਣੇ ਇਸ ਕਸ਼ਟੋਂ ਛੁਟ ਜਾਵੇ ਗਾ । ਸਬੇਗ ਸਿੰਘ ਨੂੰ ਕਾਜ਼ੀ ਦੀ ਗਲ ਸੁਨਕੇ ਹੈਰਾਨੀ ਹੋਈ । ਕਿਉਂ ਕੀ ਕੋਈ ਸਚਾ ਸਿਖ ਭੀ ਕਦੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਧਰਮ ਤੋਂ ਵਿਰੁਧ ਹੋ ਸਕਦਾ ਹੈ? ਉਹ ਕਹਿਨ ਲਗੇ" ਭਈ ਮੈਨੂੰ ਮੇਰੇ ਪੁਤ੍ਰ ਨੂੰ ਦਿਖਾ ਦਿਓ ਤਦੋਂ ਮੈ ਉਸਦੇ ਨਾਲ ਮਿਲ ਕੇ ਸਲਾਹ ਕਰਾਂਗਾ ॥

ਪਿਤਾ ਪੁਤ੍ਰ ਇਕਠੇ ਕੀਤੇ ਗਏ ਸ਼ਰੀਰ ਲਹੂ ਲੁਹਾਨ ਹੋ ਗਿਆ ਸੀ ਹਥ ਪੈਰ ਬਿਲਕੁਲ ਨਿਕੰਮੇ ਹੋ ਗਏ ਸਨ ਉਠਨ ਬੈਠਨ ਦਾ ਬਲ ਨਹੀਂ ਰਿਹਾ ਸੀ । ਜੋੜ ਜੋੜ ਵਿਚ ਪੀੜਾਂ ਹੋ ਰਹੀਆਂ ਸਨ । ਜਦੋਂ ਦੋਹਾਂ ਦੇ ਨੇਤ੍ਰ ਆਪੋ ਵਿਚ ਮਿਲੇ ਪਿਤਾ ਨੇ ਕਿਹਾ" ਪੁਤ੍ਰ ! ਕੀ ਧਰਮੋਂ ਹਾਰਨਾ ਅਰ ਗੁਰੂ ਤੋਂ ਬੇਮੁਖ ਹੋਨੇ ਦਾ ਵੇਲਾ ਹੈ? ਕੀ ਤੂੰ ਆਪਨੇ ਪਿਉ ਦਾਦੇ ਦਾ ਹਾਲ ਭੁਲ ਗਿਓਂ? ਕੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਲਹੂ ਤੇਰੇ ਤਨ ਬਦਨ ਵਿਚ ਨਹੀਂ ਰਿਹਾ? ਕੀ ਤੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪੁਤ੍ਰਾਂ ਵਿਚੋਂ ਨਾਵਾਂ ਕਟਾ ਲਿਆ ਹੈ? ਹਾਇ ਪੁਤ੍ਰ! ਤੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਉਨਾਂ ਮਸੂਮ ਸਾਹਿਬ ਜ਼ਾਦਿਆਂ ਦੀ ਸੂਰਮਤਾਈ ਭੁਲ ਗਿਓਂ ਜੋ ਤੈਥੋਂ ਭੀ ਬਾਲ ਅੰਞਾਨੇ ਸਨ । ਹਾਇ ਬੇਟਾ ! ਕੀ ਸ੍ਰੀ ਗੁਰੂ ਤੇਗਬਹਾਦਰ ਸਾਹਿਬ ਜੀ ਮਹਾਰਜ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇ ਨਾਉ ਤੇ ਮਾਨ ਕਰਨਾ ਤੈਨੂੰ ਭੁਲ ਗਿਆ ? ਭਾਈ ਮਨੀ ਸਿੰਘ ਇਸੇ ਪ੍ਰਕਾਰ ਸ਼ਹੀਦ ਹੋਏ। ਤਾਰੂ ਸਿੰਘ ਜੀ ਹੋਰੀ ਭੀ ਇਸੇ ਪ੍ਰਕਾਰ ਕੁਰਬਾਨ ਹੋਏ। ਜੀਵਨ ਥੋੜਾ ਹੈ। ਸ਼੍ਰੀ ਵਾਹਿਗੁਰੂ ਤੈਨੂੰ ਮਿਲਨ ਦੇ ਲਈ ਤਿਆਰ ਖੜੋਤੇ ਹਨ। ਇਹ ਕੀ ਗਲ ਹੈ ਜੋ ਮੈਂ ਸੁਨ ਰਿਹਾ ਹਾਂ ?

ਪੁਤ੍ਰ ਨੇ ਹਥ ਬੰਨਕੇ ਕਿਹਾ "ਪਿਤਾ ਜੀ ਮੈਂ ਆਪ ਦੀ ਬਿੰਦ ਹੋਕੇ ਕਿਸ ਤਰਾਂ ਧਰਮੋਂ ਹਾਰ ਸਕਨਾ ਹਾਂ ਅਰ ਗੁਰੂ ਤੋਂ ਬੇਮੁਖ ਹੋ ਸਕਨਾ ਹਾਂ। ਮੇਰਾ ਧਰਮ ਮੇਰੇ ਪ੍ਰਾਨਾਂ ਦੇ ਨਾਲ ਹੈ। ਮੈਂ ਕੇਵਲ ਅੰਤ ਦੀ ਵਾਰੀ ਆਪ ਦੇ ਦਰਸ਼ਨ ਦੀ ਸਿਕ ਕਾਰਨ ਬਹਾਨਾ ਢੂੰਢ ਰਿਹਾ ਸੀ ਇਸ ਲਈ ਕਿ ਧੀਰਜੀ ਨਾਲ ਪ੍ਰਾਨ ਤਿਆਗਨ ਕਰੀਏ। ਆਪ ਆਪਨੇ ਪੁਤ੍ਰ ਨੂੰ ਅਜੇਹਾ ਕੇਹਾ ਨਾ ਸਮਝੋ! ਮੈਂ ਮੁਸਲਮਾਨ ਹੋਨ ਲਈ ਚਰਖੀਓਂ ਨੀਵੇਂ ਨਹੀਂ ਉਤਰਿਆ। ਹੁਨ ਆਪ ਦੇ ਦਰਸ਼ਨ ਹੋਗਏ ਹਨ ਮੈਂ ਹੁਨ ਖੁਸ਼ੀ ਖੁਸ਼ੀ ਸਹਿਤ ਜਾਨ ਕੁਰਬਾਨ ਕਰਾਂਗਾ"॥

ਉਸ ਪਿਤਾ ਦੀ ਪ੍ਰਸੰਨਤਾਈ ਦੀ ਕੀ ਹੱਦ ਹੈ ਜਿਸ ਦਾ ਪੁਤ੍ਰ ਇੰਨਾ ਸ੍ਰੇਸ਼ਟ ਅਰ ਸੂਰਮਾ ਹੋਵੇ ਅਜੇਹੇ ਭਾਗਵਾਨ ਪੁਤ੍ਰ ਨੂੰ ਪ੍ਰਾਪਤ ਕਰਕੇ ਸ੍ਰੇਸ਼ਟ ਭਾਗ ਪਿਤਾ ਦੀ ਛਾਤੀ ਦੋ ਗਜਾਂ ਦੀ ਹੋ ਜਾਂਦੀ ਹੈ। ਉਸਨੇ ਕਿਹਾ "ਧੰਨ ਹੈਂ ਤੈਨੂੰ ਤੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਸੱਚਾ ਪੁਤ੍ਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈਂ। ਜਾ ਪੁਤ੍ਰ! ਆਪਨੇ ਲਹੂ ਨਾਲ ਗੁਰੂ ਦੇ ਧਰਮ ਦੇ ਸ਼ਹੀਦ ਨਾਮੇ ਉਪਰ ਦਸਤਖਤ ਕਰਦੇ"।

ਪਿਤਾ ਪੁਤ੍ਰ ਦੋਵੇਂ ਨਾਜ਼ਮ ਦੇ ਸਾਮਨੇ ਕੀਤੇ ਗਏ ਕਾਜ਼ੀਆਂ ਨੇ ਫਰ ਉਹੋ ਪ੍ਰਸ਼ਨ ਕੀਤੇ। ਦੋਹਾਂ ਨੇ ਉਤਰ ਦਿਤਾ ਕਿ "ਜੇਕਰ ਮੁਸਲਮਾਨੀ ਪੰਥ ਵਿਚ ਰਤੀ ਕੁ ਭੀ ਸਚਿਆਈ ਹੁੰਦੀ ਤਾਂ ਅਸੀਂ ਪਾਗਲ ਨਹੀਂ ਸਾਂ ਜੋ ਇਸ ਪ੍ਰਕਾਰ ਉਸਦੇ ਕਬੂਲ ਕਰਨ ਲਈ ਕਸ਼ਟ ਸਹਿੰਦੇ ਅਰ ਸਾਡੀ ਅਜੇਹੀ ਕਿਉਂ ਦੁਰਗਤੀ ਹੁੰਦੀ। ਸਿਖੀ ਧਰਮ ਇਸ ਪ੍ਰਕਾਰ ਦਾ ਅਮੋਲਕ ਰਤਨ ਹੈ ਜਿਸਦੇ ਲਈ ਅਸੀਂ ਅਜੇਹੀਆਂ ਅਜੇਹੀਆਂ ਹਜਾਰਾਂ ਜਾਨਾਂ ਭੀ ਕੁਰਬਾਨ ਕਰਾਂਗੇ। ਸਾਨੂੰ ਮੁਸਲਮਾਨ ਹੋਨਾ ਮਨਜ਼ੂਰ ਨਹੀਂ ਹੈ"।

ਕਾਜ਼ੀਆਂ ਨੂੰ ਤਰਸ ਨਹੀਂ ਆਇਆ, ਕ੍ਰੋਧ ਨਾਲ ਅਖਾਂ ਲਾਲ ਪੀਲੀਆਂ ਹੋ ਗਈਆਂ ਅਰ ਜਲਾਦਾਂ ਨੂੰ ਹੁਕਮ ਦਿਤਾ ਕਿ ਉਨਾਂ ਨੂੰ ਚਰਖੀ ਤੇ ਚੜ੍ਹਾਕੇ ਉਸ ਵੇਲ ਤਕ ਗੇੜ ਦੇਂਦੇ ਰਹੋ ਜਦੋਂ ਤੀਕਰ ਉਨਾਂ ਦ ਪ੍ਰਾਨ ਸ਼ਰੀਰ ਵਿਚੋਂ ਨ ਨਿਕਲ ਜਾਵਨ"।

ਅਰ ਅਜੇਹਾ ਹੀ ਕੀਤਾ ਗਿਆ। ਝੂਠਾ ਸ਼ਰੀਰ ਨਸ਼ਟ ਹੋ ਗਿਆ। ਆਤਮਾ ਨੇ ਸਚੇ ਅਕਾਲ ਪੁਰਖ ਦੀ ਪੁਰੀ ਨੂੰ ਤਿਆਰੀ ਕੀਤੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੋਵੇਂ ਸਿਖ ਸ਼ਹੀਦ ਹੋਗਏ । ਮਰਨ ਨੂੰ ਤਾਂ ਹਰ ਪੁਰਸ਼ ਜੋ ਜੰਮਿਆ ਹੈ ਮਰੇਗਾ । ਪ੍ਰੰਤੂ ਉਹ ਆਪਨੇ ਸੰਗ ਭਲਿਆਈ ਅਰ ਧਰਮ ਲੈ ਗਏ। ਧੰਨ ਹੈ ਉਹ ਪੁਰਸ਼! ਜੋ ਇਸ ਪ੍ਰਕਾਰ ਧਰਮ ਤੇ ਸ਼ਹੀਦ ਹੁੰਦਾ ਹੈ ਅਸਲ। ਜੀਵਨ ਤਾਂ ਕੇਵਲ ਉਸੇ ਦੇ ਹਿਸੇ ਆਉਂਦਾ ਹੈ ਜੋ ਆਪਨੇ ਧਤਮ ਪਿਛੇ ਸ਼ਹੀਦ ਹੋਜਾਂਦਾ ਹੈ ਯਥਾ:-

ਇਹ ਸਨ ਉਹ ਪਵਿਤ੍ਰ ਆਤਮ ਜਿਨ
ਰਖ ਧਰਮ ਦਿਖਾਇ । ਬਾਕੀ ਹੋਨ
ਨਸ਼ਟ ਦੀ ਖ਼ਾਤਰ ਵਿਚ ਜਗਤ ਦੇ ਆਇ
। ਏਥੇ ਉਥੇ ਦੋਹੀਂ ਜਹਾਨੀ ਟਿਕਾ
ਧਰਮ ਲਗਾਇ। ਸਚੀ ਪਦਵੀ ਪ੍ਰਾਪਤ
ਤਾਇਬ ਕਰਕੇ ਜਨਮ ਨਾ ਪਾਇ।

—:o:—

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਕੀਕਤਰਾਇ ਧਰਮੀ

ਪਹਿਲਾ ਅੰਕ

ਹੁਨ ਉਸੇ ਤਰਾਂ ਦਾ ਇਕ ਸ਼ਹੀਦ ਬ੍ਰਿਤਾਂਤ ਹੋਰ ਸੁਨੋ। ਜਿਸ ਸਮਯ ਵਿਚ ਭਾਈ ਸਬੇਗ ਸਿੰਘ ਅਰ ਉਨਾਂ ਦੇ ਸਪੁਤ੍ਰ ਸ਼ਹੀਦ ਕੀਤੇ ਗਏ। ਉਸੇ ਸਮਯ ਵਿਚ ਹਕੀਕਤ ਰਾਇ ਨਾਮੇ ਇਕ ਧਰਮੀ ਖਤ੍ਰੀ ਜੁਆਨ ਭੀ ਸ਼ਹੀਦ ਕੀਤੇ ਗਏ।

ਹਕੀਕਤ ਰਾਇ ਜੀ ਸਿਆਲਕੋਟ ਦੇ ਰਹਿਨ ਵਾਲੇ ਸਨ ਇਹ ਕਤਕ ਵਦੀ ਦੁਆਦਸ਼ੀ ਸੰਮਤ ੧੭੯੧ ਬਿਃ ਵਿਚ ਉਤਪਤ ਹੋਏ ਸਨ। ਉਨਾਂ ਦੇ ਪਿਤਾ ਦੇ ਨਾਉਂ ਬਾਗ਼ਮਲ ਅਰ ਮਾਤਾ ਦਾ ਨਾਉਂ ਮਾਈ ਕੌਰਾਂ ਸੀ। ਜਾਤ ਦੇ ਪੁਰੀ ਖਤ੍ਰੀ ਸੀ। ਉਨਾਂ ਦਾ ਪਿਤਾ ਸਿਆਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੋਟ ਦੇ ਨਾਜ਼ਮ ਅਮੀਰ ਬੇਗ ਨਾਮੇ ਹਾਕਮ ਦੀ ਕਚਹਿਰੀ ਵਿਚ ਨੌਕਰ ਸਨ। ਇਹ ਆਪਣੇ ਮਾਤਾ ਪਿਤਾ ਦੀ ਬ੍ਰਿਧ ਪਿਛਲੀ ਉਮਰਾ ਵਿਚ ਸਿਕਦੀ ਸੰਤਾਨ ਹੋਏ ਸਨ। ਇਸ ਕਾਰਨ ਇਹ ਹੋਰ ਭੀ ਇਹ ਉਨ੍ਹਾਂ ਨੂੰ ਬਹੁਤ ਪਿਆਰੇ ਸਨ ਜਿੱਥੇ ਉਨ੍ਹਾਂ ਦੇ ਘਰ ਵਿਚ ਹਿੰਦੂਆਂ ਦੇ ਬਹੁਤ ਸਾਰੇ ਦੇਵੀ ਦਿਉਤੇ ਮੰਨੇ ਜਾਂਦੇ ਸਨ ਨਾਲ ਹੀ ਸਿਖ ਘਰਾਣਿਆਂ ਦੀ ਭੀ ਮਾਨਤਾ ਬਹੁਤ ਕੀਤੀ ਜਾਂਦੀ ਸੀ। ਉਹ ਪੰਜਾਬ ਦੇ ਸਮਯਾਂ ਲਈ ਖ਼ਾਸ ਕਰਕੇ ਖ਼ਾਸ ਸਮਯ ਸੀ। ਸੰਸਕ੍ਰਿਤ ਪੜ੍ਹਨ ਦਾ ਰਿਵਾਜ ਦੇਸ਼ ਤੋਂ ਕੁਝ ਕੁਝ ਦੂਰ ਹੋ ਗਿਆ ਸੀ। ਹਿੰਦੂਆਂ ਦਾ ਧਰਮ ਕਰਮ ਕੇਵਲ ਨਾਮ ਮਾਤ੍ਰ ਹੀ ਬਾਕੀ ਰਹਿ ਗਿਆ ਸੀ। ਜੇਕਰ ਸਿਖ ਗੁਰੂਆਂ ਦੀ ਪ੍ਰਗਟਤਾਈ ਨਾ ਹੁੰਦੀ ਤਾਂ ਜਿਸ ਪ੍ਰਕਾਰ ਕਾਬਲ, ਕੰਧਾਰ ਅਰ ਗਜ਼ਨੀ ਆਦਿਕਾਂ ਦੇ ਹਿੰਦੂ ਮੁਸਲਮਾਨ ਹੋਗਏ ਸਨ ਉਸੇ ਤਰਾਂ ਪੰਜਾਬ ਦੀ ਭੀ ਦੁਰਦਿਸ਼ਾ ਹੋਜਾਂਦੀ ਪ੍ਰੰਤੂ ਈਸ਼੍ਵਰ ਨੂੰ ਮਨਜ਼ੂਰ ਸੀ ਕਿ ਪੰਜਾਬ ਵਿਚ ਹਿੰਦੂਆਂ ਦਾ ਨਾਮ ਨਿਸ਼ਾਨ ਬਾਕੀ ਰਹੇ ਇਸ ਲਈ ਸ੍ਰੀ ਗੁਰੂ ਨਾਨਕਦੇਵ ਜੀ ਮਹਾਰਾਜ ਦਾ ਪ੍ਰਕਾਸ਼ ਹੋਇਆ ਅਰ ਉਨਾਂਦੇ ਗਦੀਧਾਰਨਾਂ ਦੇ ਪੁਰਸ਼ਾਰਥ ਅਰ ਜਤਨਾਂ ਅਰ ਅਤਿ ਪ੍ਰਮਾਨਕ ਕੁਰਬਾਨੀਆਂ ਨੇ ਹਿਦੂ ਧਰਮ ਦੀ ਡੁਬਦੀ ਹੋਈ ਬੇੜੀ ਨੂੰ ਸੰਭਲ ਲਿਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਰ ਉਹ ਡੁਬਨ ਤੋਂ ਬਚ ਗਈ । ਹਕੀਕਤ ਰਾਇ ਗੁਰੂ ਸਾਹਿਬਾਂ ਅਰ ਉਨਾਂ ਦੇ ਸਿਖਾਂ ਦੇ ਧਰਮ ਭਾਵ ਤੋਂ ਨਾ ਕੇਵਲ ਜਾਣੂ ਹੀ ਸਨ ਕਿੰਤੂ ਉਨਾਂ ਦੇ ਮਾਤਾ ਪਿਤਾ ਨਾਨਕ ਪੰਥੀ ਸਨ । ਅਰ ਉਸੇ ਕਾਰਨ ਤੇ ਉਨਾਂ ਨੇ ਆਪਨੇ ਬੇਟੇ ਦਾ ਵਿਆਹ ਭੀ ਵਟਾਲੇ ਨਾਮੇ ਸ਼ਹਿਰ ਵਿਚ ਇਕ ਸਿਖ ਦੀ ਪੁਤ੍ਰੀ ਨਾਲ ਕੀਤਾ ਸੀ । ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਪੱਕਾ ਸੇਵਕ ਸੀ। ਜਿਹਾ ਕਿ ਹਕੀਕਤ ਰਾਇ ਆਪਨੇ ਮਾਤਾ ਪਿਤਾ ਦਾ ਇਕੋ ਪੁਤ੍ਰ ਸੀ ਅਜੇਹਾ ਹੀ ਉਹ ਪੁਤ੍ਰੀ ਭੀ ਆਪਨੇ ਮਾਪਿਆਂ ਦੀ ਇਕ ਅਕਲੀ ਸੰਤਾਨ ਸੀ ।

ਜਦੋਂ ਮਾਤਾ ਪਿਤਾ ਧਾਰਮਕ ਹੁੰਦੇ ਹਨ ਤਾਂ ਉਨਾਂ ਦੇ ਬੇਟੇ ਭੀ ਆਪੇ ਆਪ ਧਰਮਵਾਨ ਬਨ ਜਾਂਦੇ ਹਨ ਜਿਨਾਂ ਦਾ ਜੀਵਨ ਵਰਤਕ ਨਹੀਂ ਹੁੰਦਾ ਉਸਦਾ ਫਲ ਕੁਝ ਨਹੀਂ ਹੁੰਦਾ । ਪੰਥ ਦੇ ਨੇਮੀ ਮਾਪੇ ਆਪਨੀ ਸੰਤਾਨ ਦੇ ਲਈ ਆਪ ਪਾਠਸ਼ਾਲਾ ਅਰ ਪੜ੍ਹਾਉਨ ਦਾ ਕੰਮ ਦੇਂਦੇ ਹਨ ॥

ਬਾਗਮਲ ਧਰਮਾਤਮਾ ਸੀ । ਜਦ ਉਹ ਹਕੀਕਤ ਰਾਇ ਨੂੰ ਗੁਰੂਆਂ ਦੇ ਜੀਵਨ ਚਰਿਤ੍ਰ ਆਦਿਕ ਦਸਦਾ ਤਾਂ ਉਹ ਪ੍ਰਸੰਨ ਹੋ ਜਾਂਦੇ ਅਰ ਧੰਨਜ ਧੰਨਜ ਕਹਿਨੇ ਲਗ ਜਾਂਦੇ ਸਨ । ਇਸ ਪ੍ਰਕਾਰ ਬਾਲ ਅਵਸਥਾ ਤੋਂ ਹੀ ਉਨਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਧਰਮ ਦੇ ਗਹਿਰੇ ਸੰਸਕਾਰ ਪ੍ਰਗਟ ਹੋ ਰਹੇ ਸਨ।

ਹਕੀਕਤ ਰਾਇ ਦੀ ਬਾਬਤ ਕਿਹਾ ਜਾਂਦਾ ਹੈ ਕਿ ਉਹ ਸੁਭਾਵ ਦੇ ਸ਼ਾਂਤੀਵਾਨ ਰਸਨਾ ਦੇ ਮਿਠੇ ਅਰ ਧਰਮ ਵਿਚ ਪੂਰੇ ਪਕੇ ਸਨ। ਜੋ ਲੋਕ ਉਨਾਂ ਦੀ ਗਲ ਸੁਣਦੇ ਸੇ ਫਲ ਤੋਂ ਖਾਲੀ ਨਹੀ ਰਹਿੰਦੇ ਸੇ। ਉਹ ਹੋਰਨਾਂ ਮੁੰਡਿਆਂ ਵਾਂਗੂ ਖੰਡਨ ਕੁਦਨ ਵਿਚ ਆਪਣਾ ਸਮਜ ਨਹੀਂ ਬਿਤਾਂਦੇ ਸਨ ਕਿੰਤੂ ਲਿਖਨ ਪੜਨ ਅਰ ਧਰਮ ਚਰਚਾ ਵਿਚ ਅਧਿਕ ਲਗੇ ਰਹਿੰਦੇ ਸਨ॥

ਕਿੱਉ ਕਿ ਉਨਾਂ ਦਿਨਾਂ ਵਿਚ ਹਿੰਦੂਆਂ ਦੇ ਲਿਖਨ ਪੜਨ ਦਾ ਕਾਰਨ ਬਿਲਕੁਲ ਨਾ ਕੇਵਲ ਖਰਾਬ ਹੀ ਕਿੰਤੂ ਨਾਸ਼ ਹੋ ਗਿਆ ਸੀ ਵਰਤਮਾਨ ਸਮਜ ਅਨੁਸਾਰ ਖਤ੍ਰੀਆਂ ਦੇ ਪੁਤ੍ਰ ਭੀ ਫ਼ਾਰਸੀ। ਸਿਖਨ ਲਗ ਗਏ ਸਨ। ਉਸ ਸਮਜ ਅਜ ਕਲ ਵਾਂਗੂ ਸਕੂਲ ਅਰ ਮਦਰੱਸੇ ਨਹੀਂ ਹੁੰਦੇ ਸਨ ਕਿੰਤੂ ਮੁਲਾਂ ਲੋਕ ਮਸੀਤਾਂ ਵਿਚ ਰਹਿ ਕੇ ਸਿਖਜਕ ਪੁਸਤਕਾਂ ਦੀ ਸੰਥਾ ਦਿਤਾ ਕਰਦੇ ਸੇ। ਉਹ ਸਿਖਜਾ ਵਿਚ ਮੁਸਲਮਾਨ ਲੜਕਿਆਂ ਦੇ ਨਾਲ ਅਧਿਕ ਹਿੰਦੂਆਂ ਦੇ ਭੀ ਮੁੰਡੇ ਨਾਲ ਹੁੰਦੇ ੨ ਸਨ। ਭਾਵੇਂ ਉਨਾਂ ਦੀ ਗਿਣਤੀ ਬਹੁਤ ਹੀ ਘਟ ਹੋਯਾ ਕਰਦੀ ਸੀ ਹਕੀਕਤ ਰਾਇ ਭੀ ਸਤਾਂ ਵਰਿਆ ਦੀ ਉਮਰਾ ਵਿਚ ਫ਼ਾਰਸੀ ਪੜਨ ਲਗੇ ਸਨ ਜਿਸ ਸਮੇਂ ਦਾ ਇਹ ਬ੍ਰਿਤੰਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ ਉਨਾਂ ਦੀ ਉਮਰਾ ੧੭ ਕੁ ਵਰਿਆਂ ਦੇ ਲਗ ਭਗ ਸੀ ਇਕ ਦਿਨ ਦੀ ਗਲ ਹੈ ਕਿ ਕਿਸੇ ਲੋੜ ਕਾਰਨ ਮਸੀਤ ਦਾ ਮੌਲਵੀ ਕਿਸੇ ਪਿੰਡ ਨੂੰ ਚਲਾ ਗਿਆ। ਲੜਕਿਆਂ ਵਿਚ ਖੇਡਨ ਕੁਦਨ ਅਰ ਲੜਨ ਭਿੜਨ ਦਾ ਸੁਭਾਵ ਤਾਂ ਕੁਦਰਤੀ ਹੁੰਦਾ ਹੀ ਹੈ। ਆਮ ਤੌਰ ਤੇ ਮੁਸਲਮਾਨ ਹਿੰਦੂਆਂ ਦੇ ਦੇਵੀ ਦੇਵਤਾ ਤੋਂ ਘ੍ਰਿਨਤਾ ਕਰਦੇ ਸਨ। ਇਕ ਮੁਸਲਮਾਨ ਮੁੰਡੇ ਨੇ ਹਿੰਦੂ ਮੁੰਡਿਆਂ ਦੇ ਮਨ ਦੁਖਾਉਨ ਕਾਰਨ ਦੇਵੀ ਭਗਵਤੀ ਦੀ ਨਿੰਦਯਾ ਕਰਨੀ ਅਰੰਭ ਕਰ ਦਿਤੀ। ਅਰ ਦੇਵੀ ਜੀ ਨੂੰ ਦੁਰਬਚਨ ਬੋਲਨ ਲਗਾ। ਪਹਿਲੇ ਤਾਂ ਹਕੀਕਤ ਰਾਇ ਨੇ ਉਨਾਂ ਨੂੰ ਬਹੁਤ ਕੁਝ ਸਮਝਾਇਆ ਅਰ ਕਿਹਾ ਕਿ ਦੇਵੀ ਕਿਸੇ ਇਸਤ੍ਰੀ ਨੂੰ ਨਹੀਂ ਕਹਿੰਦੇ ਕਿੰਤੂ ਉਸ ਨਾਲ ਭੀ ਉਸੇ ਸ੍ਰਿਸ਼ਟੀ ਰਚਿਤਾ ਪ੍ਰਮਾਤਮਾ ਦੀ ਸਮਣੀਕੀ ਹੈ। ਕੋਈ ਉਸਨੂੰ ਪਿਤਾ ਅਰ ਕੋਈ ਮਾਤਾ ਕਹਿੰਦਾ ਹੈ ਕੋਈ ਦੇਵਤਾ ਕੋਈ ਦੇਵੀ ਦੇ ਨਾਮ ਤੋਂ ਪੁਕਾਰਦਾ ਹੈ। ਪ੍ਰੰਤੂ ਜਦੋਂ ਮੁਸਲਮਾਨ ਲੜਕਿਆਂ ਨੇ ਉਨਾਂ ਦੀ ਗਲ ਨਾ ਕੰਨੀ ਪੈਨ ਦਿਤੀ ਤਾਂ ਗਾਲ਼ ਮੰਦੇ ਤੀਕਰ ਨੌਬਤ ਆ ਪਹੁੰਚੀ ਹਕੀਕਤ ਰਾਇ ਭੀ ਮੁੰਡੇ ਹੀ ਸਨ। ਅੰਤ ਉਹ ਭੀ ਮੁਹੰਮਦ ਦੀ ਪੁਤ੍ਰੀ ਫ਼ਾਤਮਾ ਦੇ ਵਿਰੁਧ ਕੁਝ ਬੁਰਾ ਭਲਾ ਕਹਿ ਬੈਠੇ ਮੁਸਲਮਾਨ ਮੁੰਡੇ ਉਸਨੂੰ ਨਾ ਸੁਨ ਸਕੇ ਅਰ ਫੇਰ ਉਨਾਂ ਵਿਚ ਬਹੁਤ ਲੜਾਈ ਝਗੜਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੋਨ ਲਗਾ ॥

ਜਦੋਂ ਮੌਲਵੀ ਮੁੜਕੇ ਆਇਆ ਤਾਂ ਲੜਕਿਆਂ ਨੇ ਉਸਨੂੰ ਹਕੀਕਤ ਰਾਇ ਦੇ ਬੇਅਦਬੀ ਦੇ ਬਚਨਾਂ ਦੀ ਚੁਗਲੀ ਕੀਤੀ ਉਨਾਂ ਤੋਂ ਪੁਛ ਗਿਛ ਕੀਤੀ ਗਈ । ਉਨਾਂ ਨੇ ਕਿਹਾ" ਮੈਂ ਤਾਂ ਕੇਵਲ ਪ੍ਰਸ਼ਨ ਦਾ ਉਤਰ ਦਿਤਾ ਹੈ । ਜਦੋਂ ਦੇਵੀ ਜੀ ਦੇ ਵਿਰੁਧ ਦੁਰਬਚਨ ਅਰ ਖੋਟੀਆਂ ਗਲਾਂ ਕਹੀਆਂ ਗਈਆਂ ਅਰ ਇਨਾਂ ਮੁੰਡਿਆਂ ਨੇ ਇਹ ਰਤੀ ਵਿਚਾਰ ਨਹੀਂ ਕੀਤੀ ਕਿ ਅਕਬਰ ਜਿਹਾ ਬਲਵਾਨ ਮੁਸਲਮਾਨ ਪਾਤਸ਼ਾਹ ਭੀ ਕੋਟ ਕਾਂਗੜੇ ਵਿਚ ਨੰਗੇ ਪੈਰੀ ਦਰਸ਼ਨ ਕਰਨ ਲਈ ਆਇਆ ਸੀ ਤਾਂ ਮੈਂ ਭੀ ਉਨਾਂ ਦੀ ਗਲ ਉਲਟਾ ਦਿਤੀ ਅਰ ਫਾਤਮਾ ਤਾਈਂ ਜੋ ਕੁਛ ਕਹਿਨਾ ਸੁਨਾਨਾ ਸੀ ਕਹਿ ਸੁਨਾਯਾ ॥

ਹਕੀਕਤ ਰਾਇ ਦੀ ਗਲ ਬਾਤ ਸੁਨਕੇ ਮੌਲਵੀ ਭੀ ਦੰਗ ਰਹਿ ਗਿਆ ਉਸਨੇ ਕਿਹਾ" ਲੜਕੇ ਤੇਰੀ ਮੌਤ ਆਈ ਹੈ ਜੋ ਤੂੰ ਆਪਨੀ ਜਬਾਨ ਨਹੀਂ ਰੋਕ ਸਕਦਾ। ਤੂੰ ਜਾਨਦਾ ਹੈਂ ਕਿ ਇਸ ਭੁਲ ਦਾ ਕੀ ਡੰਨ ਹੈ? ਹਕੀਕਤ ਰਾਇ ਬੋਲਿਆ "ਭਗਵਤੀ ਦੀ ਨਿੰਦਾ ਸੁਨਕੇ ਚੁਪ ਰਹਿਨਾ ਪਾਪ ਹੈ ਮੈਂ ਉਸਦੇ ਬਿਨਾ ਹੋਰ ਕੀ ਕਰ ਸਕਦਾ ਸਾਂ । ਬੇਵਸ ਸਾਂ । ਜੋ ਜਿਹਾ ਕਹੇ ਗਾ ਉਹੋ ਜਿਹਾ ਸੁਨੇ ਗਾ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੌਲਵੀ ਆਪ ਇਸ ਝਗੜੇ ਦਾ ਨਿਆਂ ਨ ਕਰ ਸਕਿਆ। ਕਾਜ਼ੀ ਦੇ ਪਾਸ ਉਨ੍ਹਾਂ ਨੂੰ ਭੇਜ ਦਿਤਾ ਕਾਜ਼ੀ ਆਮ ਵਿਰੋਧੀ ਅਰ ਈਰਖੀ ਹੁੰਦੇ ਹਨ। ਉਨ੍ਹਾਂ ਦੇ ਅਗੇ ਪੈਗ਼ੰਬਰਜ਼ਾਦੀ ਦੀ ਨਿੰਦਯਾ ਨਾਯੋਗ ਬਖਸ਼ ਦੇਣੇ ਦੀ ਭੁਲ ਹੈ ਉਸੇ ਵੇਲੇ ਗੁਸੇ ਵਿਚ ਆਕੇ ਧਰਮੀ ਹਕੀਕਤ ਰਾਇ ਨੂੰ ਕੈਦਖਾਨੇ ਵਿਚ ਭੇਜ ਦਿਤਾ ਫੇਰ ਸੋਚ ਸਮਝ ਕੇ ਇਹ ਨਿਆਇ ਸੁਨਾਇਆ ਗਿਆ ਕਿ ਜੇਕਰ ਇਹ ਮੁੰਡਾ ਮੁਸਲਮਾਨ ਹੋ ਜਾਇ ਤਾਂ ਇਸਨੂੰ ਛਡਿਆ ਜਾਇ ਗਾ ਨਹੀਂ ਤਾਂ ਉਸਨੂੰ ਜਾਨੋਂ ਮਾਰ ਦਿਤਾ ਜਾਇ ਗਾ॥

ਕਿਉਂ ਕਿ ਕਾਜ਼ੀ ਆਪ ਡੰਨ ਨਹੀਂ ਦੇ ਸਕਦਾ ਸੀ ਉਹ ਹਕੀਕਤ ਰਾਇ ਨੂੰ ਨਾਲ ਲੈਕੇ ਆਮੀਰਬੇਗ ਹਾਕਮ ਸਿਆਲਕੋਟ ਪਾਸ ਆਇਆ ਅਰ ਉਸਦੇ ਡੰਨ ਦੀ ਬਾਬਤ ਬਹੁਤ ਕੁਛ ਕਹਿਨ ਸੁਨਨ ਲਗਾ ਇੰਨੇ ਵਿਚ ਇਹ ਖਵਰ ਸਾਰੇ ਪਿੰਡ ਵਿਚ ਬਨ ਦੀ ਅਗਨੀ ਦੀ ਨਿਆਈਂ ਜ੍ਵਲਿਤ ਹੋ ਗਈ ਸਾਰੇ ਸ਼ਹਿਰ ਵਾਲੇ ਹਿੰਦੂ ਕਚਹਿਰੀ ਵਿਚ ਚਲੇ ਆਏ ਬਾਗਮਲ ਖਤ੍ਰੀ ਅਰ ਉਸ ਦੀ ਇਸਤ੍ਰੀ ਕੌਰਾਂ ਦੋਵੇਂ ਦੌੜਦੇ ਹੋਏ ਆਏ ਕਾਜ਼ੀ ਅਜੇ ਹਾਕਮ ਨਾਲਗਲ ਬਾਤ ਕਰ ਹੀ ਰਿਹਾ ਸੀ ਕਿ ਇਹ ਸਾਰੇ ਲੋਕ ਪਹੁੰਚ ਗਏ। ਅਮੀਰਬੇਗ ਦਿਲ ਦਾ ਨਰਮ ਸੀ ਕਾਜ਼ੀ ਨੂੰ ਕਹਿਨ ਲਗਾ "ਲੜਕੇ ਮੁਤਾਬਕ ਹੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੜਕੇ ਹੁੰਦੇ ਹਨ ਇਹ ਉਨਾਂ ਦੇ ਸ਼ਰੀਰ ਦਾ ਇਕ ਕੁਦਰਤੀ ਭਾਗ ਹੈ ਇਕ ਨੇ ਗਾਲ ਕਢੀ ਦੂਜੇ ਨੇ ਭੀ ਉਸਦੇ ਬਦਲੇ ਵਿਚ ਕੁਝ ਕਹਿ ਦਿਤਾ। ਲੜਕਿਆਂ ਵਿਚ ਸੋਚ ਵਿਚਾਰ ਤਾਂ ਹੁੰਦੀ ਹੀ ਨਹੀਂ ਉਸ ਲਈ ਇਸ ਮੁਕਦਮੇ ਦਾ ਕਰਨਾ ਹੀ ਬਿਅਰਥ ਹੈ। ਮੌਲਵੀ ਨੂੰ ਕਹੋ ਦੋ ਚਾਰ ਸੋਟੀਆਂ ਮਾਰਕੇ ਇਸ ਮੁੰਡੇ ਨੂੰ ਅਗੋ ਲਈ ਸਮਝਾ ਦੇਵੇ ਇਹੀ ਉਸਦਾ ਡੰਨ ਹੈ। ਪ੍ਰੰਤੂ ਕਾਜ਼ੀ ਨੇ ਪਹਿਲੇ ਹੀ ਨਿਆਂ ਕਰ ਦਿਤਾ ਸੀ ਕਿ ਯਾ ਮੁਸਲ-ਮਾਨ ਹੋਵੇ ਯਾ ਮਾਰਿਆ ਜਾਵੇ ਹੋਰ ਕਿਸ਼ੇ ਡੰਨ ਨਾਲ ਇਸਨੂੰ ਜਿਊਂਦਿਆਂ ਨ ਰਖਿਆ ਜਾਏਗਾ ਇਸ ਲਈ ਉਸ ਦੁਸ਼ਟ ਨੇ ਸਾਰੀ ਮੁਸਲਮਾਨੀ ਵਸੋਂ ਵਿਚ ਮਜ਼ਹਬੀ ਜੋਸ਼ ਪੁਆ ਦਿਤਾ॥

ਅਮੀਰ ਬੇਗ ਨੇ ਪਹਿਲੇ ਤਾਂ ਉਸਦੀ ਗਲ ਵਲ ਕੰਨ ਹੀ ਨ ਧਰਿਆ ਪ੍ਰੰਤੂ ਜਦੋਂ ਸ਼ਹਿਰ ਦੇ ਹੋਰ ਵਡੇ ਵਡੇ ਆਦਮੀ ਜੋਰ ਦੇਨ ਲਗੇ ਤਾਂ ਉਸਨੇ ਤੰਗ ਹੋਕੇ ਮੌਲਵੀਆਂ ਦੀ ਸਭਾ ਇਕਤ੍ਰ ਕੀਤੀ ਅਰ ਹਕੀਕਤ ਰਾਇ ਦੀ ਬਾਲ ਅਵਸਥਾ ਅਰ ਅਞਾਨਪਨੇ ਦਾ ਧ੍ਯਾਨ ਰਖਕੇ ਪੁਛਿਆ ਕਿ ਕੀ ਸ਼ਰਾ ਵਿਚ ਛੋਟੇ ਬਾਲਾਂ ਨੂੰ ਭੀ ਇਸ ਔਗਨ ਦਾ ਡੰਨ ਦੇਨਾ ਲਿਖਿਆ ਹੈ? ਅਮੀਰ ਬੇਗ ਨੇ ਵਿਚਾਰਿਆ ਸੀ ਕਿ ਮੁਸਲਮਾਨੀ ਸਭਾ ਸਦਾਂ ਦੀ ਬਹੁਤੀ ... ਹੋਵੇਗੀ ਪ੍ਰੰਤੂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਹ ਭੁਲ ਵਿਚ ਸੀ ਇਹ ਸਭ ਇਕ ਜ਼ੁਬਾਨ ਹੋਕੇ ਬੋਲੇ ਕਿ" ਯਾਂ ਤਾਂ ਹਕੀਕਤ ਰਾਇ ਮੁਸਲਮਾਨ ਹੋਜਾਏ ਯਾ ਜਾਨੋਂ ਮਾਰਿਆ ਜਾਵੇ" ।

ਦੂਜਾ ਅੰਕ

ਇਸ ਨਿਆਂ ਨੇ ਸਾਰੇ ਹਿੰਦੂਆਂ ਵਿਚ ਥਰਥੱਲੀ ਪਾ ਦਿਤੀ। ਸ਼ਹਿਰ ਦੇ ਇਸ ਸਿਰੇ ਤੋਂ ਉਸ ਸਿਰੇ ਤੀਕ ਸਭ ਤ੍ਰਾਸ, ਤ੍ਰਾਸ ਕਰਨ ਲਗੇ । ਪ੍ਰੰਤੂ ਹਿੰਦੂ ਅਜੇਹੇ ਮੁਰਦੇ ਅਰ ਅਪਵਸੇ ਹੋ ਗਏ ਸਨ ਕਿ ਉਨਾਂ ਵਿਚ ਆਪਨੀ ਰਖ੍ਯਾ ਆਪ ਕਰਨ ਦਾ ਉਦਮ ਹੀ ਨਹੀਂ ਰਿਹਾ ਸੀ । ਸਭ ਭੇਡਾਂ ਬਕਰੀਆਂ ਦੀ ਨਿਆਈਂ ਸਾਹ ਵਟੇ ਬੈਠੇ ਸਨ। ਕਿਸੇ ਨੇ ਭੀ ਮੁਸਲਮਾਨਾਂ ਨੂੰ ਨਹੀਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਮਝਾਇਆ। ਕਿ ਬਚੇ ਤੇ ਅਜੇਹਾ ਅਨਜਾਂ ਨਾ ਕੀਤਾ ਜਾਵੇ।

ਅਮੀਰ ਬੇਗ ਨੇ ਹਕੀਕਤ ਰਾਇ ਨੂੰ ਸਾਮਨੇ ਸਦਕੇ ਕਿਹਾ "ਲੜਕੇ! ਤੂੰ ਬੜਾ ਔਗਨ ਕੀਤਾ ਹੈ ਅਰ ਕਾਜ਼ੀਆਂ ਨੇ ਤੇਰੇ ਮਾਰ ਦੇਨ ਦਾ ਸ਼ਰਈ ਹੁਕਮ ਸੁਨਾ ਦਿਤਾ ਹੈ ਕਿ ਜੇਕਰ ਤੂੰ ਮੁਸਲਮਾਨ ਹੋ ਜਾਵੇਂ ਤਾਂ ਤੈਨੂੰ ਛਡਿਆ ਜਾਵੇ ਨਹੀਂ ਤਾਂ ਬਸ"। ਹਕੀਕਤ ਰਾਇ ਗੁਰੂਆਂ ਤੇ ਸ਼ਹੀਦਾਂ ਦੀ ਕੁਰਬਾਨੀਆਂ ਸੁਨ ਚੁਕਾ ਸੀ। ਕਹਿਨ ਲਗਾ "ਮੈਂ ਕਦੀ ਮੁਸਲਮਾਨ ਨਹੀਂ ਹੋਵਾਂ ਗਾ ਆਪ ਦਾ ਜੋ ਦਿਲ ਚਾਹੇ ਕਰ ਲਵੋ"।

ਬਾਗ਼ ਮਲ ਅਰ ਕੌਰਾਂ ਦੋਵੇਂ ਉਸ ਵੇਲੇ ਤੀਕਰ ਚੁਪ ਚਪੀਤੇ ਖੜੋਤੇ ਸੇ। ਅਮੀਰ ਬੇਗ ਨੂੰ ਅਪਨੇ ਵਲ ਕਰਕੇ ਕਹਿਨ ਲਗੇ। "ਗਰੀਬਨਿਵਾਜ! ਜੋ ਕੁਝ ਸਾਡਾ ਘਰ ਬਾਰ ਧਨ ਪਦਾਰਥ ਹੈ ਲੈ ਲਵੋ ਪਰ ਮੇਰੇ ਇਸ ਕਲੇਜੇ ਦੇ ਟੁਕੜੇ ਨੂੰ ਛਡ ਦਿਓ"। ਮਾਤਾ ਕੌਰਾਂ ਕਾਜ਼ੀ ਦੇ ਪੈਰਾਂ ਤੇ ਡਿਗੀ "ਸਭ ਕੁਝ ਲੈ ਲਵੋ ਪਰ ਮੇਰਾ ਬੱਚਾ ਮੈਨੂੰ ਦੇ ਦਿਓ। ਮੇਰੀ ਗੋਦੀ ਖਾਲੀ ਨ ਕਰਾਓ"। ਕਾਜ਼ੀ ਨੇ ਝਿੜਕ ਕੇ ਉਤਰ ਦਿਤਾ "ਚਲ! ਚਲ! ਸ਼ਰਾ ਦੇ ਹੁਕਮ ਨੂੰ ਕੌਨ ਮੋੜ ਸਕਦਾ ਹੈ"

ਅਮੀਰ ਬੇਗ ਵਿਚ ਪੌਰਸ਼ਕ ਬਲ ਸੀ ਮਾਤਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਿਤਾ ਦਾ ਨਿਮ੍ਰਤ ਭਰਿਆ ਹਾਲ ਦੇਖਕੇ ਉਸਨੂੰ ਤਰਸ ਆਇਆ ਅਰ ਕਾਜੀ ਨੂੰ ਬਹੁਤ ਕੁਝ ਸਮਝਾਯਾ ਮੁੰਡੇ ਦੀ ਅੰਞਾਨਤਾਈ ਦਾ ਢੁਰਰ ਡਾਹਿਆ ਉਸਨੇ ਕਿਹਾ ਕਿ ਬਾਲਪਨੇ ਕਰਕੇ ਉਹ ਜੀਭਾ ਨੂੰ ਨਹੀਂ ਰੋਕ ਸਕਦਾ ਉਸਦੀ ਨੀਅਤ ਇਸਲਾਮ ਪੰਥ ਦੀ ਨਿੰਦਯਾ ਕਰਨ ਦੀ ਨਹੀਂ ਸੀ। ਬਾਲ ਗਾਲਾਂ ਸੁਨਕੇ ਸਮਾ ਨਹੀਂ ਸਕਦੇ ਹਕੀਕਤ ਰਾਇ ਤੋਂ ਭੀ ਨ ਸਹਾਰਿਆ ਗਿਆ"। ਪਰ ਕਾਜੀ ਕਠੋਰ ਚਿਤ ਸੀ ਕ੍ਰੋਧਵਾਨ ਹੋਕੇ ਕਹਿਨ ਲਗਾ ਕਿ "ਇਸਲਾਮ ਖਤਰੇ ਦੀ ਦਸ਼ਾ ਵਿਚ ਹੈ ਹਿੰਦੂ ਬੜੇ ਬੇਅਦਬ ਹੋ ਗਏ ਹਨ ਪਹਿਲਾਂ ਤੋਂ ਹੀ ਹੀਨਤਾਈ ਕਰ ਰਹੇ ਹਨ। ਸਿਖ ਜਿਸ ਪ੍ਰਕਾਰ ਮੁਸਲਮਾਨੀ ਵਸੋਂ ਦੇ ਨਾਲ ਵਰਤਾਉ ਕਰ ਰਹੇ ਹਨ ਅਤਿ ਪ੍ਰਕਾਸ਼ਵਾਨ ਹੋ ਰਿਹਾ ਹੈ। ਜੇਕਰ ਕਾਫਰ ਇਸਲਾਮ ਦੇ ਵਡਿਆਂ ਨੂੰ ਗਾਲਾਂ ਕਢਕੇ ਬਚ ਰਹਿਨ ਗੇ ਤਾਂ ਮੁਸਲਮਾਨਾ ਦਾ ਖ਼ੁਦਾ ਰਾਖਾ। ਇਹ ਲੜਕਾ ਸਿਰ ਕਟਾਉਨੇ ਯੋਗ ਹੈ ਜੇਕਰ ਇਸਨੂੰ ਨਾ ਡੰਨ ਦਿਤਾ ਗਿਆ ਤਾਂ ਮੁਸਲਮਾਨ ਬੜਾ ਰੌਲਾ ਪਾਉਨ ਗੇ ਅਰ ਅਮਨ ਅਮਾਨ ਵਿਚ ਭੀ ਫਰਕ ਆਵੇਗਾ" ਅਮੀਰ ਬੇਗ ਨੇ, ਦੁਬਾਰਾ ਫੇਰ ਕਾਜੀ ਨੂੰ ਸਮਝਾਯਾ ਕਿ ਬਾਲਾਂ ਦੀ ਭੁਲ ਦਾ ਵਿਚਾਰ ਵਿਦ੍ਵਾਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਰ ਬੁਧਮਾਨ ਨਹੀਂ ਕੀਤਾ ਕਰਦੇ । ਅੰਞਾਨ ਮੁੰਡੇ ਆਪੋ ਵਿਚ ਲੜਦੇ ਘੁਲਦੇ ਹੀ ਰਹਿੰਦੇ ਹਨ ਕੌਨ ਉਨਾਂ ਨੂੰ ਦੇਖਦਾ ਸੁਨਦਾ ਹੈ। ਨਿਆਉਂ ਨਹੀਂ ਚਾਹੁੰਦਾ ਕਿ ਅੰਞਾਨੇ ਨੂੰ ਵਢਿਆ ਜਾਏ ਹਾਂ ਇਸਲਾਮ ਦੇ ਭਜ ਭੂਰ ਕਾਇਮ ਰਖਨੇ ਦੇ ਵਿਚਾਰ ਤੇ ਕੁਝ ਥੋੜਾ ਜਿਹਾ ਡੰਨ ਦੇ ਦੇਨਾ ਚਾਹੀਏ ਨਹੀਂ ਤਾਂ ਇਹ ਫਲ ਹੋਵੇਗਾ ਕਿ ਹਿੰਦੂ ਸ਼ਹਿਰ ਛਡ ਜਾਨਗੇ ਸਿਆਲਕੋਟ ਉਜੜ ਜਾਇਗਾ । ਬੁਪਾਰ ਨੂੰ ਘਾਟਾ ਪਵੇਗਾ ਖਜਾਨਾ ਖਾਲੀ ਰਹੇਗਾ" ਕਾਜੀ ਬੋਲਿਆ ਕਿ "ਬੜੀ ਹੈਰਾਨੀ ਦੀ ਗਲ ਹੈ ਕਿ ਆਪ ਮੁਸਲਮਾਨ ਹੋਕੇ ਕਾਫ਼ਰ ਦੀ ਰਛੀ ਕਰਦੇ ਹੋ ਆਪਨੂੰ ਦੁਨੀਆਂ ਦਾ ਧਿਆਨ ਹੈ ਪਰ ਦੀਨ ਦਾ ਨਹੀਂ ਹੈ। ਦੁਨੀਆਂ ਦੇ ਸਾਮਨੇ ਵਿਚ ਸ਼ਰਾ ਦੀ ਹੇਠੀ ਕਰਨੀ ਮੁਸਲਮਾਨ ਦਾ ਕੰਮ ਨਹੀਂ ਹੈ ਪਾਤ-ਸ਼ਾਹ ਨੂੰ ਭੀ ਇਸ ਸਮਜ ਸਿਰ ਝੁਕਾਉਨਾ ਪੈਂਦਾ ਹੈ ॥

ਜੇਕਰ ਫਤਵਾ ਸ਼ਰਾ ਦਾ ਮਾਰਨ ਲਈ ਦੇਦੇ। ਨਿਸੰਦੇਹ ਕਰ ਪੁਛ ਉਹ ਨਿਜ ਪ੍ਰਤੀਤ ਕਰ ਲੇ।

ਆਮੀਰਬੇਗ ਚੁਪ ਹੋ ਗਿਆ। ਕੀ ਕਹਿੰਦਾ ਉਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਨ ਵਿਚ ਬੜਾ ਹੈਰਾਨ ਹੋਯਾ। ਇਕ ਪਾਸੇ ਤਾਂ ਮੁਸਲ-
ਮਾਨ ਲੜਨ ਮਰਨ ਨੂੰ ਤਿਆਰ ਖੜੋਤੇ ਸਨ। ਕਾਜ਼ੀ
ਕਛ ਵਿਚ ਸ਼ਰਹ ਦੀਆਂ ਕਿਤਾਬਾਂ ਲੀਤੇ ਹੋਏ ਮਸੂਮ ਦੇ
ਪ੍ਰਾਨ ਲੈਨ ਨੂੰ ਹਾਲ ਹਾਲ ਕਰ ਰਿਹਾ ਸੀ। ਦੂਜੇ ਪਾਸੇ
ਵਿਚਾਰਾ ਬਾਗਮਲ ਅਰ ਨਿਮਾਨੀ ਮਾਤਾ ਕੌਰਾਂ ਵਿਲਕ
ਵਿਲਕ ਕੇ ਵਿਰਲਾਪ ਕਰ ਰਹੀ ਸੀ ਹਿੰਦੂਆਂ ਦੀ
ਬਹੁਤ ਸਾਰੀ ਵਸੋਂ ਮੂੰਹ ਨੀਵੇਂ ਕੀਤੇ ਸ਼ੋਕ ਕਰ ਰਹੀ ਸੀ
ਅਰ ਪ੍ਰਮਾਤਮਾ ਦਾ ਨਾਉਂ ਲੈ ਲੈ ਕੇ ਹਾਕਮ ਨੂੰ ਪੂਰਾ ੨
ਨਿਆਇ ਕਰਨ ਲਈ ਨਿੰਮ੍ਰਤਾ ਸਹਿਤ ਬੇਨਤੀਆਂ ਕਰ
ਰਹੇ ਸਨ। ਸਚ ਮੁਚ ਕਿਹਾ ਦਰਦ ਭਰਿਆ ਦ੍ਰਿਸ਼ਜ ਸੀ
ਪੁਰਸ਼ ਤਾਂ ਪੁਰਸ਼ ਹੈ ਅਜੇਹੇ ਵੇਲੇ ਕਠੋਰ ਚਿਤ ਜੋ
ਪਥਰ ਸਮਾਨ ਹੁੰਦੇ ਹਨ ਮੋਮ ਵਾਂਗੂ ਪੰਘਰ ਜਾਂਦੇ ਹਨ
ਪ੍ਰੰਤੂ ਕਾਜ਼ੀ ਅਰ ਉਸਦੇ ਸਾਥੀ ਮੁਸਲਮਾਨਾਂ ਦਾ ਚਿੱਤ
ਪਥਰੋਂ ਭੀ ਅਧਿਕ ਕਠੋਰ ਸੀ॥

ਅਮੀਰਬੇਗ ਨੂੰ ਐਨੀ ਹਿੰਮਤ ਕਿਸ ਪ੍ਰਕਾਰ ਹੋ
ਸਕਦੀ ਸੀ ਕਿ ਸ਼ਰਾਹ ਦੇ ਵਿਰੁਧ ਕੰਮ ਕਰੇ ਉਸਨੇ
ਕਾਜ਼ੀ ਨੂੰ ਕਿਹਾ "ਹਛਾ! ਮੈਂ ਇਸ ਲੜਕੇ ਦਾ ਮੁਕਦਮਾ
ਲਾਹੌਰ ਦੇ ਹਾਕਮ ਦੀ ਕਚਹਿਰੀ ਵਿਚ ਭੇਜ ਦੇਨਾਂ
ਹਾਂ ਉਹ ਜੋ ਚਾਹੇ ਗਾ ਕਰ ਦੇਵੇ ਗਾ॥

ਰਸਤੇ ਵਿਚ ਤਿੰਨ ਦਿਨ ਬੀਤੇ ਅਜੇਹਾ ਭਯਾਨਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਰਦ ਭਰਿਆ ਦ੍ਰਿਸ਼ਜ ਕਦੋਂ ਕਿਸੇ ਨੇ ਦੇਖਣਾ ਹੋਵੇਗਾ ਮਸੂਮ ਦੀ ਆਪਤਿ ਦੀ ਕਹਾਣੀ ਜੋ ਪੁਰਸ਼ ਰਾਹ ਵਿਚ ਸੁਣਦਾ ਸੀ ਅਥਰੂ ਕੇਰਦਾ ਸੀ । ਇਥੋਂ ਤੀਕਰ ਕਿ ਇਕ ਮੁਸਲਮਾਨ ਵਿਚਾਰੇ ਨੇ ਸ਼ਾਹਦਰੇ ਦੇ ਕੋਲ ਉਨਾਂ ਨੂੰ ਸਿਪਾਹੀਆਂ ਦੇ ਹਥੋਂ ਛੁਡਾਉਣਾ ਚਾਹਿਆ ਪ੍ਰੰਤੂ ਕਾਜ਼ੀ ਹਨੇਰ ਦਾ ਕਠੋਰ ਚਿਤ ਸੀ ਉਹ ਕਦੋਂ ਕਿਸੇ ਦੀ ਸੁਣਨ ਵਾਲਾ ਸੀ ਸਹਾਇਕ ਹਿੰਦੂਆਂ ਦੀ ਇਕਤ੍ਰਤਾ ਨਾਲ ਸਨ ਸਭ ਦਿਲੋਂ ਬਾਗ਼ਮਲ ਦੇ ਦਰਦ ਵਿਚ ਸ਼ਰੀਕ ਸਨ। ਪ੍ਰੰਤੂ ਕੀ ਕਰ ਸਕਦੇ ਸੀ ?॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੀਜਾ ਅੰਕ

ਚੌਥੇ ਦਿਨ ਲਾਹੌਰ ਦੇ ਹਾਕਮ ਦੇ ਸਾਮਣੇ ਹਕੀ- ਕਤ ਰਾਇ ਪੇਸ਼ ਕੀਤੇ ਗਏ। ਉਸਨੇ ਭੀ ਨਿਆਂ ਕਾਜੀ- ਆਂ ਦੇ ਹਵਾਲੇ ਹੀ ਕੀਤਾ। ਲਾਹੌਰ ਦੇ ਕਾਜ਼ੀਆਂ ਨੇ ਸਿਆਲਕੋਟ ਦੇ ਕਾਜੀਆਂ ਦਾ ਹੀ ਫੈਸਲਾ ਕੀਤਾ ॥

ਇਥੇ ਭੀ ਹਾਕਮ ਲਾਹੌਰ ਨੇ ਹਕੀਕਤ ਰਾਇ ਨੂੰ ਮੁਸਲਮਾਨ ਹੋ ਜਾਨ ਨੂੰ ਕਿਹਾ ਪ੍ਰੰਤੂ ਓਨਾਂ ਦਾ ਉਤਰ ਪਹਿਲਾਂ ਤੋਂ ਹੀ ਇਹੋ ਘੜਿਆ ਸੀ ਕਿ"ਦੀਨ ਨੂੰ ਦੁਨੀ- ਆ ਲਈ ਹਥੋਂ ਦੇਨਾਂ ਮਨਜੂਰ ਨਹੀਂ ਈਸ਼੍ਵਰ ਦੀ ਮਰਜੀ ਪੂਰੀ ਹੋਵੇ ਜੋ ਹੋਨਾ ਹੈ ਹੋਕੇ ਰਹੇ ਗਾ ਜੋ ਨਹੀਂ ਹੋਨ ਵਾਲਾ ਹੈ ਕਦੀ ਨਹੀਂ ਹੋ ਸਕੇ ਗਾ ॥

"ਹਾਂ ਰਾਜੀ ਮੈ ਓਸ ਵਿਚ ਜਿਸ ਵਿਚ ਰਬ ਰਜ਼ਾ"

ਅੰਞਾਨ ਮੁੰਡੇ ਦਾ ਉਤਰ ਸੁਨਕੇ ਮੁਸਲਮਾਨਾਂ ਨੂੰ ਭੀ ਹੈਰਾਨੀ ਹੋਈ ਇਕ ਕਹਿਨ ਲਗਾ" ਵਾਹਿ ਓਇ ਮੁੰਡਿਆ! ਕਿਸ ਪ੍ਰਕਾਰ ਤੈਨੂੰ ਅਪਨੇ ਧਰਮ ਦਾ ਪ੍ਰੇਮ ਹੈ ਦੂਜੇ ਨੇ ਕਿਹਾ "ਕੀ ਜਾਨੀਏ ਜੋ ਇਸ ਹਿੰਦੂ ਕੌਮ ਤੇ ਕੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਖੁਦਾ ਦੀ ਮਾਰ ਹੈ ਜੋ ਧਰਮ ਧਰਮ ਕਰਦੇ ਹੋਏ ਹਜਾਰਾਂ ਦੀ ਗਿਣਤੀ ਵਿਚ ਸਿਰ ਕਟਵਾਂਦੇ ਚਲੇ ਜਾਂਦੇ ਹਨ ਅਫ ਸੀ ਤਕ ਨਹੀ ਕਰਦੇ। ਤੀਜੇ ਨੇ ਕਿਹਾ ਕਿ“ ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਬਚਿਆਂ ਵਾਂਙੂ ਹਨੇਰ ਦੇ ਹਠ ਧਰਮੀ ਅਰ ਦ੍ਰਿੜਤਾ ਹੈ। ਚੌਥਾ ਬੋਲਣਾ “ਹਿੰਦੂ ਕੌਮ ਅਤਿ ਬਿਅਕਲ ਹੈ ਸੰਸਾਰਕ ਆਨੰਦ ਦੀ ਪ੍ਰਵਾਹ ਨਹੀਂ ਕਰਦੀ ਇਕ ਨੂੰ ਮਰਦਿਆਂ ਦੇਖਕੇ ਦੂਜਾ ਬਿਰਥਾ ਚਲਾ ਜਾਂਦਾ ਹੈ ਇਹ ਸੰਸਾਰਿਕ ਆਨੰਦਾਂ ਤੋਂ ਵਾਕਬ ਨਹੀਂ ਹਨ” ਪੰਜਵਾਂ ਬੋਲਿਆ“ ਸਾਨੂੰ ਤਾਂ ਕੋਈ ਸੰਸਾਰਕ ਵਸਤੂ ਦੇ ਦੇਵੇ ਉਸੇ ਵੇਲੇ ਅਸੀਂ ਈਮਾਨ ਛਡਨ ਲਈ ਤਿਆਰ ਹਾਂ ਅਰ ਬੇਦੀਨਹੋਨ ਨੂੰ ਰਾਜੀ ਹਾਂ” ਛੀਵਾਂ ਬੋਲਣਾ “ਭਾਈ! ਇਸ ਅਞਾਨ ਕੌਮ ਵਿਚ ਇਹ ਬੁਧਿ ਕਿਥੇ! ਉਨਾਂ ਨੂੰ ਮਰਨ ਦਿਓ”। ਸਤਵੇਂ ਨੇ ਕਿਹਾ “ਇਹ ਕੁਰਬਾਨੀਆਂ ਹਿੰਦੂਆਂ ਵਿਚ ਸਿਖਾਂ ਦੇ ਕਾਰਨ ਪ੍ਰਗਟ ਹੋਈਆਂ ਹਨ ਪਹਿਲੇ ਹਜਾਰਾਂ ਅਰ ਲਖਾਂ ਹਿੰਦੂ ਮੁਸਲਮਾਨ ਕੀਤੇ ਗਏ। ਰਤੀ ਭੀ ਕਿਸੇ ਨੇ ਚੂੰ ਚਰਾਂ ਨ ਕੀਤੀ। ਜਦੋਂ ਸਿਖ ਮਰਨ ਮਾਰਨ ਲਗੇ ਤਦ ਤੋਂ ਉਨਾਂ ਵਿਚ ਖਾਸ ਪ੍ਰਕਾਰ ਦਾ ਪੰਥਿਕ ਜੋਸ਼ ਉਤਪਤ ਹੋ ਗਿਆ ਹੈ। ਮੂਲ ਕੀ ਕਿ ਇਸ ਪ੍ਰਕਾਰ ਆਪੋ ਵਿਚ ਗਲਾਂ ਕਰ ਰਹੇ ਸਨ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਕੀਕਤ ਰਾਇ ਦਾ ਉੱਤਰ ਸੁਨਕੇ ਲਾਹੌਰ ਦਾ ਹਾਕਮ ਸੋਚਨ ਲਗਾ। ਕੁਝ ਚਿਰ ਉਪ੍ਰੰਤ ਸਿਰ ਨੂੰ ਉਚਿਆਂ ਕਰਕੇ ਉਨਾਂ ਨੂੰ ਕਿਹਾ ਕਿ ਚੰਗਾ ਹੈ ਜੋ ਆਪ ਮੁਸਲਮਾਨ ਹੋ ਜਾਓ। ਕਿਸੇ ਦੇ ਕਹਿਣ ਸੁਨਣ ਵਿਚ ਨਾ ਆਓ ਬਿਅਰਥ ਜਾਨ ਦੇਣੀ ਚੰਗੀ ਨਹੀਂ ਹੈ। ਦੀਨ ਇਸਲਾਮ ਕਬੂਲ ਕਰ ਲਵੋ। ਆਨੰਦ ਨਾਲ ਜੀਵਨ ਬਿਤੀਤ ਕਰੋ ਕਿਸੇ ਸੁੰਦ੍ਰ ਜੁਬਾ ਅਵਸਥਾ ਲੜਕੀ ਨਾਲ ਵਿਆਹ ਭੀ ਕਰਾ ਦਿਤਾ ਜਾਵੇਗਾ। ਜਾਗੀਰ, ਉਹਦਾ ਵਡਿਆਈ ਭੀ ਕੀਤੀ ਜਾਵੇਗੀ। ਪਰ ਹਕੀਕਤ ਰਾਇ ਨੇ ਉਤਰ ਦਿਤਾ ਕਿ "ਧਰਮ ਹੀ ਸਾਡੀ ਜਾਨ ਅਰ ਧਰਮ ਹੀ ਸਾਡੇ ਪ੍ਰਾਨ ਹਨ ਧਰਮ ਹੀ ਸਾਡੀ ਸ਼ੋਭਾ ਅਰ ਧਰਮ ਹੀ ਉਪਮਾ ਹੈ ਧਰਮ ਦੇ ਬਿਨਾ ਜੀਵਨਾ ਮੌਤ ਹੈ ॥

ਅੰਤ ਨੂੰ ਹਾਕਮ ਨੇ ਤੰਗ ਆ ਕੇ ਮਾਰ ਦੇਨ ਦਾ ਹੁਕਮ ਸੁਨਾਇਆ। ਜਲਾਦਾਂ ਨੇ ਉਨਾਂ ਨੂੰ ਉਸੇ ਵੇਲੇ ਪਕੜ ਲਿਆ। ਫੇਰ ਤਾਂ ਕਚਹਿਰੀ ਵਿਚ ਪਰਲੋ ਅ ਗਈ। ਬਾਗਮਲ ਬੇਸੁਧ ਹੋਕੇ ਧਰਤੀ ਤੇ ਡਿਗ ਪਯਾ ਮਾਈ ਕੌਰਾਂ ਦੇ ਰੁਦਨ ਅਰ ਵਿਰਲਾਪ ਤੋਂ ਅਕਾਸ਼ ਕੰਬਨ ਲਗ ਗਿਆ ਉਹ ਰੋਂਦੀ ਜਾਂਦੀ ਸੀ ਅਰ ਕਹਿੰਦੀ ਜਾਂਦੀ ਸੀ ਕਿ:—

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇਖੀਂ ਬੇਟਾ ਮੇਰੇ ਵਲ ਤੂੰ ਮਾਤਾ ਕਹਿ
ਬੁਲਾਓ। ਸਦਕੇ ਜਾਵਾਂ ਘੋਲੀ ਵਾਰੀ
ਦੁਨੀਆਂ ਤੋਂ ਨਾ ਜਾਓ। ਸੋਚੋ ਦਿਲ
ਵਿਚ ਧਿਆਨ ਕਰੋ ਖਾਂ ਨਾ ਕੁਝ ਕਾਹਲ
ਕਰਾਓ। ਮਾਂ ਮਰ ਜਾਸੀ ਬਿਨਾਂ ਹਕੀ-
ਕਤ ਨਾਲ ਛਾਤੀ ਲਗ ਜਾਓ। ਮਾਤਾ
ਕਹੇ ਰਹੋ ਜਿਊਂਦੇ ਵਿਚ ਜਗਤ ਦੇ ਆ
ਕੇ। ਮੁਸਲਮਾਨ ਤੂੰ ਬੇਸ਼ਕ ਹੋ ਜਾ ਗਲ
ਸੁਨ ਧਿਆਨ ਲਗਾ ਕੇ। ਵਾਂਗ ਚਿਤ੍
ਮੈਂ ਦੇਖਾਂ ਤੈਨੂੰ ਨਿਤ ਦਿਹਾੜੀ ਜਾ ਕੇ।
ਕੇਵਲ ਰਾਜੀ ਹਾਂ ਮੈਂ ਤੇਰਾ ਸੂਰਤ ਦਰ-
ਸਨ ਪਾਕੇ। ਹਾਇ ਹਕੀਕਤ ਨਿਕੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿੰਦੜੀ ਅਜੇ ਅੰਞਾਨ ਵਿਚਾਰਾ । ਹਾਇ ਹਕੀਕਤ ਇਕ ਬਿਨ ਤੇਰੇ ਸੁੰਞਾ ਦੇਸ ਹੈ ਸਾਰਾ। ਹਾਇ ਹਕੀਕਤ ਵਹੁਟੀ ਤੇਰੀ ਰੁਦਨ ਕਰੇ ਅਤਿ ਭਾਰਾ। ਹਾਇ ਹਕੀਕਤ ਐਵੇਂ ਹੀ ਗਿਓਂ ਬਿਰਥਾ ਜਨਮ ਤੂੰ ਹਾਰਾ। ਐਂਵੇਂ ਉਜੜੀ ਵਾੜੀ ਮੇਰੀ ਛਾਯਾ ਕਾਰਨ ਲਾਈ। ਕਿਹੇ ਕੁਵੇਲੇ ਔਤਰ ਸੁੰਞੀ ਮੌਤ ਤੈਨੂੰ ਹੈ ਆਈ। ਸਿਰ ਮੇਰੇ ਤੇ ਕੋਇ ਨ ਰਿਹਾ ਵਾੜੀ ਜੜੋਂ ਪੁਟਾਈ। ਹੈ ਹੈ ਰਬਾ ਕੀ ਇਹ ਹੋਯਾ ਹੋਨੀ ਕੀ ਵਰਤਾਈ। ਪਿਛਲੇ ਵੇਲੇ ਬਰਛੀ ਮਾਰੀ ਹਾਇ ਮੇਰੇ ਸੁਤ ਪਿਆਰੇ। ਪਿਤਾ ਤੁਹਾਰਾ ਧਰਤੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਤੇ ਚੁਕ ਚੁਕ ਮਥਾ ਮਾਰੇ। ਬੁਝ ਗਿਆ ਮੇਰੇ ਘਰ ਦਾ ਦੀਵਾ ਮੇਰੇ ਰਾਜ ਦੁਲਾਰੇ ਸੜ ਗਏ ਲੇਖ ਮਥੇ ਦੇ ਤਾਇਬ ਕਰਮ ਭਤੀ ਦੇ ਹਾਰੇ॥

ਮਾਂ ਰੋਂਦੀ ਹੈ! ਪੁਤ੍ਰ! ਤੂੰ ਮੁਸਲਮਾਨ ਹੋ ਜਾ! ਮੈਂ ਅਖ ਭਰਕੇ ਤੈਨੂੰ ਦੇਖ ਤਾਂ ਲਿਆ ਕਰਾਂ ਗੀ। ਹੇ ਮੇਰੇ ਪੇਟ ਦੇ ਜਾਏ ਹੇ ਮੇਰੀ ਕੁਖ ਦੇ ਪ੍ਰਕਾਸ਼ਿਕ! ਮੇਨੂੰ ਦੇਖੋ ਮਾ ਦੀ ਮਮਤਾ ਦਾ ਤਾਂ ਧਿਆਨ ਕਰੋ। ਹਿੰਦੂ ਨਾ ਸਹੀ। ਮੈਂ ਤੈਨੂੰ ਮੁਸਲਮਾਨ ਵੇਖਕੇ ਭੀ ਰਾਜੀ ਰਹਾਂ ਗੀ। ਮੇਰੇ ਨੇਤ੍ਰਾਂ ਦੇ ਸਾਮਨੇ ਰਹੋ। ਮੇਰੇ ਕਲੇਜੇ ਨੂੰ ਸੀਤਲ ਰਖ। ਮੇਰੀ ਛਾਤੀ ਠੰਢੀ ਰਹੇ ਗੀ॥

ਹਕੀਕਤ ਰਾਇ ਨੇ ਮਾਂ ਦੀ ਵਲ ਨਜਰ ਭਰ ਕੇ ਵੇਖਆ ਦੋਹਾਂ ਹਥਾਂ ਨੂੰ ਬੰਨਕੇ ਸਿਰ ਨੂੰ ਮਾਂ ਦੇ ਚਰਨਾਂ ਤੇ ਰਖਕੇ ਨਿਵਾਯਾ ਅਰ ਕਿਹਾ ਕਿ" ਮਾਏ ਮੈਨੂੰ ਅਧਰਮ ਦੀ ਸਿਖਯਾ ਨ ਦੇਵੋ ਸੰਸਾਰ ਅਸਾਰ ਹੈ ਏਥੇ ਕੋਈ ਸਦਾ ਥਿਰ ਨਹੀ ਰਹਿੰਦਾ॥

"ਨਾ ਕੋਈ ਰਿਹਾ ਨਾ ਰਹੇ ਗਾ ਇਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੰਸਾਰ ਅਸਾਰ। ਕੇਵਲ ਇਕੋ ਰਹੇ ਗਾ ਸਤਿ ਨਾਮ ਕਰਤਾਰ ॥"

ਦੁਨੀਆਂ ਕਿਸੇ ਦੇ ਨਾਲ ਨਹੀਂ ਜਾਂਦੀ ਨਾ ਹੀ ਮੇਰੇ ਨਾਲ ਜਾਇਗੀ। ਕੋਈ ਅਜ ਮਰੇਗਾ ਕੋਈ ਕਲ ਮਰੇਗਾ। ਕੌਨ ਜਾਨਦਾ ਹੈ ਕਿ ਕਿਸ ਵੇਲੇ ਮੌਤ ਦਾ ਸਨੇਹਾ ਆ ਜਾਏ। ਪਰਕੀ ਮੁਸਲਮਾਨ ਹੋ ਜਾਨ ਨਾਲ ਮੌਤ ਨਹੀਂ ਆਵੇਗੀ? ਸਭ ਹੋਵੇ ਜੋ ਉਸ ਵੇਲੇ ਮੈਨੂੰ ਸਪ ਲੜ ਜਾਏ ਅਰ ਮੈਂ ਮਰ ਜਾਵਾਂ ਹੇ ਮੇਰੀ ਮਾਤਾ! ਤੂੰ ਈਸ਼੍ਵਰ ਤੇ ਭਰੋਸਾ ਰਖ। ਮੈਨੂੰ ਧਰਮ ਦੇ ਲਈ ਜਾਨ ਦੇਨ ਦੇ। ਤੇਰੀ ਅਸੀਸ, ਅਸ਼ੀਰਵਾਦ ਮੇਰੇ ਦੁਖ ਦਰਦ ਨੂੰ ਦੂਰ ਕਰੇਗੀ। ਤੂੰ ਪ੍ਰਸੰਨ ਹੋ ਕਿ ਤੇਰਾ ਪੁਤ੍ਰ ਅਧਰਮੀ ਨਹੀਂ ਕਿੰਤੂ ਧਰਮ ਦੇ ਲਈ ਮਰ ਰਿਹਾ ਹੈ"।

ਚਿੰਤਾ ਸਦਾ ਨਾ ਗ਼ਮੀ ਭੀ ਰਹਿੰਦੀ ਵਿਚ ਜਹਾਨ। ਰੰਗ ਨ ਰਹਿੰਦਾ ਦੁਨੀਦਾ ਸਦਾ ਏਕ ਸਮਾਨ ॥

ਮਾਂ ਪੁਤ੍ਰ ਦੀਆਂ ਗਲਾਂ ਨੂੰ ਸੁਨਕੇ ਆਪਣੀ ਥਾਂ ਤੋਂ ਉਛਲ ਪਈ ਅਰ ਪੁਤ੍ਰ ਦੇ ਗਲ ਚੰਬੜ ਗਈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਥੇ ਕੇਹੜਾ ਆਦਮੀ ਸੀ ਜਿਸਨੇ ਉਸ ਦ੍ਰਿਸ਼ਜ ਨੂੰ ਦੇਖਕੇ ਅਖ਼ਾਂ ਤੋਂ ਅਥਰੂ ਨ ਕੇਰੇ ਹੋਨ ਗੇ ਬੜੀ ਕਠਨਤਾ ਸਹਿਤ ਜਲਾਦਾਂ ਨੇ ਮਾਂ ਨੂੰ ਪੁਤ੍ਰ ਨਾਲੋਂ ਵਖਰਿਆਂ ਕੀਤਾ। ਕੌਰਾਂ ਨੇ ਫੇਰ ਚੀਕ ਮਾਰੀ। ਜਿਸਨੂੰ ਸੁਨਕੇ ਸਾਰੀ ਕਚ-ਹਿਰੀ ਸਹਿਮ ਗਈ:—

"ਇਸ ਆਯੂ ਵਿਚ ਮਰਨ ਦੇ ਪੁਤ੍ਰ ਚਾਹਿਕ ਹੋਇ। ਮੌਤ ਉਦੋਂ ਹੀ ਆਗਈ ਜਦ ਪੁਤ ਲਾਇਕ ਹੋਇ" ॥

ਉਸਨੇ ਘੜੀ ਘੜੀ ਚੀਕਾਂ ਮਾਰੀਆਂ। ਹਾਇ ਹਾਇ ਹਕੀਕਤ ਨੂੰ ਕਿਉਂ ਮੇਰੀ ਗੋਦ ਵਿਚੋਂ ਖੋਹੀ ਲਈ ਜਾਂਦੇ ਹੋ? ਅਰ ਸਿਰ ਤੇ ਦੁਹੱਥੜ ਮਾਰਕੇ ਧਰਤੀ ਤੇ ਡਿਗ ਪਈ ਅਰ ਬੇਹੋਸ਼ ਹੋ ਗਈ। ਉਸ ਨੂੰ ਫੇਰ ਹੋਸ਼ ਆਈ ਹੀ ਨਹੀਂ ਦੰਦਨ ਪੈਗਈ ਉਸਦਾ ਪਤਾ ਸਿਖਾਂ ਦੀ ਲਿਖਤ ਤੋਂ ਨਹੀਂ ਮਿਲਦਾ। ਜਿਸਦੇ ਹਥੋਂ ਪਲਿਆ ਪੋਸਿਆ ਛੋਤਾ ਉਡ ਜਾਏ ਫੇਰ ਉਸ ਨੂੰ ਸੁਧ ਕਿਸ ਪ੍ਰਕਾਰ ਆਉਂਦੀ। ਕੌਰਾਂ ਨੇ ਕਿੰਨੀਆਂ ਸੁਖਨਾਂ ਸੁਖੀਆਂ ਸਨ ਕਿੰਨੀਆਂ ਦੇਵੀਆਂ ਦਿਓਤੇ ਪੂਜੇ ਸਨ ਤਦੋਂ ਕਿਧਰੇ ਜਾਕੇ ਉਸਨੂੰ ਬ੍ਰਿਧ ਅਵਸਥਾ ਵਿਚ ਹਕੀਕਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿਹਾ ਰਤਨ ਅਮੋਲਕ ਪ੍ਰਾਪਤ ਹੋਇਆ ਸੀ । ਉਹ ਇਸ ਪ੍ਰਕਾਰ ਬੇਤਰਸੀ ਨਾਲ ਗੋਦੋਂ ਖੋਹ ਲਿਆ ਗਿਆ ਹਕੀਕਤ ਉਸਦੀ ਜਿੰਦ ਸੀ ਹਕੀਕਤ ਉਸਦਾ ਵਾਸਤਵ ਵਿਚ ਕਲੇਜਾ ਸੀ ਹਕੀਕਤ ਉਸਦੇ ਪ੍ਰਾਨ ਸੀ । ਜਦੋਂ ਹਕੀਕਤ ਹੀ ਨਾ ਰਿਹਾ ਤਾਂ ਫੇਰ ਕੌਰਾਂ ਦਾ ਜਿਉਂਦਾ ਰਹਿਨਾ ਭੁਲ ਹੋਵੇਗੀ। ਬਾਗਮਲ ਦੀ ਦਸ਼ਾ ਤਾਂ ਕਹਿਨ ਤੋਂ ਬਾਹਰੀ ਹੈ ਕੀ ਕੀਤਾ ਜਾਇ ।

"ਜੋ ਉਸਨੂੰ ਹੈ ਭਾਉਂਦਾ ਹੋਵੇ ਸੋਈ ਜਾਨ। ਅਕਾਲ ਪੁਰਖ ਕਰਤਾਰ ਉਹ ਮਾਲਕ ਦੋ ਜਹਾਨ" ॥

ਦੁਖਿਤ ਆਪਤਿਵਾਨ ਮਾਤਾ ਪਿਤਾ ਦਾ ਜੀਵਨ ਕਿਸ ਪ੍ਰਕਾਰ ਬਿਤੀਤ ਹੋਇਆ । ਸੋਚਨ ਅਰ ਸਮ-ਝਨ ਤੋਂ ਲੋਕ ਜਾਨ ਸਕਨ ਗੇ।

ਹਕੀਕਤ ਰਾਇ ਨੂੰ ਸ਼ਹੀਦਸਥਾਨ ਵਿਚ ਲਿਆਏ ਸਾਰੇ ਸੰਬੰਧੀ, ਅੰਗ, ਸਾਕ ਉਨਾਂ ਦੇ ਨਾਲ ਸਨ। ਚੁਪ ਵਰਤੀ ਹੋਈ ਸੀ। ਕੋਈ ਕਿਸੇ ਨੂੰ ਕੁਝ ਨਹੀਂ ਕਹਿੰਦਾ ਸੀ ਨਾ ਕੋਈ ਕਿਸੇ ਦੀ ਸੁਨਦਾ ਸੀ । ਜੇਕਰ ਸੂਈ ਭੀ ਧਰਤੀ ਤੇ ਡਿਗਦੀ ਤਾਂ ਉਸਦੀ ਭੀ ਆਵਾਜ ਨਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੁਨਾਈ ਦੇਂਦੀ।

ਧਰਮ ਬੀਰ ਹਕੀਕਤ ਹਠ ਨਾਲ ਜਲਾਦ ਦੀ ਉਡੀਕ ਵਿਚ ਖੜੋਤਾ ਹੋਇਆ ਉਸ ਸਚੀ ਸ਼ਕਤਿ ਦਾ ਧਿਆਨ ਕਰ ਰਿਹਾ ਸੀ ਜੋ ਸਾਰੇ ਸ੍ਰਿਸ਼ਟੀ ਵਿਚ ਸਥਾਪਨ ਹੈ ਅਰ ਗੁਪਤ ਦ੍ਰਿਸ਼ਟ ਹੋਕੇ ਇਸ ਅਨਯਾਇ ਦੇ ਭਯਾਨਕ ਕੌਤਕ ਨੂੰ ਦੇਖ ਰਿਹੀ ਸੀ। ਜਲਾਦ ਪਹੁੰਚਿਆ ਅਰ ਤਲਵਾਰ ਦੇ ਇਕ ਹੀ ਵਾਰ ਨਾਲ ਹਕੀਕਤ ਦਾ ਧਰਮੀ ਬਹੁਮੁਲਾ ਸੀਸ ਧੜ ਤੋਂ ਵਖਰਾ ਕਰ ਦਿਤਾ। ਦੇਖਨ ਵਾਲੇ ਤ੍ਰਾਹਵਾਨ ਤ੍ਰਾਹਵਾਨ ਕਰਦੇ ਹੋਏ ਆਪਨੇ ਘਰਾਂ ਨੂੰ ਮੁੜਕੇ ਆਏ। ਲਾਹੌਰ ਦੇ ਉਤ੍ਰ ਦਸ਼ਾ ਵਲ ਇਕ ਛੋਟੀ ਜਿਹੀ ਸਮਾਧੀ ਬਨੀ ਹੋਈ ਹੈ ਜਿਥੇ ਹਰ ਵਰੇ ਬਸੰਤ ਪੰਚਮੀ ਨੂੰ ਉਸ ਸਚੇ ਧਰਮੀ ਦੀ ਯਾਦਗਾਰ ਦਾ ਮੇਲਾ ਲਗਦਾ ਹੈ।

ਹਕੀਕਤ ਦੀ ਮ੍ਰਿਤੂ ਦਾ ਹਾਲ ਉਸਦੇ ਸਾਰੇ ਸੰਬੰਧੀਆਂ ਨੇ ਦੇਖਯਾ। ਕੇਵਲ ਉਸਦੀ ਸੁਪਤਿਨੀ ਸਿਆਲਕੋਟ ਵਿਚ ਸੀ। ਜਿਸ ਵੇਲੇ ਸਾਰੇ ਰੋਂਦੇ ਪਿਟਦੇ ਘਰ ਨੂੰ ਮੁੜਕੇ ਆਏ ਉਸਨੇ ਸਮਝ ਲਿਆ ਹਕੀਕਤ ਰਾਇ ਤੇ ਕੀ ਬੀਤੀ। ਕੌਰਾਂ ਨੂੰ ਸਿਰ ਧੁਨਦੇ ਅਰ ਛਾਤੀ ਪਿਟਦੇ ਦੇਖਕੇ ਉਸਨੇ ਭੀ ਜੋਰ ਦੀ ਚੀਕ ਮਾਰੀ:—

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਤੀ ਵਿਖਾਓ ਮੈਨੂੰ ਲੋਕੋ ਸਿਰ ਮੇਰੇ ਦਾ ਸਾਂਈਂ। ਮੈਂ ਤਾਂ ਉਸਦਾ ਰਾਹ ਪਈ ਵੇਖਾਂ ਅਜ ਘਰ ਆਯਾ ਨਾਹੀਂ। ਨਾ ਕੁਝ ਤਰਸ ਪਿਆ ਇਸ ਮੌਤੀਂ ਉਮਰਾ ਗਈ ਅਞਾਣੀ। ਰੋਵਾਂ ਤੇ ਕੁਰਲਾਵਾਂ ਪਿਟਾਂ ਮਾਰਾਂ ਰੋ ਰੋ ਹਾਈਂ।

ਦੋਹਰਾ

"ਤਾਇਬ ਰਹੇ ਜਹਾਨ ਵਿਚ ਉਸਦਾ ਨਾਮ ਨਿਸ਼ਾਨ।
ਜਿਸਨੇ ਪਿੱਛੇ ਧਰਮ ਦੇ ਕੀਤੇ ਸਿਰ ਕੁਰਬਾਨ"॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਾਈ ਮਤਾਬ ਸਿੰਘ ਜੀ ਦੀ ਸ਼ਹੀਦੀ

-:॰:-

ਹਕੀਕਤ ਰਾਇ ਧਰਮੀ ਦੇ ਸ਼ਹੀਦ ਹੋਨ ਤੋਂ ਥੋੜੇ ਹੀ ਦਿਨਾਂ ਉਪ੍ਰੰਤ ਮਤਾਬ ਸਿੰਘ ਭੀ ਪਕੜਿਆ ਹੋਯਾ ਆ ਪੁਜਾ ਜਿਸਨੇ ਮੱਸੇ ਖਾਂ ਰੰਘੜ ਨੂੰ ਅੰਮ੍ਰਿਤਸਰ ਦੇ ਦਰਬਾਰ ਸਾਹਿਬ ਵਿਚ ਮਾਰਿਆ ਸੀ। ਇਹ ਅਤਿ ਸੂਰਮਾ ਅਰ ਦਲੇਰ ਪੁਰਸ਼ ਸੀ। ਸੂਬਾ ਲਾਹੌਰ ਉਸਦੇ ਪਕੜਨ ਦੀਆਂ ਹਜਾਰਾਂ ਸੋਚਾਂ ਸੋਚ ਰਿਹਾ ਸੀ ਅਰ ਹਜਾਰਾਂ ਤਦਬੀਰਾਂ ਕਰਦਾ ਰਿਹਾ ਪਰ ਇਹ ਸਦਾ ਬਚਦਾ ਰਿਹਾ। ਅੰਤ ਜੰਡਿਆਲੇ ਦੇ ਰਹਿਨ ਵਾਲੇ ਹਿੰਦੂਆਂ ਨੇ ਮੁਕਬਰੀ ਕੀਤੀ ਅਰ ਇਹ ਪਕੜਯਾ ਗਿਆ ਨਾਜ਼ਮ ਲਾਹੌਰ ਨੇ ਉਸਨੂੰ ਦੇਖਦਿਆਂ ਹੀ ਹੁਕਮ ਦਿਤਾ ਕਿ ਇਸ ਮੂਜੀ ਨੂੰ ਚਰਖੀ ਤੇ ਚੜ੍ਹਾਓ।

ਮਤਾਬ ਸਿੰਘ ਜੀ ਚਰਖੀ ਤੇ ਚਾੜੇ ਗਏ ਪਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਸਨੂੰ ਰਤੀ ਭੀ ਕਿਸੇ ਗਲ ਦੀ ਪ੍ਰਵਾਹ ਨਹੀਂ ਸੀ। ਜਦੋਂ ਤੀਕ ਉਸਨੂੰ ਸੁਧਰਹੀ ਇਹ ਜਪੁਜੀ ਸਾਹਿਬ ਦਾ ਪਾਠ ਕਰਦਾ ਰਿਹਾ ਅੰਤ ਨੂੰ ਚਰਖੀ ਦੇ ਕਸ਼ਟ ਸਹਾਰਨ ਕਰਕੇ ਇਹ ਭੀ ਉਸੇ ਪਾਸੇ ਨੂੰ ਸਿਧਾਰਿਆ ਜਿਧਰ ਸਿਖਾਂ ਦੇ ਗੁਰੂਆਂ ਨੇ ਪ੍ਰਮਾਤਮਾ ਦੇ ਦਰ ਤੀਕਰ ਪਹੁੰ-ਚਨ ਦਾ ਸਚਾ ਮਾਰਗ ਦਸਿਆ ਸੀ।

ਕਿੰਨੇ ਸਿਖ ਇਸ ਪ੍ਰਕਾਰ ਆਪਨੇ ਧਰਮ ਤੇ ਕੁਰਬਾਨ ਹੋਏ। ਕਿਥੋਂ ਤੀਕਰ ਕੋਈ ਉਨਾਂ ਦੇ ਨਾਉਂ ਦਸੇ ਸਾਰਿਆਂ ਦੇ ਬ੍ਰਿਤਾਂਤ ਇਕੋ ਜਿਹੇ ਹਨ ਆਪ ਕੇਵਲ ਇਤਨਾ ਧਿਆਨ ਰਖੋ ਕਿ ਇਹ ਜੋ ਪੰਜਾਬ ਵਿਚ ਥੋੜੀ ਜਿਹੀ ਹਿੰਦੂਆਂ ਦੀ ਵਸੋਂ ਨਜ਼ਰ ਆਉਂਦੀ ਹੈ ਇਹ ਕੇਵਲ ਉਨਾਂ ਸਿਖਾਂ ਦੀ ਹੀ ਕ੍ਰਿਪਾ ਅਰ ਹਿੰਮਤ ਤੋਂ ਹੈ ਜੇਕਰ ਸਿਖ ਨਾ ਹੁੰਦੇ ਤਾਂ ਕੋਈ ਝੂਠ ਨਹੀਂ ਸੀ ਕਿ ਕੋਈ ਹਿੰਦੂ ਪੰਜਾਬ ਵਿਚ ਦਿਸਦਾ ਅਰ ਇਸੇ ਲਈ ਹੀ ਹਿੰਦੂਆਂ ਨੂੰ ਬਹੁਤ ਕਰਕੇ ਉਨਾਂ ਮਹਾਤਮਾਂ ਤੇ ਗੁਰੂਆਂ ਦਾ ਅਸਾਨਵੰਦ ਹੋਨਾ ਚਾਹੀਏ ਜਿਨਾਂ ਨੇ ਉਨਾਂ ਦੀ ਕੌਮੀ ਵਾੜੀ ਸਿਥਿਰ ਰਖਨ ਲਈ ਅਪਨੇ ਆਪਨੂੰ ਇਸੇ ਪ੍ਰਕਾਰ ਬਲੀ ਦਾਨ ਕਰ ਦਿਤਾ:—

ਡਰਦੇ ਸੀ ਨ ਤੇਗ ਤੀਰ ਤੋਂ ਨ ਬਰਛੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੋਂ ਸੂਰੇ । ਕਰਦੇ ਉਹੋ ਜੋ ਮੂੰਹੋਂ ਕਹਿੰਦੇ ਜਤੀ ਸਤੀ ਸਨ ਪੂਰੇ । ਮਾਰਨ ਵਢਨ ਟੁਕਨ ਸ਼ਤ੍ਰ ਕਰਦੇ ਚੂਰਾ ਚੂਰੇ । ਲੂਟਨ ਪੁਟਨ ਤੁਰਕਾਂ ਤਾਂਈ ਹਿੰਮਤ ਕਰ ਕਰ ਮੂਰੇ ॥ ਸਹਿੰਦੇ ਕਸ਼ਟ ਧਰਮ ਦੇ ਕਾਰਨ ਬਲੀ ਹੋਨ ਬਲਕਾਰੀ । ਹੋਨ ਸ਼ਹੀਦ ਉਹ ਨਾਲ ਹੌਸਲੇ ਕਰਦੇ ਜੁਧ ਤਿਆਰੀ । ਜਿਉਂਦੇ ਕੰਧਾਂ ਦੇ ਵਿਚ ਪੈਵਨ ਹਠੀਏ ਦ੍ਰਿੜੀ ਸੁ ਭਾਰੀ । ਉਨਾਂ ਜਹੀ ਨ ਕੋ ਕੀ ਹਿੰਮਤ ਦੰਗ ਰਹਿਨ ਨਰ ਨਾਰੀ ॥ ਪਲ ਵਿਚ ਧਰਤੀ ਸੂਹੀ ਕਰੇਂਦੇ ਨਾਲ ਲਹੂ ਦੇ ਪਿਆਰੇ । ਇਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਕ ਸਿਖ ਸੌ ਸ਼ਤ੍ਰ ਤਾਈਂ ਪਲ ਵਿਚ ਜਾਨੋਂ ਮਾਰੇ। ਜਿਤਨੇ ਜੁਧ ਪਲਕ ਵਿਚ ਮਾਰਨ ਸਤਿ ਅਕਾਲੀਂ ਨਾਰੇ । ਆਪ ਮਰੇ ਪਰ ਤਾਇਬ ਕੀਤੇ ਲਖਾਂ ਜਗ ਉਪ ਕਾਰੇ॥ ਸ਼ੇਰ ਬਹਾਦਰ ਸੂਰੇ ਜੋਧੇ ਬਲੀ ਬੀਰ ਬਲਵਾਨਾ। ਭਾਰਤ ਭੂਮੀ ਤਾਰੀ ਜਿਨ ਨੇ ਰਾਖਾ ਹਿੰਦੁਸਤਾਨਾ । ਲਖਾਂ ਕਸ਼ਟ ਮੁਸੀਬਤ ਸਹਿਕੇ ਰਖਤਾ ਧਰਮ ਨਿਸ਼ਾਨਾ। ਸਿਖਾਂ ਕਰਕੇ ਹਿੰਦੂ ਵਸਨ ਰਾਖੋ ਠੀਕ ਧਿਆਨਾ ॥

ਦੋਹਰਾ

ਜੇਕਰ ਹੁੰਦੇ ਸਿਖ ਨਾ ਭਾਰਤ ਦੇ ਵਿਚ ਆਨ।
ਹਿੰਦੂ ਕੌਮ ਨ ਦਿਸਦੀ ਵਿਚ ਸੁ ਹਿੰਦੁਸਤਾਨ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਿਖਾਂ ਦੀ ਸੂਰਮਤਾਈ

ਅਰ

ਉਸਦਾ ਫਲ

ਪਹਿਲਾ ਅੰਕ

—ఃੴః—

ਜਿਸ ਪ੍ਰਕਾਰ ਸਿਖਾਂ ਤੇ ਅਨਯਾਇ ਹੁੰਦੇ ਰਹੇ ਉਸ ਦੇ ਕੁਝ ਬ੍ਰਿਤਾਂਤ ਉਪਰ ਦਸੇ ਗਏ ਹਨ । ਪ੍ਰੰਤੂ ਉਨਾਂ ਤੋਂ ਸਿਖਾਂ ਦੇ ਚਿੱਤਾਂ ਨੂੰ ਕੁਝ ਭੀ ਭੈ ਨ ਹੋਇਆ ਸਗੋਂ ਉਹ ਹੋਰ ਅਧਿਕ ਭੜਕ ਉਠੇ ॥

ਇਨਾਂ ਕੌਤਕਾਂ ਦੇ ਕੁਝ ਦਿਨਾਂ ਉਪ੍ਰੰਤ ਅਹਿਮਦ ਸ਼ਾਹ ਅਬਦਾਲੀ, ਕਾਬਲ, ।ਸਿੰਧ, ਮੁਲਤਾਨ ਆਦਿਕਾਂ ਨੂੰ ਜਿੱਤਦਾ ਹੋਇਆ ਲਾਹੌਰ ਪਹੁੰਚਾ। ਲਾਹੌਰ ਦਾ ਹਾਕਮ ਉਸਦ ਸਾਮਨੇ ਹੋਯਾ। ਪ੍ਰੰਤੂ ਅੰਤ ਨੂੰ ਕੁਝ ਭੇਟਾ ਆਦਿ ਦੇਕੇ ਉਸਨੂੰ ਰਾਜੀ ਕਰ ਲਿਆ ਅਰ ਉਹ ਦਿਲੀ ਦੀ ਵਲ ਚਲਿਆ ਗਿਆ । ਸਤਲੁਜ ਦੇ ਕੋਲ ਸਿਖਾਂ ਨੇ ਉਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀ ਫ਼ੌਜ ਤੇ ਧਾਵਾ ਕਰਕੇ ਰਾਤ ਦੇ ਸਮਜ ਮਾਲ ਅਸਬਾਬ ਆਦਿਕ ਲੁਟ ਲਿਆ। ਲਾਹੌਰ ਦੇ ਹਾਕਮ ਨੂੰ ਅਹਿਮਦ ਸ਼ਾਹ ਦੀ ਫ਼ੌਜ ਤੋਂ ਹਾਰ ਖਾ ਲੈਣ ਦਾ ਹਾਲ ਸੁਨਕੇ ਸਿਖ ਬਹੁਤ ਪ੍ਰਸੰਨ ਹੋਏ ਅਰ ਸੂਰਮੇ ਦਲੇਰ ਹੋਕੇ ਡਾਕਾ ਮਾਰਨ ਲਗੇ॥

(ਇਕੋ ਜਿਹਾ ਆਮੋ ਸਾਮਨਾ)

ਪਾਤਸ਼ਾਹੀ ਫ਼ੌਜ ਵਿਚ ਉਨਾਂ ਦਿਨਾਂ ਵਿਚ ਇਕ ਗ਼ਲਜ਼ਈ ਨਾਮੇ ਟੋਲੇ ਦਾ ਰਸਾਲਾ ਸੀ। ਉਸਦੇ ਅਫ਼ਸਰਾਂ (ਸਰਦਾਰਾਂ) ਨੇ ਸਿਖਾਂ ਨੂੰ ਲਿਖ ਭੇਜਿਆ ਕਿ ਰਾਤ ਨੂੰ ਅਚੌਰਕਕ ਗੁਪਤ ਹੋਦ ਖੂਨ ਖਰਾਬਾ ਕਰਨਾ ਸੂਰਮੇ ਆਦਮੀਆਂ ਦਾ ਕੰਮ ਨਹੀਂ ਜੇ ਕਰ ਹਿੰਮਤ ਹੈ ਤਾਂ ਸਾਮਣੇ ਆ ਕੇ ਲੜੋ। ਕੇਵਲ ਇਕ ਨਾਲ ਇਕ ਸੂਰਮਾ ਲੜਦਾ ਜਾਏ ਬਾਕੀ ਦੇ ਸਾਰੇ ਖੜੋਤੇ ਦੇਖਦੇ ਰਹਿਨ ਗੇ। ਜੇ ਕਰ ਸਿਖ ਸਚ ਮੁਚ ਸ਼ੂਰ ਬਹਾਦਰ ਹਨ ਤਾਂ ਇਸ ਤਰਾਂ ਆ ਕੇ ਲੜਨ। ਨਹੀਂ ਤਾਂ ਹਿੰਦੂਆਂ ਦੀ ਨਿਆਈਂ ਦਾੜ੍ਹੀ ਮੁਨਵਾ ਕੇ ਸਿੰਘ ਕਹਾਉਨ ਤੋਂ ਮੁੜ ਜਾਣ। ਸਿਖਾਂ ਨੇ ਅਜੇਹੀ ਲੜਾਈ ਨੂੰ ਚੰਗਾ ਜਾਨਿਆ ਅਰ ਲਾਹੌਰੋਂ ਪੰਜਾਂ ਸਤਾਂ ਕੋਹਾਂ ਦੀ ਵਿਥ ਤੇ ਰਣਭੂਮੀ ਸੋਚੀ ਗਈ॥

ਦੋਵੇਂ ਫ਼ੌਜਾਂ ਥੋੜੀ ਥੋੜਾ ਵਿਥ ਤੇ ਖੜੋ ਗਈਆਂ ਪਹਿਲੇ ਇਕ ਮੁਸਲਮਾਨ ਸਿਪਾਹੀ ਘੋੜੇ ਤੇ ਅਸਵਾਰ ਹੋ ਕੇ ਨਿਕਲਿਆ। ਇਧਰੋਂ ਭਾਈ ਸੁਖਾਨ ਸਿੰਘ ਜੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਸ੍ਰੀ ਵਾਹਿਗੁਰੂ, ਸ੍ਰੀ ਵਾਹਿਗੁਰੂ" ਕਹਿੰਦੇ ਹੋਏ ਸਾਮਨੇ ਆਏ। ਪਹਿਲਾ ਵਾਰ ਮੁਸਲਮਾਨਾਂ ਨੇ ਕੀਤਾ। ਫੇਰ ਸਿੰਘ ਦੀ ਵਾਰੀ ਆਈ ਉਸਨੇ ਇਸ ਚਤੁਰਤਾਈ ਦੇ ਨਾਲ ਤਲਵਾਰ ਚਲਾਈ ਕਿ ਗ਼ਲਜ਼ਈ ਦਾ ਸਿਰ ਧਰਤੀ ਤੇ ਜਾ ਡਿਗਾ। ਦੂਜਾ ਮੁਸਲਮਾਨ ਸਾਮਨਾ ਕਰਨ ਲਈ ਨਿਕਲਿਆ। ਭਾਈ ਚੜ੍ਹਤ ਸਿੰਘ ਜੀ ਉਸਦੇ ਸਾਮਨੇ ਆਏ ਅਰ ਦੂਜੇ ਵਾਰ ਵਿਚ ਉਹ ਭੀ ਗ਼ਲਜ਼ਈ ਦੋ ਟੁਕੜੇ ਹੋਇਆ ੨ ਘੋੜਿਓਂ ਥਲੇ ਡਿਗ੍ਹਾ। ਫੇਰ ਤੀਜਾ ਆਯਾ ਉਹ ਭੀ ਮਾਰਿਆ ਗਿਆ। ਕਹਿੰਦੇ ਹਨ ਕਿ ਇਸ ਲੜਾਈ ਵਿਚ ਕੁਲ ਚਾਰ ਸਿੰਘ ਅਰ ਚੌਦਾਂ ਮੁਸਲਮਾਨ ਇਕ ਅੱਖ ਦੇ ਪਲਕਾਰੇ ਵਿਚ ਮਾਰੇ ਗਏ॥

ਗ਼ਲਜ਼ਈ ਸਿਪਾਹੀ ਘਬਰਾਏ ਅਰ ਆਪਨੇ ਬਚਨੋਂ ਬੇਈਮਾਨ ਹੋ ਗਏ ਅਰ ਇਕ ਵਾਰਗੀ ਸਿਖਾਂ ਤੇ ਹਲਾ ਕਰ ਦਿਤਾ ਪ੍ਰੰਤੂ ਸਿਖਾਂ ਨੂੰ ਪਹਿਲੇ ਹੀ ਇਹ ਗਲ ਰੜਕ ਰਹੀ ਸੀ ਕਿ ਮੁਸਲਮਾਨ ਕਦਾਚਿਤ ਆਪਨੇ ਬਚਨ ਤੇ ਦ੍ਰਿੜ ਨਹੀਂ ਰਹਿਨਗੇ ਅਰ ਇਸੇ ਲਈ ਸਿਖ ਪਹਿਲਾਂ ਹੀ ਤੋਂ ਤਿਆਰ ਸਨ। ਉਨਾਂ ਦੇ ਹਲੇ ਦਾ ਅਤਿ ਸੂਰਮਤਾਈ ਅਰ ਦਲੇਰੀ ਨਾਲ ਉਤ੍ਰ ਦਿਤਾ ਗਿਆ। ਦੁਪਾਸਿਓਂ ਹੀ ਸੰਧਯਾ ਤੀਕਰ ਲੜਾਈ ਹੁੰਦੀ ਰਹੀ। ਮੁਸਲਮਾਨਾਂ ਦਾ ਬਹੁਤ ਸਾਰਾ ਨੁਕਸਾਨ ਹੋਇਆ। ਜਦੋਂ ਰਾਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੋਈ। ਗ਼ਲਜ਼ਈ ਰਸਾਲਾ ਤਾਂ ਲਾਹੌਰ ਨੂੰ ਨਠ ਤੁਰਿਆ ਅਰ ਸਿਖ ਫੇਰ ਜੰਗਲਾਂ ਤੇ ਬਨਾਂ ਦੇ ਵਲ ਤੁਰ ਪਏ॥

ਅਹਿਮਦ ਸ਼ਾਹ ਦਿੱਲੀ ਪਹੁੰਚ ਕੇ ਪਾਤਸ਼ਾਹ ਨਾਲ ਲੜਿਆ। ਪ੍ਰੰਤੂ ਉਸ ਵੇਲੇ ਮਹਿਮਦ ਸ਼ਾਹ ਦੀ ਕੁਮਕ ਲਈ ਮ੍ਰਹਟੇ ਅਰ ਰਾਜਪੂਤ ਆ ਪੁਜੇ ਸੇ। ਇਸ ਲਈ ਕਰਨਾਲ ਦੀ ਰਨਭੂਮੀ ਵਿਚ ਹਾਰ ਖਾ ਕੇ ਉਹ ਪਿਛੇ ਨੂੰ ਹਟ ਆਇਆ। ਪਰ ਪੰਜਾਬ ਨੂੰ ਚੰਗੀ ਤਰਾਂ ਲੁਟਦਾ ਪੁਟਦਾ ਹੋਇਆ ਗਿਆ। ਜਦੋਂ ਅਹਿਮਦ ਸ਼ਾਹ ਪੰਜਾਬ ਵਿਚ ਚੰਗੀ ਤਰਾਂ ਲੁਟ ਮਾਰ ਕਰ ਰਿਹਾ ਸੀ। ਸਿਖਾਂ ਨੇ ਵੇਲਾ ਪਾਕੇ ਆਪਨੇ ਸ਼ਤ੍ਰੂਆਂ ਤੋਂ ਬਦਲਾ ਲੈਨਾ ਚਾਹਿਆ ਮਾਝੇ ਦੇਸ਼ ਦਾ ਸੂਬਾ ਉਨਾਂ ਦੇ ਹੱਥਾਂ ਤੇ ਪੈ ਗਿਆ ਸਿਖਾਂ ਨੇ ਉਸ ਨੂੰ ਵਢ ਸਿਟਯਾ। ਉਸ ਵੇਲੇ ਸਿਖਾਂ ਨੇ ਬੜੀ ਬੁਧਿ ਅਨੁ-ਸਾਰ ਕੰਮ ਕਢਿਆ ਅਗੇ ਅਗੇ ਆਹਿਮਦ ਸ਼ਾਹ ਲੁਟਦਾ ਜਾਂਦਾ ਸੀ। ਪਿਛੋਂ ਪਿਛੋਂ ਸਿਖ ਪਿੰਡਾਂ ਨੂੰ ਉਜਾੜ ਦੇ ਜਾਂਦੇ ਹੋਏ ਆਪਨੇ ਸ਼ਤ੍ਰੂਆਂ ਦਾ ਨਸ਼ਟ ਕਰਦੇ ਜਾਂਦੇ ਸਨ॥

(ਮੇਲਾ ਰੋੜੀ ਸਾਹਿਬ)

ਐਮਨਾਂ ਬਾਦ ਵਿਚ ਆਕੇ ਸਿਖਾਂ ਨੇ ਰੋੜੀ ਸਾਹਿਬ ਤੇ ਮੇਲਾ ਲਾਉਨਾ ਚਾਹਯਾ। ਲਖਪਤ ਰਾਇ ਦਿਵਾਨ ਦਾ ਭਰਾ ਜਸਪਤ ਰਾਇ ਪਾਤਸ਼ਾਹੀ ਸੁਖਚਾਹਤ ਜਤਾਉਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਈ ਰੋਕਨ ਨੂੰ ਤਿਆਰ ਹੋਇਆ। ਸਿਖਾਂ ਨੇ ਬਹੁਤ ਕੁਝ ਸਮਝਾਇਆ ਅਰ ਜਦੋਂ ਕਹਿਨ ਲਗਾ ਕਿ "ਮੈਂ ਹੁਕੇ ਦੇ ਪਾਨੀ ਨਾਲ ਤੁਹਾਡਾ ਸਿਰ ਮੁਨਵਾ ਦਿਆਂ ਗਾ" ਤਾਂ ਇਹ ਵਿਚਾਰੇ ਚੁਪਕੀ ਤੇ ਚਲੇ ਗਏ ਪ੍ਰੰਤੂ ਕੁਝ ਪ੍ਰਵਾਹ ਨਾ ਜਾਨਕੇ ਮੇਲਾ ਕਰ ਹੀ ਦਿਤਾ। ਜਸਪਤ ਰਾਇ ਨੇ ਜਾਨਿਆ ਕਿ ਸਿਖਾਂ ਦੇ ਕਾਬੂ ਕਰ ਲੈਨ ਦਾ ਚੰਗਾ ਵੇਲਾ ਹਥ ਆਯਾ ਹੈ ਉਹ ਇਸੇ ਕਾਰਨ ਕਰਕੇ ਮੇਲੇ ਵਿਚ ਆਇਆ। ਉਸਨੂੰ ਦੇਖਕੇ ਇਕ ਸਿੰਘ ਨੇ ਬੰਦੂਕ ਝੋਂਕ ਦਿਤੀ ਅਰ ਇਕੋ ਹੀ ਫੈਲ ਨਾਲ ਜਸਪਤਰਾਇ ਮੱਛੀ ਦੀ ਨਿਆਈਂ ਤੜਫ ਤੜਫ ਕੇ ਮਰ ਗਿਆ। ਫੇਰ ਤਾਂ ਸਿਖ ਤਲਵਾਰਾਂ ਲੈ ਲੈ ਕੇ ਦਲੇਰ ਹੋਏ ਅਰ ਇਕੋ ਹੀ ਹਲੇ ਵਿਚ ਬਹੁਤ ਸਾਰੇ ਅਸਵਾਰ ਮਾਰੇ ਗਏ। ਸਿਖਾਂ ਨੇ ਜਸਪਤ ਰਾਇ ਦਾ ਘਰ ਬਾਰ ਸਭ ਲੁਟ ਲਿਆ ਅਰ ਵਾਹਿ ਗੁਰੂ ਜੀ ਦੀ ਫ਼ਤੇ ਗਜਾਂਦੇ ਹੋਏ ਬਨਾਂ ਨੂੰ ਚਲੇ ਗਏ॥

ਲਾਹੌਰ ਦਾ ਨਾਜ਼ਮ ਅਰ ਦਿਵਾਨ ਲਖਪਤਰਾਇ ਦੇ ਗੁਸੇ ਦੀ ਕੋਈ ਹਦ ਹੀ ਨਹੀਂ ਰਹੀ। ਦੋਹਾਂ ਨੇ ਆਪੋ ਵਿਚ ਮਿਲਕੇ ਸਲਾਹ ਕੀਤੀ ਕਿ ਸਿਖ ਕੌਮ ਪੰਜਾਬ ਵਿਚ ਰਹਿਨਾ ਨਾ ਪਾਵੇ। ਚੰਗੀਆਂ ਚੰਗੀਆਂ ਤੋਪਾਂ ਤੇ ਲੜਾਕੀਆਂ ਫੌਜਾਂ ਉਨਾਂ ਦੇ ਪਿਛੇ ਭੇਜੀਆਂ ਗਈਆਂ। ਜੋ ਲੜਨ ਭਿੜਨ ਵਾਲੇ ਸਨ। ਉਹ ਜਦੋਂ ਉਨਾਂ ਦੇ ਹਥ ਆਉਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਗੇ ਸਨ। ਪਰ ਮਸੂਮ ਅਮਨਜੋਗ ਸਿਖ ਪਿੰਡਾਂ ਅਰ ਗ੍ਰਾਵਾਂ ਦੇ ਰਹਿਨ ਵਾਲੇ ਬੇ ਔਗਨ ਮਾਰੇ ਗਏ। ਦਿਵਾਨ ਲਖਪਤਰਾਇ ਇਸ ਪ੍ਰਕਾਰ ਸਿਖਾਂ ਦੇ ਪਿਛੇ ਪੈ ਗਿਆ ਕਿ ਰਾਤ ਦਿਨ ਉਸਦੀ ਇਹੋ ਬ੍ਰਿਤੀ ਲਗ ਗਈ। ਕਈਆਂ ਥਾਂਵਾਂ ਤੇ ਸਿਖਾਂ ਦੀਆਂ ਪੰਥਿਕ ਪੁਸਤਕਾਂ ਸਾੜੀਆਂ ਗਈਆਂ। ਕਈ ਗੁਰਦੁਵਾਰੇ ਢਾਹੇ ਗਏ। ਗਊ ਹੱਤਿਆ ਕਰਕੇ ਅੰਮ੍ਰਿਤਸਰ ਦੇ ਤਲਾ ਵਿਚ ਸੁਟੀਆਂ ਗਈਆਂ॥

(ਸੁਖਾਨ ਸਿੰਘ ਜੀ)

ਅੰਮ੍ਰਿਤਸਰ ਦੇ ਤਲਾ ਤੇ ਮੁਸਲਮਾਨਾਂ ਦਾ ਪਹਿਰਾ ਲਾਇਆ ਗਿਆ ਅਰ ਇਹ ਸਾਰੇ ਵਿਦਿਤ ਕਰ ਦਿਤਾ ਗਿਆ ਕਿ ਜੋ ਕੋਈ ਸਿਖ ਤਲਾ ਵਿਚ ਆਕੇ ਅਸ਼ਨਾਨ ਕਰੇਗਾ ਜਾਨੋਂ ਮਾਰਿਆ ਜਾਇਗਾ। ਇਹ ਖਵਰ ਭਾਈ ਸੁਖਾਨ ਸਿੰਘ ਨੂੰ ਮਿਲੀ ਠੀਕ ਦੁਪਹਿਰ ਦੇ ਵੇਲੇ ਆਪ ਘੋੜੇ ਤੇ ਅਸਵਾਰ ਹੋਕੇ ਅੰਮ੍ਰਿਤਸਰ ਆਏ। ਤਲਾ ਵਿਚ ਅਸ਼ਨਾਨ ਕੀਤਾ ਅਰ ਮੁਸਲ-ਮਾਨਾਂ ਦੀ ਫ਼ੌਜ ਵਿਚ ਜਾਕੇ ਕਿਹਾ "ਦੇਖੋ! ਤੁਹਾਡੇ ਪਹਿਰੇ ਲਗੇ ਹੋਏ ਕਰਕੇ ਭੀ ਮੈਂ ਤਲਾ ਵਿਚ ਅਸ਼-ਨਾਨ ਕਰ ਆਯਾਹਾਂ ਤੁਹਾਥੋਂ ਕੁਝ ਭੀ ਨ ਬਨ ਆਇਆ"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੁਸਲਮਾਨ ਹੁਸ਼ਿਆਰ ਹੋਏ ਇਹ ਉਥੋਂ ਚਲ ਤੁਰੇ ਅਰ ਇਹ ਜਾ ਉਹ ਜਾ ਪਵਨ ਰੂਪ ਹੋਗਏ । ਕੋਈ ਉਨਾਂ ਦੇ ਪਰਛਾਵੇਂ ਨੂੰ ਭੀ ਨਹੀਂ ਪਹੁੰਚਿਆ ।

(ਕਠਨ ਸਾਮਨਾ)

ਦਿਵਾਨ ਇਸ ਪ੍ਰਕਾਰ ਸਿਖਾਂ ਦੀ ਦੁਰਗਤਿ ਕਰਦਾ ਰਿਹਾ । ਸਿਖ ਜੰਗਲਾਂ ਵਿਚ ਰਹਿਕੇ ਲੁਟ ਮਾਰ ਕੀਤਾ ਕਰਦੇ ਸੇ । ਇਕ ਵਾਰੀ ਉਨਾਂ ਲੋਕਾਂ ਨੇ ਚਾਹਿਆ ਕਿ ਰਾਤ ਨੂੰ ਲਖਪਤ ਰਾਇ ਦੀ ਫ਼ੌਜ ਤੇ ਛਾਪਾ ਮਾਰ ਕੇ ਆਪਨਾ ਬਦਲਾ ਲਈਏ । ਇਸ ਗਲ ਸੋਚਨ ਤੇ ਉਹ ਬਾਹਰ ਨਿਕਲੇ ਅਰ ਅਜੇਹਾ ਹੀ ਕਈ ਵਾਰੀ ਕੀਤਾ ਪਰ ਦਿਵਾਨ ਤੋਂ ਕੁਝ ਉਨਾਂ ਦਾ ਅਲਾਜ ਨਾ ਹੋ ਸਕਿਆ ।

ਇਕ ਵਾਰੀ ਸਿਖ ਬੁਰੀਤਰਾਂ ਫਸ ਗਏ ਜਦੋਂ ਇਹ ਦਿਵਾਨ ਦੀ ਫ਼ੌਜ ਤੇ ਛਾਪਾ ਮਾਰਕੇ ਪਹਾੜਾਂ ਦੀ ਵਲ ਜਾਨ ਲਗੇ । ਉਧਰੋਂ ਪਹਾੜੀ ਰਾਜਿਆਂ ਦੀ ਫ਼ੌਜ ਦਿਖਾਈ ਦਿਤੀ ਕਿਉਂ ਜੋ ਲਖਪਤ ਰਾਇ ਨੇ ਉਨਾਂ ਨੂੰ ਬੁਲਾ ਭੇਜਿਆ ਸੀ । ਪਿਛੋਂ ਦਿਵਾਨ ਦੀ ਫ਼ੌਜ ਪਿਛਾ ਕਰਦੀ ਹੋਈ ਚਲੀ ਆ ਰਹੀ ਸੀ । ਤੀਜੇ ਪਾਸੇ ਕਰੜੀ ਪਹਾੜੀ ਸੀ । ਚੌਥੀ ਵਲ ਬਿਆਸਾ ਨਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੋਰ ਵਿਚ ਠਾਠਾਂ ਮਾਰ ਰਹੀ ਸੀ ਇਹ ਸਮਯ ਸਿਖਾਂ ਲਈ ਅਤਿ ਭਯਾਨਕ ਸੀ। ਕਿਧਰ ਜਾਨ ਕਿਧਰ ਨਾ ਜਾਨ। ਪ੍ਰੰਤੂ ਹਿੰਮਤ ਕਰਕੇ ਬਹੁਤ ਸਾਰੇ ਸਿਖਾਂ ਨੇ ਬਿਆਸਾ ਨਦੀ ਵਿਚ ਆਪਨੇ ਘੋੜੇ ਪਾ ਦਿਤੇ ਅਰ ਤਰ ਨਿਕਲੇ। ਪ੍ਰੰਤੂ ਇਹ ਸਾਰਿਆਂ ਨੂੰ ਹਿੰਮਤ ਨਾ ਹੋਈ। ਕਈ ਪਹਾੜਾਂ ਦੀ ਵਲ ਉਠ ਤੁਰੇ ਪ੍ਰੰਤੂ ਉੱਚੀ ਪਹਾੜੀ ਔਖੇ ਪੈਂਡੇ ਚੜਨਾ ਕਠਨ ਸੀ। ਜਦੋਂ ਇਹ ਪਹਾੜ ਤੇ ਚੜ੍ਹ ਰਹੇ ਸਨ। ਉਤੋਂ ਬਲੀ ਬੰਦੂਕਾਂ ਦੇ ਫੈਰ ਹੋਨ ਲਗੇ ਅੰਤ ਤੰਗ ਆਕੇ ਇਹ ਪਿਛੇ ਮੁੜੇ ਅਰ ਤਲਵਾਰਾਂ ਧੂਹ ਕੇ ਇਸ ਪ੍ਰਕਾਰ ਸ਼ਤ੍ਰੂਆਂ ਨੂੰ ਮਾਰਨਾ ਆਰੰਭ ਕੀਤੋ। ਜਿਹੇ ਭੁਖੇ ਸ਼ੇਰ ਹਰਨਾਂ ਦੀਆਂ ਜੁੰਡੀਆਂ ਨੂੰ ਪੈਂਦੇ ਹਨ:—

ਜਿਸ ਵੇਲੇ ਪੈ ਵਾਰ ਚਲੇਂਦੇ ਖੜ ਖੜ ਤੇਗਾਂ ਵਜਨ। ਤੁਰਕ ਲੁਕਾਂਦੇ ਫਿਰਦੇ ਫਿਰਦੇ ਅਗੇ ਅਗੇ ਭਜਨ। ਕਹਿੰਦੇ ਕਹਿਰ ਖ਼ੁਦਾ ਦਾ ਹੋਯਾ ਸਿਰ ਅਪਨੇ ਨੂੰ ਕਜਨ। ਲਿਸ਼ਕਨ ਤੇਗਾਂ ਸਿੰਘਾਂ ਦੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼ੇਰਾਂ ਵਾਂਙੂ ਗਜਨ"। (ਤਾਇਬ)

ਸਿਖ ਵਿਚਘਾਰ ਕਾਬੂ ਆਗਏ, ਉਧਰੋਂ ਲਖਪਤ ਰਾਇ ਦੀ ਫ਼ੌਜ ਉਧਰੋਂ ਪਹਾੜੀ ਰਾਜੇ, ਸ਼ੇਰ ਸੂਰਮੇ ਦੋਹਾਂ ਨਾਲ ਹੀ ਲੜ ਰਹੇ ਸਨ। ਸੰਧਜਾਂ ਤੀਕਰ ਲੜਾਈ ਹੁੰਦੀ ਰਹੀ। ਸੁਖਾਨ ਸਿੰਘ ਦੇ ਪੈਰ ਵਿਚ ਗੋਲੀ ਲਗ ਗਈ ਪ੍ਰੰਤੂ ਉਨਾਂ ਕੁਝ ਧਿਆਨ ਨਾ ਕੀਤਾ ਜਦੋਂ ਸੰਧਜਾ ਹੋਗਈ ਪਹਾੜੀ ਰਾਜੇ ਅਰ ਲਖਪਤ ਰਾਇ ਦੋਵੇਂ ਹਟ ਗਏ। ਫ਼ੌਜਾਂ ਆਰਾਮ ਕਰਨ ਲਈ ਗਈਆਂ ਪਰ ਸਿਖਾਂ ਨੂੰ ਆਰਾਮ ਕਿਥੇ ਸੀ। ਅਧੀਕ੍ਰ ਰਾਤ ਵੇਲੇ ਉਥੋਂ ਚਲ ਪਏ ਦਿਵਾਨ ਨੇ ਠੀਕ ਚਾਲੀਆਂ ਕੋਹਾਂ ਤੀਕਰ ਪਿਛਾ ਕੀਤਾ ਪਰ ਸਿਖ ਉਸਦੇ ਹਥ ਨਾ ਆਏ। ਇਹ ਲੋਕ ਨਠ ਭਜਕੇ ਮਾਲਵੇ ਦੇਸ਼ ਵਿਚ ਗਏ ਅਰ ਉਥੋਂ ਹੀ ਹੌਲੀ ਹੌਲੀ ਫੇਰ ਪਰਬਤਾਂ ਦੀਆਂ ਖੂੰਦਰਾਂ ਵਿਚ ਜਾ ਵੜੇ।

(ਲਖਪਤ ਰਾਇ ਦੀ ਮੌਤ)

ਜ਼ਕਰੀਆ ਖ਼ਾਂਨ ਨਾਜ਼ਮ ਲਾਹੌਰ ਦੇ ਦੋ ਪੁਤ੍ਰ ਸਨ ਯਹੀਆ ਖਾਨ ਅਰ ਸ਼ਾਹ ਨਿਵਾਜ਼ ਖਾਨ ਵਡਾ ਲਾਹੌਰ ਦਾ ਅਰ ਛੋਟਾ ਮੁਲਤਾਨ ਦਾ ਹਾਕਮ ਸੀ। ਸ਼ਾਹ ਨਿਵਾਜ਼ ਖ਼ਾਂ ਚਾਹੁੰਦਾ ਸੀ ਕਿ ਜੋ ਪਿਤਾ ਦੀ ਦੌਲਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਯਹੀਆ ਖ਼ਾਂ ਦੇ ਕੋਲ ਹੈ ਉਹ ਵੰਡ ਵੇਵੇ ਪਰ ਉਸਦਾ ਨਿਆਂ ਨਾ ਹੋ ਸੱਕਿਆ ਅਰ ਲੜਾਈ ਤੀਕਰ ਗਲ ਪਹੁੰਚੀ ਯਹੀਆਂ ਖ਼ਾਂ ਦਿੱਲੀ ਨੂੰ ਭਜ ਗਿਆ ਉਸ ਸਮੇਂ ਵਿਚ ਅਹਿਮਦ ਸ਼ਾਹ ਦੁਰਾਨੀ ਭੀ ਪੰਜਾਬ ਵਿਚ ਆਇਆ। ਉਸਨੇ ਸ਼ਾਹੀ ਫੌਜ ਨੂੰ ਬੜਾ ਤੰਗ ਕੀਤਾ। ਉਸ ਰਾਜਧਾਨੀ ਵਿਚ ਪੰਜਾਬ ਦੀ ਹਾਕਿਮੀ ਮੁਅਈਅਨ ਮੁਲਕ ਪਾਤਸ਼ਾਹ ਦੇ ਹਥ ਆ ਗਈ।

ਕੌੜਾ ਮਲ ਉਸਦਾ ਦਿਵਾਨ ਥਾਪਿਆ ਗਿਆ। ਕਿਉਂਕਿ ਉਹ ਲਖਪਤ ਰਾਇ ਨਾਲ ਈਰਖਾ ਅਰ ਵੈਰ ਰਖਦਾ ਸਾ ਉਸਦੇ ਘਰ ਬਾਰ ਵਿਚੋਂ ੨੨ ਲਖ ਰੁਪਯਾ ਜਰੀਮਾਨਾ ਵਸੂਲ ਕਰ ਲਿਆ ਅਰ ਉਸਨੂੰ ਸਿਖਾਂ ਦੇ ਹਵਾਲੇ ਕਰ ਦਿਤਾ। ਸਿਖ ਉਸਨੂੰ ਕਾਬੂ ਕਰਕੇ ਪ੍ਰਸੰਨ ਹੋਏ ਪੂਰੇ ਛੇ ਮਹੀਨਿਆਂ ਤੀਕਰ ਕੈਦ ਵਿਚ ਰਖਕੇ ਕਸ਼ਟ ਦੇਂਦੇ ਰਹੇ ਫੇਰ ਅੰਤ ਵਿਚ ਜਾਨੋਂ ਮਾਰ ਸੁਟਿਆ ਇਹ ਸੰਮਤ ੧੮੦੯ ਬਿਃ ਦਾ ਬ੍ਰਿਤਾਂਤ ਹੈ।

(ਰਾਮਗੜ੍ਹ ਦਾ ਕਿਲਾ)

ਸਿਖਾਂ ਨੇ ਵੇਲਾ ਪਾਕੇ ਅੰਮ੍ਰਿਤਸਰ ਦੇ ਨੇੜੇ ਰਾਮਗੜ੍ਹ ਨਾਮੇ ਇਕ ਕਿਲਾ ਬਨਾ ਲਿਆ ਅਰ ਉਸਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਪਨਾ ਰਾਜਗੜ੍ਹ ਸਥਾਨ ਬਨਾ ਕੇ ਲੁਟ ਮਾਰ ਮਚਾਨੀ ਆਰੰਭ ਕੀਤੀ । ਜਦੋਂ ਮੁਅਈਅਨਲਮੁਲਕ ਉਨਾਂ ਦੀਆਂ ਚੁਗਲੀਆਂ ਸੁਨਦੇ ਸੁਨਦੇ ਵਿਆਕੁਲ ਹੋ ਗਿਆ । ਉਸਨੇ ਅਜੇਹਾ ਪ੍ਰਬੰਧ ਕੀਤਾ ਕਿ ਸਿਖ ਨਾ ਰਹਿਨਾ ਪਾਨ । ਸਾਰੇ ਹਿੰਦੂ ਰਾਜੇ ਉਸਦੇ ਸ਼ਰੀਕ ਹੋਗਏ । ਉਸ ਵੇਲੇ ਐਨੇ ਅਨਗਿਨਤ ਸਿਖ ਪਕੜੇ ਹੋਏ ਬਾਜ਼ਾਰਾਂ ਦੇ ਚੌਕਾਂ ਵਿਚ ਇਸ ਨਿਰਦਯਤਾ ਸਹਿਤ ਵਢ ਦਿਤੇ ਜਾਂਦੇ ਸਨ ਕਿ ਜਿਸਦਾ ਹਦ ਹਿਸਾਬ ਨਹੀਂ । ਪ੍ਰੰਤੂ ਉਹ ਫੇਰ ਭੀ ਨਾ ਮੁੜੇ । ਮੁਸਲਮਾਨਾ ਨੇ ਅਦੀਨ ਬੇਗ ਜਾਲੰਧਰ ਦੇ ਹਾਕਮ ਦੇ ਅਧੀਨ ਹੋਕੇ ਰਾਮਗੜ੍ਹ ਤੇ ਚੜ੍ਹਾਈ ਕਰ ਦਿਤੀ । ਇਸ ਲੜਾਈ ਵਿਚ ਜਸਾ ਸਿੰਘ ਰਾਮਗੜ੍ਹੀਆ ਜੋ ਸਿਖਾਂ ਵਿਚੋਂ ਨਿਕਲ ਕੇ ਕੌਮਵਚੂ ਬਨ ਗਿਆ ਸੀ । ਮੁਸਲਮਾਨਾਂ ਨਾਲ ਲੜਨ ਲਈ ਆਇਆ । ਪ੍ਰੰਤੂ ਜਦੋਂ ਸਿਖਾਂ ਨੂੰ ਮਰਦੇ ਮਾਰਦੇ ਵੇਖਿਆ ਉਸਦੀ ਪੰਥਿਕ ਹਿੰਮਤ ਨੇ ਉਸਦੀਆਂ ਰਗਾਂ ਵਿਚ ਜੋਸ਼ ਉਤਪਤ ਕੀਤਾ ਆਪਨੇ ਤੀਰ ਵਿਚ ਇਕ ਰੁਕੇ ਨੂੰ ਬੰਨਕੇ ਸਿਖਾਂ ਦੀ ਫ਼ੌਜ ਵਿਚ ਸੁਟਿਆ । ਹਾਲ ਇਹ ਸੀ ॥

"ਜੇਕਰ ਹੁਨ ਭੀ ਮੈਨੂੰ ਆਪ ਆਪਣੇ
ਨਾਲ ਰਖ ਸਕੋ ਅਰ ਮੇਰੀ ਭੁਲ ਬਖਸ਼ੋ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਾਂ ਮੈਂ ਆਪ ਆਪਦੀ ਸੇਵਾ ਵਿਚ ਆਕੇ ਆਪ ਨੂੰ ਮਿਲਾਂ" ॥

ਆਪੋ ਵਿਚ ਸਲਾਹ ਆਦਿਕ ਕਰਨ ਦੇ ਉਪ੍ਰੰਤ ਸਿਖਾਂ ਨੇ ਉਸਨੂੰ ਮੰਨ ਲੀਤਾ ਅਰ ਉਹ ਆਪਨੇ ਇਕ ਸੌ ਅਸਵਾਰ ਲੈ ਕੇ ਰਾਮਗੜ੍ਹ ਦੇ ਕਿਲੇ ਵਿਚ ਚਲਿਆ ਆਇਆ। ਸਿਖ ਘੇਰੇ ਵਿਚ ਆ ਗਏ ਪਰ ਰਾਤ ਨੂੰ ਕਿਲਿਓਂ ਬਾਹਰ ਆਕੇ ਮੁਸਲਮਾਨਾਂ ਨੂੰ ਤਲਵਾਰ ਦਾ ਰਸ ਚਖਾਂਉਂਦੇ ਅਰ ਸਾਰਾ ਸਮਿਆਨ ਲੁਟ ਲੈ ਜਾਂਦੇ। ਮੁਸਲਮਾਨ ਉਨਾਂ ਨੂੰ ਨਾ ਹਰਾ ਸਕੇ। ਅੰਤ ਨੂੰ ਜਦੋਂ ਤੀਜੀ ਵਾਰੀ ਅਹਿਮਦ ਸ਼ਾਹ ਅਬਦਾਲੀ ਦੇ ਹਲੇ ਦੀ ਖਵਰ ਸੁਨੀ ਗਈ ਉਹ ਡੇਰਾ ਡੰਡਾ ਚੁਕ ਕੇ ਬਨਾ ਨੂੰ ਚਲੇ ਗਏ। ਅਰ ਸਿਖਾਂ ਦੇ ਹਥੋਂ ਬੜਾ ਨੁਕਸਾਨ ਕਰਾ-ਇਆ। ਮੁਸਲਮਾਨਾਂ ਦਾ ਦਿਵਾਨ ਕੌੜਾ ਮਲ ਗੁਰੂ ਘਰ ਦਾ ਪ੍ਰੇਮੀ ਅਤੇ ਸਚਾ ਸੇਵਕ ਸੀ ਵੇਲਾ ਦੇਖਕੇ ਉਸਨੇ ਮੁਅਈਅਨ ਮੁਲਕ ਨੂੰ ਸਮਝਾ ਬੁਝਾ ਕੇ ਸਿਖਾਂਨੂੰ ਆਪਨੇ ਨਾਲ ਮੇਲ ਲਿਆ। ਅਰ ਉਨਾਂ ਦੇ ਨਾਲ ਮਿਲਕੇ ਮੁਲਤਾਨ ਦੇ ਕਿਲੇ ਨੂੰ ਜਾ ਜਿਤਿਆ। ਇਸ ਲੜਾਈ ਵਿਚ ਭੀਮ ਸਿੰਘ ਨੇ ਠੀਕ ਲੜਾਈ ਦੇ ਵੇਲੇ ਕੁਦ ਕੇ ਸ਼ਾਹਨਿਵਾਜ਼ ਬੇਗ ਦਾ ਸਿਰ ਤਲਵਾਰ ਨਾਲ ਵਢ ਲਿਆ ਸੀ ਜਿਸਦੇ ਬਦਲੇ ਵਿਚ ਕੌੜਾ ਮਲ ਨੂੰ ਮਹਾਰਾਜੇ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਹਦਾ ਪ੍ਰਵਾਨ ਕੀਤਾ ਗਿਆ ॥

ਅਹਿਮਦ ਸ਼ਾਹ ਨੇ ਹਿੰਦੁਸਤਾਨ ਤੇ ਇਕ ਦੂਜੇ ਉਪ੍ਰੰਤ ਉਤੋਂ ਥਲੀ ਯਾਰਾਂ ਤੋਂ ਵਧ ਹੱਲੇ ਕੀਤੇ ਸਨ । ਜਿਨ ਵਿਚ ਉਸਦੇ ਹਥੋਂ ਮੁਸਲਮਾਨਾਂ ਦੀ ਬੜੀ ਬੁਰੀ ਦੁਰਗਤੀ ਹੁੰਦੀ ਰਹੀ । ਭਾਵੇਂ ਉਹ ਸਿਖਾਂ ਦਾ ਮਿਤ੍ਰ ਨਹੀਂ ਸੀ ਅਰ ਸਿਖ ਵੇਲੇ ਕੁਵੇਲੇ ਉਸਨੂੰ ਭੀ ਲੁਟਦੇ ਰਹੇ ਪਰ ਉਸਦਾ ਪੰਜਾਬ ਵਿਚ ਆਉਨਾ ਉਨਾਂ ਦੇ ਲਈ ਅਧਿਕ ਲਾਭ-ਵਾਨ ਸਿਧ ਹੋਇਆ । ਉਸਨੇ ਮੁਸਲਮਾਨਾਂ ਦੇ ਨਾਲ ਉਹੀ ਵਰਤਾਰਾ ਵਰਤਿਆ ਜੋ ਸਿਖ ਵਰਤਦੇ ਸੀ । ਇਥੋਂ ਤੀਕਰ ਕਿ ਮੁਸਲਮਾਨ ਬਹੁਤ ਨਿਰਬਲ ਹੋ ਗਏ ਅਰ ਭਾਵੇਂ ਉਹ ਵੇਲਾ ਪਾਕੇ ਸਿਖਾਂ ਦੀ ਨਾਸ਼ਤਾਈ ਵਿਚ ਕਸਰ ਨਹੀ ਰਖਦੇ ਸਨ । ਇਥੋਂ ਤੀਕ ਕਿ ਸੁਖਾਨ ਸਿੰਘ, ਰਾਮ ਸਿੰਘ ਗਢੀਆ ਵਾਲਾ ਆਦਿਕ ਸੂਰਮੇ ਪੁਰਸ਼ ਉਨਾਂ ਦੇ ਹਥੋਂ ਮਾਰੇ ਗਏ ਪਰ ਸਿਖਾਂ ਦਾ ਬਲ ਦਿਨੋ ਦਿਨ ਵਧਦਾ ਗਿਆ । ਉਸੇ ਸਮਯ ਵਿਚ ਮਰਹਟਿਆਂ ਨੇ ਭੀ ਪੰਜਾਬ ਤੇ ਹਲਾ ਕੀਤਾ ਮੂਲ ਕੀ ਕਿ ਹਰ ਪਾਸਿਓਂ ਮੁਸਲਮਾਨਾਂ ਦੀ ਨਾਸ਼ਤਾਈ ਅਰ ਨਸ਼ਟ ਤਾਈ ਦਾ ਕਾਰਨ ਉਤਪਤ ਹੋ ਗਿਆ ਅਰ ਸਿਖਾਂ ਨੂੰ ਅੰਦਰਲੇ ਖਾਨਿਓਂ ਸਾਰੇ ਕੌਤਕਾਂ ਦ੍ਵਾਰਾ ਸਹਾਇਤਾ ਮਿਲਦੀ ਰਹੀ ॥

....

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਹਿਮਦਸ਼ਾਹ ਦੁਰਾਨੀ

ਤੇ

ਸਿਖ ਸੂਰਮੇ

ਜਿਸ ਵੇਲੇ ਅਹਿਮਦਸ਼ਾਹ ਦੁਰਾਨੀ ਜੈਨਖ਼ਾਂ ਸਰਦਾਰ ਨੂੰ ਸਰਹਿੰਦ ਦਾ ਸੂਬਾ ਬਨਾਕੇ ਕਾਬਲ ਮੁੜਕੇ ਜਾ ਰਿਹਾ ਸੀ। ਸਿਖਾਂ ਨੇ ਉਸਨੂੰ ਲੁਟ ਲਿਆ ! ਉਸਨੇ ਇਨਾਂ ਦੀ ਨਿਰਭਯਤਾ ਅਰ ਹਿੰਮਤ ਨੂੰ ਦੇਖਕੇ ਵਿਸਮਾਦਿਕ ਹੋ ਕੇ ਸਰਹਿੰਦ ਖ਼ਾਂ ਨੂੰ ਉਨਾਂ ਦੀ ਨਾਸ਼ਤਾਈ ਲਈ ਨਿਯਤ ਕੀਤਾ ਪ੍ਰੰਤੂ ਸਿਖ ਸੂਰਮਿਆਂ ਨੇ ਭੀ ਉਸਦੀ ਨਕ ਜਾਨ ਲਿਆ ਦਿਤੀ ਅਰ ਬੁਰਾ ਭੈੜਾਹਾਲ ਕਰ ਦਿਤਾ। ਇਹ ਵਿਆਕੁਲ ਹੋਗਿਆ। ਪਰ ਕੁਝਕੁ ਮੁਕਬਰਾਂ ਦੀ ਚੰਚਲਤਾ ਨਾਲ ਕੁਝ ਦਸ ਵੀਹ ਸਿਖ ਉਸਦੇ ਹਥ ਕਾਬੂ ਆ ਗਏ। ਅਰ ਉਨਾਂ ਨੂੰ ਅਹਿਮਦਸ਼ਾਹ ਪਾਸ ਉਨਾਂਦੇ ਡੰਨ ਦੇਨ ਲਈ ਭੇਜ ਦਿਤਾ। ਜਦੋਂ ਇਹ ਪਾਤਸ਼ਾਹ, ਪਾਸ ਪਹੁੰਚੇ ਉਹ ਉਨਾਂ ਨੂੰ ਦੇਖਕੇ ਚਕ੍ਰਿਤ ਹੋਕੇ ਪੁਛਨ ਲਗ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਤੁਸੀਂ ਕੌਣ ਹੋ ?" ਗਰਜਾ ਸਿੰਘ ਅਰ ਕੇਸਰੀ ਸਿੰਘ ਨੇ ਗਜਕੇ ਉਤ੍ਰ ਦਿਤਾ "ਅਸੀਂ ਗੁਰੂ ਜੀ ਦੇ ਸਿੰਘ ਹਾਂ" ਉਸ ਨੇ ਫੇਰ ਕਿਹਾ "ਸਿੰਘ ਕਿਸਨੂੰ ਆਖਦੇ ਹਨ" ? ਇਹ ਬੋਲੇ "ਸਿੰਘ, ਸ਼ੇਰ ਨੂੰ ਕਹਿੰਦੇ ਹਨ" ਅਹਿਮਦਸ਼ਾਹ ਨੇ ਮੁਸਕੜਾਕੇ ਕਿਹਾ ਕਿ "ਸ਼ੇਰ ਤਾਂ ਹਾਥੀ ਨਾਲ ਲੜਦੇ ਹਨ ਕੀ ਤੁਹਾਡੇ ਵਿਚ ਇਹ ਹਿੰਮਤ ਹੈ"? ਇਕ ਸਿਖ ਨੇ ਉਤ੍ਰ ਦਿਤਾ ਕਿ "ਪਿੰਜਰੇ ਵਿਚ ਕਾਬੂ ਹੋਏ ਹੋਏ ਬੇਵਸੇ ਸਿੰਘ ਹਾਥੀ ਦਾ ਸਾਮਨਾ ਨਹੀਂ ਕੀਤਾ ਕਰਦੇ। ਹਾਂ! ਜੇਕਰ ਪਿੰਜਰਿਆਂ ਵਿਚੋਂ ਕਢਿਆ ਜਾਵੇ ਤਾਂ ਹੁਨੇ ਕੌਤਕ ਦਿਖਾ ਦੇਈਏ ਕਿ ਗੁਰੂ ਦੇ ਸਿਖ ਕਿਸ ਪ੍ਰਕਾਰ ਦੇ ਸ਼ੇਰ ਹਨ"। ਪਾਤਸ਼ਾਹ ਨੇ ਉਸ ਸਿਖ ਨੂੰ ਛਡ ਦਿਤਾ ਅਰ ਇਕ ਖੂਨੀ ਮਸਤ ਹਾਥੀ ਨੂੰ ਸ਼ਰਾਬ ਪਿਆਕੇ ਉਸਦੇ ਸਾਮਨੇ ਦੇ ਲਈ ਛੁਡਵਾਨ ਤਿਆਰ ਕਰ ਦਿਤਾ। ਜਦੋਂ ਹਾਥੀ ਉਸ ਸੂਰਮੇ ਵਲ ਦੌੜਿਆ। ਸਿਖਨੇ ਚਤੁਰਤਾ ਸਹਿਤ ਤਲਵਾਰ ਹਥ ਵਿਚ ਲੈ ਲਈ। ਉਸ ਚਰਿਤ੍ਰ ਦੇ ਦੇਖਨ ਕਾਰਨ ਥਾਂ ਥਾਂ ਦੇ ਮੁਸਲਮਾਨ ਸਰਦਾਰ ਉਚੇ ਉਚੇ ਮਹਿਲਾਂ ਅਰ ਥਾਵਾਂ ਤੇ ਹਾਥੀ ਨੂੰ ਆਪਣੀ ਵਲ ਆਉਂਦਿਆਂ ਅਪਨੇ ਆਪਨੂੰ ਬਚਾਨ ਲਈ ਬੈਠੇ ਹੋਏ ਸਨ। ਸਿੰਘ ਨੇ ਜੋਰ ਨਾਲ ਪੁਕਾਰ ਕੇ ਕਿਹਾ ਕਿ "ਓਇ ਗਿਦੜਾ! ਤੇਰੇ ਵਿਚ ਸ਼ੇਰ ਦੇ ਸਾਮਨਾ ਕਰਨ ਦੀ ਕਿਥੋਂ ਹਿੰਮਤ ਆਈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਰ ਇਹ ਕਹਿਕੇ ਜਿਸ ਵੇਲੇ ਉਛੱਲ ਕੈ ਤਲਵਾਰ ਚਲਾਈ ਹਾਥੀ ਦੀ ਸੁੰਡ ਕਟੀ ਗਈ ਅਰ ਹਾਥੀਂ ਚਾਂਗਰਾਂ ਮਾਰਦਾ ਹੋਇਆ ਪਿਛਾਂ ਨੂੰ ਉਠ ਭਜਾ। ਮਹਾਉਤ ਨੇ ਉਸਨੂੰ ਕਿੰਨਾ ਰੋਕਣਾ ਚਾਹਿਆ ਪਰ ਹਾਥੀ ਦਾ ਹੌਸਲਾ ਨਾ ਪਿਆ। ਸਿਖ ਦੀਆਂ ਅਖਾਂ ਲਾਲ ਅਗਨੀ ਹੋ ਰਹੀਆਂ ਸਨ ਉਹ ਹਥ ਵਿਚ ਤਲਵਾਰ ਲੀਤੇ ਹੋਏ ਵੇਲਾ ਉਡੀਕ ਰਿਹਾ ਸੀ। ਜਦੋ ਹਾਥੀ ਭਜ ਗਿਆ ਤਾਂ ਅਹਿਮਦ ਸ਼ਾਹ ਬਹੁਤ ਪ੍ਰਸੰਨ ਹੋਯਾ ਅਰ ਕਹਿਨ ਲਗਾ" ਕਿ ਤੁਸੀ ਠੀਕ ਸ਼ੇਰ ਸੂਰਮੇ ਹੋ ॥

ਉਸਦੇ ਉਪ੍ਰੰਤ ਦੁਰਾਨੀ ਨੇ ਦੂਜੇ ਸਿਖਾਂ ਨੂੰ ਪੁਛਿਆ ਕਿ" ਕੀ ਤੁਸੀਂ ਸਾਡੇ ਭਲਵਾਨ ਨਾਲ਼ ਲੜ ਸਕਦੇ ਹੋ?" ਉਨਾਂ ਨੇ ਉਤ੍ਰ ਦਿਤਾ ਕਿ" ਗੁਰੂ ਦੇ ਸ਼ੇਰ ਲਲਕਾਰੇ ਜਾਂਣੇ ਤੇ ਕਦੀ ਪਿਛੇ ਨਹੀ ਹਟ ਸਕਦੇ ॥

ਅਸੀਂ ਨਹੀਂ ਹਾਂ ਉਹ ਸੁਨੋ ਤੁਮ ਵਿਨ ਜੁਧਦੇ ਆਕੇ। ਭਜ ਜਾਵਾਂ ਗੇ ਦਿਲ ਛਡ ਕੇ ਅਪਨੀ ਪਿਠ ਦਿਖਾ ਕੇ। ਮੈਂ ਹਾਂ ਸਿੰਘ ਬਹਾਦਰ ਸੂਰਾ ਰਨ ਭੂਮੀ ਵਿਚ ਜਾਕੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਰ ਜਾਵਾਂ ਯਾ ਮਾਰ ਦਿਆਂ ਗਾ ਆਪ- ਨਾ ਕਸਬ ਦਿਖਾ ਕੇ ॥

ਪਠਾਨਾਂ ਦਾ ਪਹਿਲਵਾਨ ਰੁਸਤਮਖ਼ਾਂ ਸਾਮਨੇ ਲੜਨ ਲਈ ਆਇਆ। ਇਕ ਛਿੰਵ ਲੜਨ ਵਾਲਾ ਸਿਖ ਉਸਨੂੰ ਦੇਖਕੇ ਪਾਤਸ਼ਾਹ ਦਾ ਹੁਕਮ ਪਾਕੇ ਅਖਾੜੇ ਵਿਚ ਆਜਾ। ਕੁਸ਼ਤੀ ਹੋਈ। ਦੋਵੇਂ ਪਹਿਲਵਾਨ ਦਾਉ ਪੇਚ ਕਰਨ ਲਗੇ। ਅੰਤ ਵਿਚ ਵੇਲਾ ਦੇਖਕੇ ਸਿਖ ਸੂਰਮੇ ਨੇ ਇਸ ਬਲੀ ਭੁਲਵਾਨ ਪਠਾਨ ਦੀ ਲਤ ਪਕੜ ਕੇ ਚਕਰੀ ਦੇਕੇ ਧੈਂ ਜ਼ਿਮੀਨ ਤੇ ਪਟਕਾਇਆ। ਅਰ ਉਸ ਦੀ ਛਾਤੀ ਤੇ ਚੜ੍ਹ ਬੈਠਾ ਚਾਰੇ ਪਾਸਿਓਂ ਵਾਹ ਵਾਹ ਦੀ ਪੁਕਾਰ ਹੋਨ ਲਗੀ। ਪਾਤਸ਼ਾਹ ਦੀ ਜਬਾਨੋਂ ਕਾਹਲੀ ਨਾਲ ਨਿਕਲ ਗਿਆ ਕਿ ਛਡ ਦਿਉ ਇਨਾਂ ਸਿੰਘਾਂ ਨੂੰ ਸੰਸਾਰ ਵਿਚ ਅਜੇਹ ਸੂਰਮੇ ਕਿਥੇ ਪ੍ਰਗਟ ਹੁੰਦੇ ਹਨ। ਇਹ ਨਿਆਉ ਨਹੀਂ ਹੈ ਕਿ ਸ਼ੇਰ ਪਿੰਜਰੇ ਵਿਚ ਕੈਦ ਕੀਤੇ ਜਾਨ" ਅਰ ਉਹ ਸਭ ਛਡੇ ਗਏ॥

—:o:—

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੂਜਾ ਅੰਕ

ਦੁਰਾਨੀ ਦੇ ਮੁੜ ਜਾਨ ਤੇ ਹੀ ਫੇਰ ਸਿਖਾਂ ਦੀ ਸਫਲਤਾ ਆਰੰਭ ਹੋਈ। ਉਹ ਅਨੇਕਾਂ ਹੀ ਫੇਰ ਬੀਕਾਨੇਰ ਦੇ ਰਾਜ ਵਿਚ ਚਲੇ ਗਏ। ਜਿਸਨੇ ਇਕ ਲਖ ਰੁਪਯਾ ਪ੍ਰਦਾਨ ਕਰਨ ਦਾ ਬਚਨ ਕੀਤਾ। ਅਰ ਜੈਸਲਮੀਰ ਦੇ ਵਿਰੁਧ ਉਨਾਂ ਨੂੰ ਲੜਾਈ ਤੇ ਭੇਜ ਦਿਤਾ। ਜੈਸਲਮੀਰੀਏ ਸਿਖਾਂ ਦਾ ਨਾਉਂ ਸੁਨਕੇ ਹੀ ਡਰ ਗਏ ਅਰ ਸੁਲਾਹ ਕਰ ਲਈ। ਜਦੋਂ ਸੁਲਾਹ ਹੋ ਗਈ। ਬੀਕਾਨੇਰ ਦੇ ਰਾਜੇ ਨੇ ਸਿਖਾਂ ਨੂੰ ਕੇਵਲ ਪੰਜਾਹ ਹਜ਼ਾਰ ਰੁਪਯਾ ਦੇਣਾ ਚਾਹਯਾ ਸਿਖਾਂ ਨੇ ਨਾ ਮੰਨਯਾ। ਅਰ ਗੁਸਾ ਖਾ ਕੇ ਉਸਦੀ ਰਾਜਧਾਨੀ ਨਸ਼ਟ ਕਰਨੀ ਆਰੰਭ ਕੀਤੀ। ਇਥੋਂ ਤੀਕਰ ਕਿ ਕਈ ਪਿੰਡ ਉਜਾੜ ਦਿਤੇ। ਅੰਤ ਨੂੰ ਇਕ ਰਾਜਪੂਤ ਨੇ ਉਨਾਂ ਨੂੰ ਮਿਲ ਕੇ ਕਿਹਾ ਕਿ" ਗੁਰੂ ਦੇ ਸ਼ੇਰ ਸੂਰਮਿਓ! ਤੁਸੀਂ ਹਿੰਦੂਆਂ ਦੇ ਰਖਯਕ ਹੋਯਾ ਵੈਰੀ? ਕੀ ਗੁਰੂ ਸਾਹਿਬਾਂ ਦਾ ਪ੍ਰਕਾਸ਼ ਇਸੇ ਲਈ ਹੋਯਾ ਕਿ ਤੁਸੀਂ ਹਿੰਦੂ-ਆਂ ਦਾ ਨਸ਼ਟ ਕਰੋ? ਸਿਖ ਲਜਯਾਵਾਨ ਹੋਏ ਅਰ ਚੁਪ ਚੀਤੇ ਪੰਜਾਬ ਨੂੰ ਮੁੜ ਆਏ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਾਰਜ ਟਾਮਸ

ਰਾਜਪੂਤਾਨੇ ਤੋਂ ਮੁੜਕੇ ਸਿਖ ਫੇਰ ਮੁਸਲਮਾਨਾਂ ਦੇ ਪਿੰਡਾਂ ਗ੍ਰਾਵਾਂ ਵਿਚ ਲੁਟ ਮਾਰ ਕਰਨ ਲਗੇ। ਹਿਸਾਰ ਦੇ ਅਲਾਕੇ ਵਿਚ ਇਕ ਅੰਗ੍ਰੇਜ "ਜਾਰਜ ਟਾਮਸ" ਨਾਮੇ ਮਰਹਟਿਆਂ ਦੀ ਵਲੋਂ ਜਾਰਜ ਗੜ ਦੇ ਕਿਲੇ ਵਿਚ ਰਹਿੰਦਾ ਹੁੰਦਾ ਸੀ ਉਸਨੇ ਉਨਾਂ ਦਾ ਸਾਮਨਾ ਕੀਤਾ ਪ੍ਰੰਤੂ ਪੂਰਨਤਾ ਨੂੰ ਨਾ ਪਹੁੰਚ ਸਕਿਆ। ਤਦ ਉਹ ਕਿਲੇ ਵਿਚ ਘਿਰਜਾ ਗਿਆ। ਸਿਖਾਂ ਨੇ ਉਸ ਅਲਾਕੇ ਨੂੰ ਸਾਰਾ ਲੁਟ ਪੁਟ ਕੇ ਨਾਸ਼ ਕਰ ਦਿਤਾ ਅਰ ਕਿੰਨੀਆਂ ਕਬਰਾਂ ਮਸੀਤਾਂ ਢਾਹ ਕੇ ਢੇਰੀ ਕਰ ਦਿਤੀਆਂ। ਇਸਮਾਈਲ ਖਾਨ ਆਦਿਕ ਸਾਮਣੇ ਆਏ ਪਰ ਕਿਸੇ ਦੀ ਕੁਛ ਪੇਸ਼ ਨ ਚਲੀ॥

ਜੁਧ ਅਰ ਸ਼ਹੀਦਗੰਜ

ਸੰਮਤ ੧੯੫੭ ਵਿਚ ਸ਼ਾਹੀ ਫ਼ੌਜ ਨੇ ਲਾਹੌਰ ਅਰ ਦਿਲੀ ਦੋਵਾਂ ਪਾਸਿਆਂ ਵਲੋਂ ਆਕੇ ਸਿਖਾਂ ਤੇ ਹੱਲਾ ਕਰ ਦਿਤਾ ਸਿਖ ਲੋਕ ਸੈਂਕੜੇ ਊਠ ਅਰ ਗਡੇ, ਰੇੜ੍ਹਿਆਂ ਉਤੇ ਲੁਟ ਪੁਟ ਦਾ ਮਾਲ ਮਤਾ ਲਦੀ ਜਾ ਰਹੇ ਸਨ। ਸਿਖਾਂ ਨੇ ਨਾ ਕੇਵਲ ਆਪਨਾ ਅਸਬਾਬ ਆਦਿਕ ਹੀ ਉਨਾਂ ਦੇ ਹਥੋਂ ਬਚਾਯਾ ਕਿੰਤੂ ਉਨਾਂ ਨੂੰ ਅਜਿਹੀ ਬੁਰੀ ਤਰਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਾਰਿਆ ਕਿ ਮੁਸਲਮਾਨ ਪਿਠ ਦਿਖਾ ਗਏ । ਇਸ ਵੇਲੇ ਸਿਖਾਂ ਨੇ ਆਪਨੇ ਆਪਨੂੰ ਦੋ ਭਾਗਾਂ ਵਿਚ ਵੰਡ ਲਿਆ ਸੀ ਇਕ ਤਾਂ ਖ਼ਜ਼ਾਨੇ ਦੇ ਰਖਸ਼ਕ ਸੀ ਦੂਜਾ ਮੁਸ-ਲਮਾਨਾਂ ਦੇ ਦੰਦ ਖਟੇ ਕਰ ਰਿਹਾ ਸੀ । ਮੁਸਲਮਾਨ ਹਾਰ ਖਾ ਕੇ ਪਿਛੇ ਹਟ ਗਏ ਪ੍ਰੰਤੂ ਫੇਰ ਸਹਾਇਤਾ ਲੈ ਕੇ ਆਨ ਡਟੇ। ਸਰਦਾਰ ਮਿਤ ਸਿੰਘ, ਕਰਮ ਸਿੰਘ, ਕਰੋੜਾ ਸਿੰਘ ਆਦਿਕਾਂ ਨੇ ਅਜਿਹੀ ਤਰਾਂ ਤੁਰਕਾਂ ਨੂੰ ਪਛਾੜਿਆ ਕਿ ਫੇਰ ਉਹ ਅਗੇ ਨਾ ਆਏ। ਸੰਧਯਾ ਤੀਕਰ ਲੜਾਈ ਹੁੰਦੀ ਰਹੀ । ਦੋਹਾਂ ਪਸਿਆਂ ਦੇ ਆਦਮੀ ਬਹੁਤ ਅਨ ਗਿਨਤ ਕੰਮ ਆਏ । ਰਾਤ ਦੇ ਵੇਲੇ ਸਮਯ ਪਾ ਕੇ ਸਿਖ ਕਈ ਕੋਹ ਅਗੇ ਨਿਕਲ ਗਏ । ਰਤੀ ਭੀ ਆਪਨੇ ਮਾਲ ਦਾ ਨੁਕਸਾਨ ਨਾ ਹੋਨ ਦਿਤਾ । ਮੁਸਲਮਾਨ ਦੰਗ ਹੋਕੇ ਦੇਖਦੇ ਦੇਖਦੇ ਰਹਿ ਗਏ। ਅੰਤ ਵਿਚ ਸ਼ਹੀਦ ਸਿੰਘਾਂ ਦੇ ਸੀਸ ਕਟ ਕੇ ਗਡੀਆਂ ਤੇ ਲਦ ਕੇ ਦਿਲੀ ਭਿਜਵਾ ਦਿਤੇ ਅਰ ਇਹ ਜਤਾਉਣਾ ਚਾਹਿਆ ਕਿ ਸਾਡੀ ਜਿਤ ਹੋਈ ਹੈ । ਪ੍ਰੰਤੂ ਜਦ ਉਹ ਕੁਝ ਹੀ ਦੂਰ ਗਏ ਹੋਨ ਗੇ ਕਿ ਸਿਖਾਂ ਦੇ ਦੂਜੇ ਟੋਲੇ ਨੂੰ ਜੋ ਕਿਧਰੇ ਲੁਟ ਮਾਰ ਵਿਚ ਲਗਾ ਹੋਇਆ ਸੀ ਪਤਾ ਲਗ ਗਿਆ । ਇਹ ਮੁਸਲਮਾਨਾਂ ਤੇ ਭੁਚਾਲ ਦੀ ਨਿਆਈ ਆਕੇ ਟੁਟ ਪਏ ਅਰ ਇਸ ਪ੍ਰਕਾਰ ਉਨ੍ਹਾਂ ਨੂੰ ਵਢਿਆ ਕਿ ਜਿਸ ਪ੍ਰਕਾਰ ਕੋਈ ਗਾਜਰਾਂ ਮੂਲੀ-

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਂ ਕਟਦਾ ਹੈ। ਮੁਸਲਮਾਨ ਰਨਭੂਮੀ ਛਡਕੇ ਭਜ ਉਠੇ ਸਿਖਾਂ ਨੇ ਸਿਰਾਂ ਦੀਆਂ ਗਡਾਂ ਲਦੀਆਂ ਹੋਈਆਂ ਸਾਂਭ ਦਿਤੀਆਂ ਅਰ ਉਥੇ ਹੀ ਉਨਾਂ ਸੂਰਮੇ ਸ਼ਹੀਦਾਂ ਦੀ ਯਾਦ ਗਾਰ ਇਕ ਇਕ ਸਮਾਧ ਬਨਵਾ ਦਿਤੀ ਜੋ ਸ਼ਹੀਦਗੰਜ ਅਖ਼ਾਉਂਦਾ ਹੈ ॥

ਮੂਲ ਕਿ ਕੋਈ ਕਿਥੋਂ ਭੀਕਰ ਦਸੇ ਉਸੇ ਸੰਮਤ ਵਿਚ ਸਿਖਾਂ ਨੇ ਸਰਹਿੰਦ ਅਰ ਸਿਆਲਕੋਟ ਨੂੰ ਚਹੁ ਚਹੁ ਪਹਿਰਾਂ ਭੀਕਰ ਲੁਟਿਆ ਅਰ ਅਨਗਿਨਤ ਪਿੰਡਾਂ ਗ੍ਰਾਵਾਂ ਨੂੰ ਉਜਾੜ ਦਿਤਾ ॥

ਅਹਿਮਦ ਸ਼ਾਹ ਅਰ ਸਿਖਾਂ ਦੀ ਲੜਾਈ

ਸੰਮਤ ੧੮੧੯ ਬਿ: ਵਿਚ ਅਹਿਮਦ ਸ਼ਾਹ ਨੇ ਦਿਲੀ ਨੂੰ ਲੁਟ ਲਿਆ ਅਰ ਬਹੁਤ ਸਾਰੇ ਹਿੰਦੂਆਂ ਪੁਰਸ਼ਾਂ ਅਰ ਇਸਤ੍ਰੀਆਂ ਨੂੰ ਸੇਵਕ ਬਣਾਕੇ ਕਾਬਲ ਲੈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਾਨਾ ਚਾਹਿਆ। ਜਿਸ ਵੇਲੇ ਉਹ ਬਿਆਸਾ ਨਦੀ ਦੇ ਉਤੋਂ ਪਾਹ ਹੋ ਰਿਹਾ ਸੀ ਤਾਂ ਸਿਖਾਂ ਨੂੰ ਪਤਾ ਲਗਾ। ਇਹ ਹਿੰਦੂਆਂ ਦੇ ਲਈ ਸਦਾ ਛਤੀ ਠੋਕ ਕੇ ਸ਼ਹੀਦ ਹੋਨ ਨੂੰ ਤਿਆਰ ਰਹਿੰਦੇ ਸਨ। ਟਿਡੀ ਦਲ ਵਾਂਙੂ ਆਕੇ ਟੁਟ ਪਏ ਅਰ ਗੋਇੰਦਵਾਲੋਂ ਲੰਘਦੇ ਲੰਘਦੇ ਉਨਾਂਨੂੰ ਇਸ ਪ੍ਰਕਾਰ ਮਾਰਿਆ ਕਿ ਆਪਨੀ ਪਠਾਨੀ ਊਨੀ ਸਾਰੀ ਭੁਲ ਗਏ। ਹਿੰਦੂਆਂ ਨੂੰ ਛੁਡਾਕੇ ਸਿਖਾਂ ਨੇ ਫੇਰ ਲੜਨ ਦੀ ਸਲਾਹ ਕੀਤੀ ਅਰ ਉਨਾਂ ਲੋਕਾਂ ਨੇ ਭੀ ਦਿਲ ਖੋਲਕੇ ਮੁਸਲਮਾਨਾਂ ਨਾਲ ਆਪਨੇ ਚਿਤ ਦਾ ਗੁਮਰ ਕਢਿਆ। ਇਥੇ ਇਹ ਗਲ ਚੰਗੀ ਤਰਾਂ ਯਾਦ ਰਖਨੇ ਯੋਗ ਹੈ ਕਿ ਸੂਰਮੇ ਅਰ ਬਹਾਦਰ ਸਿੰਘਾਂ ਨੇ ਹਜਾਰਾਂ ਸੁੰਦ੍ ਇਸਤ੍ਰੀਆਂ ਨੂੰ ਛੁੜਾਕੇ ਆਪਨੇ ਆਪਨੇ ਘਰ ਭਿਜਵਾ ਦਿਤਾ। ਅਰ ਸਭਨੂੰ ਆਪਨੇ ਪਾਸਿਓਂ ਰਾਹ ਖਰਚ ਦੇ ਦੇਕੇ ਉਨਾਂ ਨੂੰ ਉਨਾਂ ਦੇ ਘਰਾਂ ਨੂੰ ਪੁਚਾਇਆ ਇਸ ਸਚਜਾਈ ਅਰ ਧਰਮ ਦੇ ਪ੍ਰਮਾਨ ਹੋਰ ਕਿਧਰੇ ਮਿਲਨ ਗੇ? ਕਦਾਚਿਤ ਨਹੀਂ।

ਅਹਿਮਦ ਸ਼ਾਹ ਨੇ ਕਾਬਲ ਜਾਕੇ ਨੂਰਦੀਨ ਸਰਦਾਰ ਦੇ ਅਧੀਨ ਸਤ ਹਜਾਰ ਕਾਬਲੀ ਅਸਵਾਰ ਸਿਖਾਂ ਦੇ ਨਾਸ਼ ਕਰ ਦੇਨ ਲਈ ਭੇਜੇ। ਪ੍ਰੰਤੂ ਜਦੋਂ ਉਸ ਨਾਲ ਸਿਖ ਲੜਨ ਲਗੇ, ਇਹ ਸਾਰੇ ਪਠਾਨ ਮਿਟੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਰੁਲਦੇ ਧਰਤੀ ਤੇ ਚਿਤ ਸੁਸਰੀ ਵਾਙੂ ਸੁਤੇ ਨਜ਼ਰ ਆਏ। ਨੂਰਦੀਨ ਨੇ ਸਿਆਲਕੋਟ ਦੇ ਕਿਲੇ ਵਿਚ ਜਾ ਟਿਕਾਨਾ ਕੀਤਾ। ਅਰ ਉਥੋਂ ਹੀ ਨਠ ਕੇ ਕਾਬਲ ਚਲਾ ਗਿਆ।

ਉਸਦੇ ਉਪ੍ਰੰਤ ਸਰਦਾਰ ਜਹਾਨ ਖਾਂ ਦੁਰਾਨੀ ਸਿਖਾਂ ਨੂੰ ਮਾਰ ਦੇਨ ਲਈ ਭੇਜਿਆ ਗਿਆ। ਪ੍ਰੰਤੂ ਉਸ ਨੂੰ ਭੀ ਸਿਖਾਂ ਨੇ ਹੀ ਜਿਤਿਆ। ਅੰਤ ਨੂੰ ਉਸਨੇ ਬੜੀ ਦੁਸ਼ਟਤਾਈ ਸਹਿਤ ਅੰਮ੍ਰਿਤਸਰ ਦੇ ਤਲਾ ਨੂੰ ਪੂਰ ਦਿਤਾ ਅਰ ਸ੍ਰੀ ਦਰਬਾਰ ਸਾਹਿਬ ਵਿਚ ਭੀ ਬੇਅਦਬੀ ਦੀਆਂ ਗਲਾਂ ਹੋਨ ਲਗੀਆਂ। ਭਲਾ! ਸਿਖ ਉਸਨੂੰ ਕਦੋਂ ਦੇਖ ਸਕਦੇ ਸੀ। ਸਰਦਾਰ ਦੀਪ ਸਿੰਘ, ਬਾਬਾ ਗੁਰਬਖ਼ਸ਼ ਸਿੰਘ, ਨਾਬਾ ਸਿੰਘ, ਹੀਰਾ ਸਿੰਘ ਆਦਿਕਾਂ ਨੇ ਜਹਾਨ ਖਾਂ ਤੇ ਧਾਵਾ ਕਰ ਦਿਤਾ ਅਰ ਹਜ਼ਾਰਾਂ ਹੀ ਮੁਸਲਮਾਨਾਂ ਨੂੰ ਖੇਦ ਵਿਚ ਨਰਕ ਦਾ ਅਧਿਕਾਰੀ ਕਰ ਮੌਤ ਦੇ ਮੂੰਹ ਭੇਜਿਆ। ਬਾਬਾ ਦੀਪ ਸਿੰਘ ਅਰ ਕਈ ਸਿਖ ਉਸ ਲੜਾਈ ਵਿਚ ਸ਼ਹੀਦ ਹੋਕੇ ਗੁਰਪੁਰੀ ਚਲੇ ਗਏ ਅਰ ਜਿਥੇ ਉਨਾਂ ਦੀ ਝੂਠੀ ਦੇਹੀ ਦਾ ਸਸਕਾਰ ਅਰ ਸਚੇ ਆਤਮਾ ਦਾ ਵਾਸ ਕੀਤਾ ਗਿਆ ਸੀ ਉਸ ਸਥਾਨ ਦਾ ਨਾਉਂ ਸ਼ਹੀਦਗੰਜ ਹੈ ਅਰ ਹੁਨ ਉਹਾ ਸਥਾਨ ਅਜਕਲ ਦਰਬਾਰ ਸਾਹਿਬ ਅੰਮ੍ਰਿਤਸਰ ਹਰੀਮੰਦਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦੇ ਲਹਿੰਦੇ ਪਾਸੇ ਪਰਕਰਮਾ ਵਿਚ ਸ਼ੋਭ ਰਿਹਾ ਹੈ ਸੰਮਤ ੧੮੧੭ ਬਿਃ ਵਿਚ ਸਿਖਾਂ ਨੇ ਅੰਮ੍ਰਿਤਸਰ ਨੂੰ ਉਨਾਂ ਤੋਂ ਬਿਲਕੁਲ ਖਾਲੀ ਕਰਾ ਲਿਆ। ਉਸੇ ਸੰਮਤ ਵਿਚ ਜਹਾਨ ਖਾਂ ਦੁਰਾਨੀ ਦਾ ਸਾਮਨਾ ਲਾਹੌਰ ਦੇ ਪਾਸ ਫੇਰ ਸਿਖਾਂ ਨਾਲ ਹੋਇਆ ਅਰ ਇਸ ਵਿਚ ਭੀ ਜਿਤ ਸਿਖਾਂ ਦੀ ਹੀ ਹੋਈ ਅਰ ਮੁਸਲਮਾਨਾਂ ਨੂੰ ਬੁਰੀ ਤਰਾਂ ਹਾਰ ਹੋਈ।

ਸੰਮਤ ੧੮੧੯ ਬਿਃ ਵਿਚ ਚਾਲੀ ਹਜ਼ਾਰ ਗਿਣਤੀ ਦੀ ਫ਼ੌਜ ਲੈਕੇ ਅਠਵੀਂ ਵਾਰੀ ਅਹਿਮਦਸ਼ਾਹ ਫੇਰ ਆਯਾ। ਸਿਖ ਉਸਦੇ ਆਉਨ ਦੀ ਖਵਰ ਸੁਨਕੇ ਮਾਲਵੇ ਵਿਚ ਇਕਤ੍ਰ ਹੋਨ ਲਗੇ। ਅਹਿਮਦ ਸ਼ਾਹ ਦੇ ਨਾਲ ਭੰਗਨ ਖਾਂ ਅਰ ਜੈਨ ਖਾਂ ਭੀ ਸਨ। ਲੜਾਈ ਹੋਈ ਪਹਿਲੇ ਤਾਂ ਪਠਾਨਾਂ ਨੂੰ ਪਿਠ ਦਿਖਾਉਨੀ ਪਈ ਪ੍ਰੰਤੂ ਕਿਉਂਕਿ ਮੁਸਲਮਾਨ ਗਿਣਤੀ ਵਿਚ ਬਹੁਤੇ ਸਨ ਅੰਤ ਨੂੰ ਸਿਖਾਂ ਤੇ ਬੜੀ ਆਪਤਿ ਪ੍ਰਬਲ ਹੋਈ ਬਹੁਤ ਸਾਰੇ ਮਾਰੇ ਗਏ। ਸ੍ਰਦਾਰ ਜਸਾ ਸਿੰਘ ਆਹਲੂਵਾਲੀਆ ਜਸਾ ਸਿੰਘ ਰਾਮਗੜ੍ਹੀਆ ਉਨਾਂ ਨੂੰ ਧੀਰਜ ਦੇਂਦੇ ਰਹੇ। ਜਦੋਂ ਇਕ ਦੁਰਾਨੀ ਪਠਾਨ ਇਕ ਸਿਖ ਦਾ ਸਿਰ ਵਢੇ ਹੋਏ ਲਈ ਜਾ ਰਿਹਾ ਸੀ। ਸਰਦਾਰ ਜਸਾ-ਸਿੰਘ ਨੇ ਕਿਹਾ "ਹੇ ਅਹਿਮਦਸ਼ਾਹ! ਸਬਰ ਕਰ ਇਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵੇਲਾ ਸੂਰਮਤਾਈ ਦਿਖਾਉਨ ਦਾ ਹੈ, ਰਤੀ ਸਾਨੂੰ ਭੀ ਅਪਨੀ ਚਤੁਰਤਾਈ ਦਾ ਹਥ ਦਿਖਾਂਦਾ ਜਾ"। ਪ੍ਰੰਤੂ ਉਹ ਉਨਾਂ ਦੇ ਸਾਮਣੇ ਨਹੀਂ ਆਇਆ। ਇਹ ਲੜਾਈ ਐਨੀ ਭਯਾਨਕ ਹੋਈ ਕਿ ਦਸ ਬਾਰਾਂ ਹਜਾਰ ਸਿਖ ਦੁਰਾ- ਨੀਆਂ ਦੇ ਹਥੋਂ ਮਾਰੇ ਗਏ ਅੰਤ ਨੂੰ ਸਿਖ ਹਾਰ ਖਾਕੇ ਮਾਲਵੇ ਦੇਸ਼ ਨੂੰ ਚਲੇ ਗਏ । ਅਰ ਅਹਿਮਦ ਸ਼ਾਹ ਨੇ ਉਨਾਂ ਦਾ ਪਿਛਾ ਛਡ ਦਿਤਾ । ਉਸ ਵੇਲੇ ਜੋ ਸਿਖ ਮਾਰੇ ਗਏ ਸਨ ਉਨਾਂ ਦੇ ਸੀਸ ਦਿਲੀ ਦੇ ਬਾਹਰ ਮੁਨਾ ਰਿਆਂ ਦੇ ਕਲਸਾਂ ਤੇ ਟੰਗਕੇ ਸਜਾਏ ਗਏ ਸਨ।

ਸਿਖਾਂ ਨੂੰ ਹਾਰ ਦਕੇ ਦੁਰਾਨੀਆਂ ਨੇ ਦਰਬਾਰ ਸਾਹਿਬ ਨੂੰ ਢਾਹ ਦਿਤਾ ਇਥੋਂ ਤੀਕਰ ਕਿ ਇਸਦਾ ਨਾਉਂ ਨਿਸ਼ਾਨ ਤੀਕਰ ਬਾਕੀ ਨ ਛਡਿਆ ਉਸ ਵੇਲੇ ਜਦੋਂ ਕਿ ਸੁਰੰਗ ਉਡਾਈ ਜਾ ਰਹੀ ਸੀ ਇਕ ਇਟ ਉੱਡਕੇ ਆਪੇ ਹੀ ਅਹਿਮਦਸ਼ਾਹ ਦੇ ਨੱਕ ਤੇ ਲਗੀ ਅਰ ਉਹ ਬਹੁਤ ਚਿਰ ਤੀਕਰ ਬੀਮਾਰ ਰਿਹਾ ਅਰ ਫੇਰ ਕਾਬਲ ਨੂੰ ਮੁੜ ਗਿਆ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੀਜਾ ਅੰਕ

ਲੁਟ ਮਾਰ

--:--

ਅਹਿਮਦ ਸ਼ਾਹ ਅਜੇ ਕਠਨ ਹੀ ਝਨਾਂ ਦਰਯਾ ਤੋਂ ਪਾਰ ਹੋਯਾ ਹੋਵੇ ਗਾ ਕਿ ਸਿਖਾਂ ਨੇ ਫੇਰ ਪੰਜਾਬ ਤੇ ਆਪਨਾ ਸਿੱਕਾ ਬਿਠਾਉਨਾ ਆਰੰਭ ਕੀਤਾ। ਮਾਲੀਰ ਕੋਟਲਾ, ਸਰਹਿੰਦ, ਅੰਬਾਲਾ, ਜਗਾਧਰੀ, ਸਾਢੌਰਾ ਆਦਿਕ ਸਭ ਲੁਟ ਪੁਟ ਕੇ ਨਸ਼ਟ ਕਰ ਦਿਤੇ। ਬਾਗਾਂ ਵਾਲਾ ਗਰਾਂ ਸਭ ਤੋਂ ਪਹਿਲਾਂ ਮਲੀਆਮੇਟ ਕੀਤਾ। ਇਹ ਉਹ ਥਾਉਂ ਸੀ ਜਿੱਥੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਦੋ ਛੋਟੇ ਸਾਹਿਬਜ਼ਾਦੇ ਪਕੜੇ ਗਏ ਸਨ ਇਥੇ ਉਹ ਪਠਾਨ ਭੀ ਰਿਹਾ ਕਰਦੇ ਸਨ ਜਿਨਾਂ ਨੇ ਬਚੇ ਮਸੂਮਾਂ ਨੂੰ ਪਕੜ ਕੇ ਸਰਹਿੰਦ ਪੁਚਾਯਾ ਸੀ ਉਨਾਂ ਦੇ ਨਾਉਂ ਜੈਨ ਖਾਂ ਅਰ ਮਾਨੀ ਖਾਂ ਅਰ ਗੁਲ ਸ਼ੇਰ ਖਾਂ ਸੀ। ਸਿਖਾਂ ਨੇ ਉਨਾਂ ਨੂੰ ਪਕੜ ਕੇ ਜਿਸ ਤਰਾਂ ਚਾਹੀਦਾ ਸੀ ਡੰਨ ਦੇਕੇ ਅਰ ਭੁਰਾਂ ਤਰਾਂ ਦੇ ਕਸ਼ਟ ਦੇਕੇ ਜਾਨੋਂ ਮਾਰ ਸੁਟਿਆ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੰਮਤ ੧੮੧੦ ਬਿ: ਵਿਚ ਫੇਰ ਸਰਹਿੰਦ ਤੇ ਹੱਲਾ ਕੀਤਾ। ਪੁਰਸ਼ ਅਰ ਇਸਤ੍ਰੀਆਂ ਸਭ ਉਨਾਂ ਦੇ ਡਰ ਨਾਲ ਨਠ ਗਏ। ਅਰ ਸਰਹਿੰਦ ਦੀਆਂ ਕੰਧਾਂ ਦੀਆਂ ਇਟਾਂ ਨਾਲ ਇਟਾਂ ਠੋਕ ਦਿਤੀਆਂ। ਲੁਧਿਆਨਾ, ਪਟਿਆਲਾ ਆਦਿਕ ਸ਼ਹਿਰਾਂ ਦੇ ਜੋ ਸਰਹਿੰਦੀ ਮਹੱਲੇ ਕਹਾਉਂਦੇ ਹਨ। ਉਸੇ ਵੇਲੇ ਹੀ ਵਸੇ ਸਨ ਅਰ ਉਨਾਂ ਵਿਚ ਜੋ ਲੋਕ ਵਸਦੇ ਹਨ ਉਹ ਉਸੇ ਵੇਲੇ ਦੇ ਨਠੇ ਭਜੇ ਹੋਏ ਹਨ।

ਯਾਰ੍ਹਵਾਂ ਹੱਲਾ

ਸੰਮਤ ੧੮੧੨ ਬਿ: ਵਿਚ ਅਬਦਾਲੀ ਦਾ ਯਾਰ੍ਹਵਾਂ ਹੱਲਾ ਹੋਇਆ। ਏਸ ਵਾਰੀ ਭੀ ਅਹਿਮਦ ਸ਼ਾਹ ਨੇ ਸਿਖਾਂ ਦੇ ਨਾਉਂ ਨਿਸ਼ਾਨ ਮੇਟਨ ਵਿਚ ਕੋਈ ਕਸਰ ਬਾਕੀ ਨਾ ਰਖੀ। ਪ੍ਰੰਤੂ ਸਿਖਾਂ ਤੇ ਅਕਾਲ ਪੁਰਖ ਦੀ ਕ੍ਰਿਪਾ ਦ੍ਰਿਸ਼ਟੀ ਸੀ ਉਨਾਂ ਦਾ ਵਾਲ ਭੀ ਵਿੰਗਾ ਨਾ ਹੋ ਸਕਿਆ ਅੰਤ ਨੂੰ ਜਦੋਂ ਅਹਿਮਦ ਸ਼ਾਹ ਨੇ ਸਿਖਾਂ ਨੂੰ ਦੋ ਲਖ ਰੁਪਯੇ ਦੀ ਜਗੀਰ ਦੇਨੀ ਚਾਹੀ ਉਨਾਂ ਨੇ ਇਹ ਉਤਰ ਦੇ ਕੇ ਨਾਂਹ ਕਰ ਦਿਤੀ ਕਿ" ਜੇਕਰ ਗੁਰੂ ਦੀ ਨਜਰ ਸਵੱਲੀ ਹੈ ਤਾਂ ਅਸੀ ਤਲਵਾਰ ਦੀ ਸਹਾਇਤਾ ਨਾਲ ਆਪਨੇ ਦੇਸ਼ ਦੇ ਸ਼ਤ੍ਰੂਆਂ ਤੋਂ ਛੁਡਾਵਾਂ ਗੇ। ਹੋਰਨਾਂ ਤੋਂ ਕੁਝ ਨਹੀਂ ਲੈਨਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚਹੁੰਦੇ। ਉਸ ਉਤ੍ਰ ਤੋਂ ਦੁਰਾਨੀ ਪਾਤਸ਼ਾਹ ਪ੍ਰਸੰਨ ਹੋ ਗਿਆ ਅਰ ਫੇਰ ਆਪਨੇ ਦੇਸ਼ ਨੂੰ ਮੁੜ ਗਿਆ॥

ਸਿਖਾਂ ਦੀ ਮਾਲਕੀ ਦਾ ਆਰੰਭ

ਦੁਰਾਨੀ ਦੇ ਚਲੇ ਜਾਨ ਉਪ੍ਰੰਤ ਸਿਖਾਂ ਨੇ ਫੇਰ ਪੰਜਾਬ ਵਿਚ ਮਾਲਕੀ ਕਰਨੀ ਆਰੰਭ ਕੀਤੀ ਸੰਮਤ ੧੯੨੨ ਬਿ: ਨੂੰ ਲਾਹੌਰ ਉਨਾਂ ਦੇ ਹਥ ਆ ਗਿਆ ਅਰ ਸੰਮਤ ੧੯੨੫ ਬਿ: ਵਿਚ ਸ੍ਰੀ ਅੰਮ੍ਰਿਤਸਰ ਦਾ ਦਰਬਾਰ ਸਾਹਿਬ ਹਰੀਮੰਦਰ ਨਵੇਂ ਸਿਰੇ ਬਨਨਾ ਆਰੰਭ ਹੋਯਾ॥

ਇਕ ਦੂਸ਼ਨਾ

ਜਿਸ ਵੇਲੇ ਇਹ ਪਵਿਤ੍ਰ ਮੰਦਰ ਉਸਰ ਰਿਹਾ ਸੀ ਕਿ ਲੁਹਾਰੀ ਨਾਮੇ ਪਿੰਡ ਦਾ ਇਕ ਬ੍ਰਹਿਮਨ ਖ਼ਾਲਸਾ ਦੇ ਭਰੇ ਦਿਵਾਨ ਵਿਚ ਆਕੇ ਦੁਹਾਈ ਦੇਨ ਲਗਾ। ਪੁਛਨ ਤੋਂ ਪ੍ਰਗਟ ਹੋਇਆ ਕਿ ਸਯੱਦ ਮੁਹੰਮਦ ਖ਼ਾਂ ਮੁਸਲਮਾਨ ਨੇ ਉਸਦੀ ਕੰਨਯਾ ਨੂੰ ਖੋਹ ਕੇ ਆਪਨੇ ਘਰ ਪਾ ਲਿਆ ਸੀ ਅਰ ਕੋਈ ਉਸਦਾ ਸਹਾਇਕ ਨਹੀਂ ਰਿਹਾ ਸੀ ਭਾਵੇਂ ਸਿਖਾਂ ਨੂੰ ਹਰੀਮੰਦਰ ਦੀ ਉਸਾਰੀ ਤੋਂ ਰਤੀ ਭੀ ਵੇਹਲ ਨਹੀਂ ਸੀ ਪਰ ਬ੍ਰਹਿਮਨ ਨੇ ਇਸ ਪ੍ਰਕਾਰ ਰੋ ਰੋ ਕੇ ਆਪਨੀ ਸਿਰਬੀਤੀ ਸੁਨਾਈ ਕਿ ਉਨਾਂ ਨੂੰ ਉਸਦੀ ਸਹਾਇਤਾ ਕਰਨੀ ਹੀ ਪਈ। ਅਰ ਉਹ ਮੁਹੰਮਦ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਾਂ ਤੇ ਚੜ੍ਹ ਤੁਰੇ । ਰਸਤੇ ਵਿਚ ਅੰਬਾਲਾ ਸਹਾਰਨਪੁਰ
ਜ਼ਫਰਨਗਰ ਆਦਿਕ ਸ਼ਹਿਰਾਂ ਨੂੰ ਲੁਟਦੇ ਗਏ ਅਰ
ਹਾਰੀ ਪਹੁੰਚਕੇ ਉਸਨੂੰ ਨਸ਼ਟ ਕਰ ਦਿਤਾ ਅਰ ਮੁਹੰਮਦ
ਨੂੰ ਪਕੜ ਕੇ ਜਿਊਂਦੇ ਨੂੰ ਅਗ ਵਿਚ ਸਾੜ ਦਿਤਾ ।
ਕੁ ਬ੍ਰਹਿਮਣ ਤੇ ਇਕ ਹੋਰ ਨਵੀਂ ਆਪਤਿ ਆਈ
ਤ ਬਰਾਦਰੀ ਨੇ ਉਸਨੂੰ ਦੂਸ਼ਨਾ ਲਾਈ ਅਰ ਉਸਨੂੰ
ਰਾਦਰੀ ਵਿਚੋਂ ਛੇਕ ਦਿਤਾ। ਸਭ ਲੋਕਾਂ ਨੂੰ ਉਸ ਲੜਕੀ
ਹਥੋਂ ਖਾਨ ਪਾਨ ਕਰਨ ਤੋਂ ਨਾਂਹ ਸੀ । ਖ਼ਾਲਸਾ ਬਹਾ-
ਰ ਨੇ ਪਹਿਲਾਂ ਤਾਂ ਬਹੁਤ ਕੁਝ ਕਿਹਾ ਸਮਝਾਯਾ।
ਨੂੰ ਜਦੋਂ ਬਾਹਮਣਾਂ ਨੇ ਕੁਝ ਨ ਸੁਣਿਆ ਤਾਂ ਉਨਾਂ ਤਲ-
ਰਾਂ ਧੂਹ ਲਈਆਂ ਅਰ ਕਿਹਾ ਕਿ ਉਸਦੇ ਹਥੋਂ ਖਾਨ
ਨ ਕਰੋ ਨਹੀਂ ਤਾਂ ਹੁਣੇ ਹੀ ਸਾਰਿਆਂ ਨੂੰ ਮੌਤ ਦੇ ਘਾਟ
ਤਾਰ ਦਿਆਂ ਗੇ। ਤਦ ਤਾਂ ਉਨਾਂ ਨੂੰ ਹੋਸ਼ ਆ ਗਈ
ਰ ਬੇਵਸ ਸਭਨੂੰ ਉਨਾਂ ਦੇ ਹਥੋਂ ਖਾਨਾ ਪਿਆ ਅਰ
ਕ ਭੀ ਕਬੂਲਿਆ॥

ਲੁਹਾਰੀ ਤੋਂ ਚਲਕੇ ਸਿਖਾਂ ਨੇ ਸ਼ਹਿਰ ਮੇਰਠ
ਲ, ਮੁਰਾਦਾ ਬਾਦ, ਚੰਦੋਸੀ, ਕਾਸਗੰਜ, ਖ੍ਵਾਜਾ
ਲੀ ਗੜ੍ਹ ਆਦਿਕ ਨੂੰ ਲੁਟਿਆ । ਇਸ ਲੁਟ ਵਿਚ
ਲ ਚਾਰ ਲਖ ਰੁਪਯਾ ਹਥ ਆਇਆ ਫੇਰ ਦਿਲੀ,
ਨਾਲ ਪਾਨੀਪਤ ਆਦਿਕ ਨੂੰ ਨਸ਼ਟ ਕਰਕੇ ਚੰਗੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਰਾਂ ਲੁਟਿਆ। ਅਰ ਜੋ ਕੁਛ ਰੁਪਯਾ ਆਦਿਕ ਲੁਟ ਦਾ ਸਭ ਆਯਾ ਦਿਵਾਨ ਦੇਸਰਾਜ ਖਤ੍ਰੀ ਨੂੰ ਹਰੀਮੰਦਰ ਦੀ ਉਸਾਰੀ ਲਈ ਦੇ ਦਿਤਾ॥

ਬਾਰਾ ਮਿਸਲਾਂ ਧਾ ਸੂਬੇ

ਜਦੋਂ ਸਿਖਾਂ ਦੇ ਰਾਜ ਭਾਗ ਦੀ ਉਨਤੀ ਹੋਨ ਲਗੀ ਉਨਾਂ ਨੇ ਪੰਜਾਬ ਦੇ ਬਾਰਾਂ ਭਾਗ ਕਰ ਲਏ ਅਰ ਉਸਦਾ ਪ੍ਰਬੰਧ ਖ਼ਾਲਸਾ ਭਰਾਵਾਂ ਦੇ ਹਵਾਲੇ ਕੀਤਾ।

ਇਸ ਪ੍ਰਕਾਰ ਸਾਰੇ ਪੰਜਾਬ ਵਿਚ ਸਿਖਾਂ ਦੀ ਰਾਜਧਾਨੀ ਪ੍ਰਗਟ ਹੋਗਈ। ਇਸ ਪਾਸੇ ਸਿਖ ਪੰਜਾਬ ਤੇ ਜਰਵਾਨ ਹੋਏ। ਉਧਰ ਅਹਿਮਦ ਸ਼ਾਹ ਦੁਰਾਨੀ ਦੀ ਮੌਤ ਹੋਈ। ਸੰਮਤ ੧੯੨੫ ਬਿ: ਵਿਚ ਸ਼ਾਹਜ਼ਾਦਾ ਤੈਮੂਰ ਦੀ ਵਲੋਂ ਸਿਖਾਂ ਤੇ ਕਾਬਲ ਦੀ ਵਲੋਂ ਚੜ੍ਹਾਈ ਹੋਈ ਸਿਖ ਹਾਰ ਗਏ। ਅਰ ਕੁਛ ਦਿਨਾਂ ਲਈ ਲਾਹੌਰ ਤੈਮੂਰ ਸ਼ਾਹ ਦੇ ਅਧੀਨ ਹੋ ਗਿਆ। ਪ੍ਰੰਤੂ ਤਿੰਨਾਂ ਮਹੀਨਿਆਂ ਤੀਕਰ ਹਰ ਥਾਂ ਲੁਟ ਮਾਰ ਹੀ ਹੁੰਦੀ ਰਹੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੁਰਾਨੀਆਂ ਨੇ ਹਜ਼ਾਰਾਂ ਜਤਨ ਕੀਤੇ ਕਿ ਪੰਜਾਬ ਵਿਚ ਅਮਨ ਅਮਾਨ ਹੋ ਜਾਏ ਪ੍ਰੰਤੂ ਬਿਲਕੁਲ ਬਿਅਰਥ ਅੰਤ ਨੂੰ ਉਹ ਘਬਰਾ ਕੇ ਚਲੇ ਗਏ ਅਰ ਆਪਨਾ ਸਾਰਾ ਪ੍ਰਬੰਧਕ ਡੇਰਾ ਡੰਡਾ ਇਥੋਂ ਚੁਕ ਲਿਆ, ਤੈਮੂਰ ਸ਼ਾਹ ਦੀ ਫੌਜ ਦਾ ਸਿਖਾਂ ਨੇ ਅਟਕ ਦਰਯਾ ਤੀਕਰ ਪਿਛਾ ਕੀਤਾ ਸੀ।

ਸੰਮਤ ੧੯੨੯ ਬਿ: ਵਿਚ ਜ਼ਮਾਨ ਸ਼ਾਹ ਨੂੰ ਕ਼ਾਬਲ ਦਾ ਤਖ਼ਤ ਮਿਲਿਆ। ਸੰਮਤ ੧੯੩੧ ਬਿ: ਵਿਚ ਉਹ ਨਵੀਨ ਜਿਤਾਂ ਦੇ ਵਿਚਾਰ ਨਾਲ ਹਿੰਦੁਸਤਾਨ ਦੀ ਵਲ ਹੱਲਾ ਕਰਨ ਨੂੰ ਆਇਆ। ਉਸਦੇ ਆਉਂਦਿਆਂ ਹੀ ਪੰਜਾਬ ਵਿਚ ਲੁਟ ਮਾਰ ਮਚ ਗਈ ਉਸਨੇ ਸਿਖਾਂ ਨੂੰ ਬੇ ਮਾਲਕ ਕਰਕੇ ਥਾਂ ਨਠਾ ਦਿਤਾ। ਪ੍ਰੰਤੂ ਜਦ ਗੁਜਰਾਤ ਦੇ ਨੇੜੇ ਪਹੁੰਚਾ। ਸਿਖ ਅਕਠੇ ਹੋ ਗਏ ਉਸਵੇਲੇ ਸਿਖਾਂ ਨੇ ਜਿਸ ਸੂਰਮਤਾਈ ਅਰ ਦਲੇਰੀ ਨਾਲ ਉਨਾਂ ਦਾ ਸਾਮਨਾ ਕੀਤਾ ਉਹੀ ਜਾਨਦੇ ਹੋਨਗੇ ਮੁਸਲਮਾਨ ਗਿਦੜਾਂ ਵਾਕੂ ਨਠ ਭਜੇ ਅਰ ਸਿਖ ਪੰਜਾਬ ਤੇ ਜੀਤਵਾਨ ਹੋਕੇ ਰਾਜ ਕਰਨ ਲਗੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼ਾਹ ਜ਼ਮਾਨ

ਸੰਮਤ ੧੯੨੩ ਬਿ: ਵਿਚ ਫੇਰ ਸ਼ਾਹਜ਼ਮਾਨ ਨੇ ਪੰਜਾਬ ਉਤੇ ਚੜ੍ਹਾਈ ਕੀਤੀ ਭਾਵੇਂ ਸਿਖ ਹਾਰ ਜ਼ਰੂਰ ਗਏ ਪਰ ਸਾਹਜ਼ਮਾਨ ਨੂੰ ਭੀ ਪਤਾ ਲਗ ਗਿਆ ਕਿ ਪੰਜਾਬ ਵਿਚ ਕਿਸੇ ਪ੍ਰਕਾਰ ਮੇਰਾ ਰਾਜ ਨਹੀਂ ਹੋ ਸਕਦਾ ਅੰਤ ਨੂੰ ਉਹ ਬਹੁਤ ਭਾਰੀ ਨੁਕਸਾਨ ਉਠਾ ਕੇ ਕਾਬਲ ਦੀ ਵਲ ਮੁੜ ਗਿਆ ਅਰ ਸਿਖ ਉਸੇ ਪ੍ਰਕਾਰ ਹੀ ਰਾਜ ਕਰਨ ਲਗੇ ॥

ਪੰਜਾਬ ਦਾ ਰਾਜ

ਇਸਦੇ ਉਪ੍ਰੰਤ ਅਕਾਲ ਪੁਰਖ ਦੀ ਕ੍ਰਿਪਾ ਨਾਲ ਸਿਖ ਦਿਨੋਂ ਦਿਨ ਉਨਤੀ ਕਰਦੇ ਗਏ ਅਰ ਸਾਰੇ ਪੰਜਾਬ ਨੂੰ ਦੂਜੀਆਂ ਕੌਮਾਂ ਦੇ ਹਥੋਂ ਉਨਾਂ ਦੇ ਬੰਧਨ ਤੁੜਾ ਦਿਤੇ। ਅਰ ਨਿਰਭੈ ਹੋਕੇ ਰਾਜ ਕਰਨ ਲਗੇ॥

ਇਸ ਪੰਜਾਬੀ ਸੂਤਮੇ ਦੇ ਦੋਹਾਂ ਭਾਗਾਂ ਦਾ ਉਰਦੂ ਤੋਂ ਗੁਰਮੁਖੀ ਵਿਚ ਉਲਥਾ ਸ੍ਰੀ ਮਾਨ ਭਾਈ ਅਰੂੜ ਸਿੰਘ ਜੀ ਤਾਇਬ (ਸਨਦ ਪ੍ਰਾਪਤ, ਪੰਜਾਬ ਯੂਨੀ ਵਰਸਿਟੀ, ਲਾਹੌਰ) ਨੇ ਬੜੇ ਜਤਨ ਅਤੇ ਪ੍ਰੇਮ ਨਾਲ ਕੀਤਾ ॥

CC-0. In Public Domain. Gurukul Kangri Collection, Haridwar

ਇਕ ਨਜ਼ਰ ਐਧਰ ਭੀ

Digitized by Arya Samaj Foundation Chennai and eGangotri

ਨੀਵੇਂ ਨ ਲਿਖਿਤ ਪੁਸਤਕੇਂ ਇਸਤ੍ਰੀ, ਪੁਰਖੋਂ, ਬਾਲਕ ਬਾਲਕਾਓਂ ਕੇ ਲਿਏ ਅਤਯੰਤ ਹਿਤਕਰ, ਰੋਚਕ ਔਰ ਸ਼ਿਖਯਾ ਪ੍ਰਦ ਹੈਂ। ਸਰਬ ਸਾਧਾਰਣ ਕੇ ਹਿਤਾਰਥ ਮੂਲਯ ਭੀ ਥੋੜਾ ਰਖਾ ਗਯਾ ਹੈ ਪੰਜਾਬੀ ਭਾਸ਼ਾ ਕੇ ਪ੍ਰੇਮੀ ਇਨਹੇਂ ਅਵਸ਼ ਪੜ੍ਹੇਂ

	ਅਸਲੀ	ਰਿਐਤੀ
ਹਮਾਰੀ ਮਾਤਾਏਂ	।।≡)	।≡)
ਸਚੀ ਦੇਵਿਯਾ	।≡)	।)
ਭਾਰਤ ਕੀ ਵੀਰਾਂਗਨਾ ਔਰ		
ਵਿਦੁਖੀ ਇਸਤ੍ਰੀਆਂ ਪ੍ਰਥਮ ਭਾਗ	।≡)	।-)
ਇਸਤ੍ਰੀ ਧਰਮ ਪ੍ਰਕਾਸ਼	।-)	।-)
ਸੀਤਾ ਚਰਿਤ੍ਰ ਚਾਰੋਂ ਭਾਗ	१।)	१≡)
ਸੀਤਾ ਚਰਿਤ੍ਰ ਪਾਂਚੋਂ ਭਾਗ	१।।)	१।।)
ਨਾਰੀ ਸੁਦਸ਼ ਪ੍ਰਵਰਤਕ ਚਾਰੋਂ ਭਾਗ	१-)	।।।≡)
ਨਾਰੀ ਭੂਖਣ	।≡)	।-)
ਨਾਰੀ ਰੋਗ ਦਰਪਣ	≡)	≡)
ਨਾਰਾਯਣੀ ਸ਼ਿਖਯਾ	१।)	१≡)
ਪਦ੍ਰ ਕੌਮੁਦੀ	।।)	।।)
ਗੁਰੂ ਪ੍ਰਬੰਧ	।≡)	।।≡)
ਰੰਜੀਨਾ ਭਜਨ	।≡)	।≡)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਤਿਆਰਥ ਪ੍ਰਕਾਸ਼ ਅਸਲੀ	੧।।)	ਰਿਐਤੀ ੧)
ਭਜਨ ਆਨੰਦ ਸਾਗਰ	-)।	-)।
ਸੰਸਕਾਰ ਵਿਧਿ	।।)	।≡)
ਭੀਖਮਪਿਤਾਮਹਕਾਜੀਵਨਚਰਿਤ੍ਰ	।)	।)
ਮੂਰਤਿ ਪੂਜਾ	।।)	।≡)
ਸ਼ੰਕਰਾਚਾਰਯਕਾ ਜੀਵਨਚਰਿਤ੍ਰ	।।)	।≡)
ਅਸ਼੍ਰੁਤੁਰਯਥ	≡)	≡)।।
ਸਨਾਤਨ ਧਰਮ ਪ੍ਰਕਾਸ਼	≡)	-)।।
ਇਸਤ੍ਰੀ ਧਰਮ ਨੀਤਿ	੧)	।।।≡)
ਦਰਿਦ ਸੇ ਸ਼ਯ	।)	।)
ਇਸਤ੍ਰਿਯੋਂ ਕਾ ਦਾਨ	।)	।)
ਪਾਠਸ਼ਾਲਾ ਕੀ ਕੰਨਯਾ	।≡)	।≡)
ਸੁਬੋਧ ਕਨਯਾ	≡)।।	≡)।।
ਸਵਿਤ੍ਰੀ ਨਾਟਕ	।≡)	।≡)
ਬਾਲਾ ਵਿਨਯ	-)	-)

ਪੁਸਤਕੋਂ ਕੇ ਮਿਲਨੇ ਕਾ ਪਤਾ:—

ਰਾਮਦਿਤਾ ਮਲ ਕਮੀਸ਼ਨ ਏਜੰਟ

ਭਾਰਤ ਲਿਟ੍ਰੇਚਰ ਕੰਪਨੀ

ਲਿਮਿਟਿਡ ਲਾਹੌਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar